ੴ ਸਤਿਗੁਰ ਪ੍ਰਸਾਦਿ॥

# ਜਪੁ ਜੀ ਸਾਹਿਬ
# ਅਰਥ ਅਤੇ ਸਿੱਖਿਆਵਾਂ

ਭਾਈ ਵੀਰ ਸਿੰਘ ਅਕੈਡਮੀ
ਜਲੰਧਰ

# ਭਾਈ ਵੀਰ ਸਿੰਘ ਅਕੈਡਮੀ ਦੇ ਸੰਸਥਾਪਕ

## 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ ਖੰਨੇ ਵਾਲਿਆਂ ਦੇ



# ਅਨਮੋਲ ਬਚਨ

- ਅੱਜ ਸਾਰਾ ਜਗਤ ਸ਼ਬਦ ਨੂੰ ਛੱਡ ਸ਼ਰੀਰਾਂ ਨਾਲ ਜੁੜ ਰਿਹਾ ਹੈ, ਪਰ ਗੁਰ ਸ਼ਬਦ ਦੀ ਟੇਕ ਤੋਂ ਬਗੈਰ ਢੋਈ ਨਹੀਂ।
- 'ਹੁਕਮ' ਕਹਿਣਾ ਅਤੇ ਸੁਣਨਾ ਸੌਖਾ ਹੈ, ਪਰ ਮੰਨਣਾ ਅਤਿ ਮੁਸ਼ਕਿਲ ਹੈ। ਮੰਨਣ ਵਾਲੇ ਹੀ ਗੁਰੂ ਦੀ ਕ੍ਰਿਪਾ ਦੇ ਪਾਤਰ ਬਣਦੇ ਹਨ।
- ਦੁੱਖ ਅਤੇ ਸੁੱਖ ਕਰਮਾਂ ਕਰਕੇ ਮਿਲਦੇ ਹਨ ਪਰ ਗੁਰਮੁੱਖ ਦੁੱਖ ਨੂੰ ਵੀ ਰਜ਼ਾ ਦਾ ਰੂਪ ਮੰਨ ਕੇ ਸੁੱਖ ਅਨੁਭਵ ਕਰਦਾ ਹੈ।
- ਦਾਤਾਂ ਮਾਣੋ ਪਰ ਜੁੜੋ ਦਾਤਾਰ ਨਾਲ।
- ਚਿੰਤਾ ਨਾ ਕਰ, ਚੇਤੇ ਕਰ ਸਾਂਈ ਨੂੰ, ਚਿੰਤਾ ਮਿਟ ਜਾਵੇਗੀ।
- ਗੁਰੂ ਕਰੇ ਤੁਹਾਡੀ ਗੁਰੂ ਨਾਲ ਬਣ ਆਵੇ।
- ਹਉਮੈ ਦਾ ਮਿਟਣਾ ਹੀ ਰੱਬ ਦਾ ਮਿਲਾਪ ਹੈ।
- ਜੋ ਮਨ ਤੋਂ ਨਾ ਹਾਰੇ ਉਹ ਕਿਸੇ ਤੋਂ ਨਹੀਂ ਹਾਰਦਾ।
- ਰੱਬਾ! ਤੇਰੇ ਪਿਆਰ ਦੀ ਕਸਮ, ਮੈਂ ਜੀਉਂਦਾ ਹੀ ਤੇਰੇ ਪਿਆਰ ਲਈ ਹਾਂ।
- ਸਦੀਵੀਂ ਮੌਜ ਕੇਵਲ ਗੁਰੂ ਦੀ ਚਰਨ ਸ਼ਰਨ ਵਿਚ ਹੀ ਹੈ।
- ਜੋ ਸਿੱਖ ਗੁਰੂ ਦੀ ਸਿੱਖਿਆ ਦੇ ਸ਼ੀਸ਼ੇ ਵਿਚੋਂ ਆਪਣਾ ਸਰੂਪ ਤੱਕੇ, ਉਹ ਨਿਰਮਲ ਆਤਮਾ ਹੈ।
- ਹੇ ਰੱਬਾ! ਭੁਲਿਆ ਸਦਾ ਮੈਂ ਹੀ ਹਾਂ, ਤੂੰ ਕਦੇ ਨਹੀਂ ਭੁਲਿਆ।
- ਤੈਥੋਂ ਰੱਬ ਦੂਰ ਨਹੀਂ, ਜ਼ਰਾ ਗੁਰੂ ਦੀਆਂ ਅੱਖਾਂ ਨਾਲ ਵੇਖ।
- ਗੁਰ ਪ੍ਰਸਾਦਿ ਵਰਤਦਿਆਂ ਹੀ ਤੇਰੇ ਤੇ ਪਰਮੇਸ਼ਰ 'ਚ ਵਿੱਥ ਖ਼ਤਮ ਹੋ ਜਾਏਗੀ।
- ਆਪਣੇ ਕੀਤੇ ਹੋਏ ਗੁਨਾਹਾਂ ਨੂੰ ਪਸ਼ਚਾਤਾਪ ਦੇ ਹੰਝੂਆਂ ਨਾਲ ਧੋ ਲਵੋ।
- ਬੰਦੇ, ਜੇ ਤੂੰ ਆਪਣੇ ਪ੍ਰਾਣ ਬਚਾਉਣੇ ਚਾਹੁੰਦਾ ਹੈ ਤਾਂ ਗੁਰਬਾਣੀ ਨੂੰ ਕਦੇ ਨਾ ਭੁਲੀਂ।
- ਮੈਂ ਸਮਝ ਗਿਆ, ਤੇਰੀ ਯਾਦ ਹੀ ਤੇਰਾ ਆਸਣ ਹੈ।
- ਵਾਹਿਗੁਰੂ, ਤੇਰਾ ਹਰ ਬੋਲ ਮੁਰਦਿਆਂ ਵਿਚ ਜਾਨ ਪਾ ਦੇਣ ਵਾਲਾ ਹੈ।
- ਸੱਚ ਸੁਣਨ ਸਮੇਂ ਕੇਵਲ ਸੱਚ ਹੀ ਸੁਣਨਾ।
- ਦਾਤਾਂ ਪਰਮੇਸ਼ਰ ਦੀਆਂ ਨਿਸ਼ਾਨੀਆਂ ਹਨ। ਨਿਸ਼ਾਨੀਆਂ ਨੂੰ ਦੇਖ ਕੇ ਪਰਮੇਸ਼ਰ ਨਾਲ ਜੁੜਨਾ ਕਰੀਏ।
- ਜੋ ਰਾਮ ਨੂੰ ਰਮਿਆ ਹੋਇਆ ਜਾਣ ਕਰ ਉਸ ਨੂੰ ਯਾਦ ਕਰਦਾ ਹੈ, ਉਹ ਉਸ ਵਿਚ ਹੀ ਰਮ ਜਾਂਦਾ ਹੈ (ਸਮਾਂ ਜਾਂਦਾ ਹੈ)।
- ਉੱਚੇ ਤੇ ਸੁੱਚੇ ਈਮਾਨ ਵਾਲਾ ਮਨੁੱਖ ਜੇ ਆਪਣੇ ਆਕੀਦੇ ਤੇ ਕਾਇਮ ਰਹੇ ਤਾਂ ਉਹ ਪੂਰਾ ਮਨੁੱਖ ਹੈ।
- ਇਕ ਵਾਰ ਰੱਬ ਮਿਲ ਪਵੇ, ਫਿਰ ਕਦੇ ਵਿਛੋੜਾ ਨਹੀਂ ਹੁੰਦਾ।
- ਗੁਰਬਾਣੀ ਹੀ ਗੁਰੂ ਹੈ, ਗੁਰੂ ਹੀ ਪਰਮਾਤਮਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਹੋਰ ਰੱਬ ਲੱਭਣ ਨਾ ਤੁਰ ਪੈਣਾ।

ੴ ਸਤਿਗੁਰ ਪ੍ਰਸਾਦਿ॥

# ਜਪੁ ਜੀ ਸਾਹਿਬ
# ਅਰਥ ਅਤੇ ਸਿੱਖਿਆਵਾਂ

ਭਾਈ ਵੀਰ ਸਿੰਘ ਅਕੈਡਮੀ
ਜਲੰਧਰ

# ‘ਜਪੁ ਜੀ ਸਾਹਿਬ – ਅਰਥ ਅਤੇ ਸਿੱਖਿਆਵਾਂ’

© ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।



ਪਹਿਲਾ ਸੰਸਕਰਣ : ੨੦੧੭

ਭੇਟਾ : ੨੫ ਰੁਪਏ

ਪ੍ਰਕਾਸ਼ਕ : ਭਾਈ ਵੀਰ ਸਿੰਘ ਅਕੈਡਮੀ
9-ਏ, ਲਿੰਕ ਕਲੋਨੀ, ਜਲੰਧਰ।
93572-04756, 98721-23452,
98889-27279

ਛਾਪਕ : ਛਾਬੜਾ ਪ੍ਰਿੰਟਰਜ਼, ਜਲੰਧਰ।

**Website : bhaiveersinghacademy.com**
**E-mail : bvsajal@yahoo.com**

ੴ ਸਤਿਗੁਰ ਪ੍ਰਸਾਦਿ

ਪੂਜਾ ਅਕਾਲ ਕੀ　　ਪਰਚਾ ਸ਼ਬਦ ਕਾ　　ਦੀਦਾਰ ਖਾਲਸਾ ਕਾ

# ਅਕਾਲ ਆਸ਼ਰਮ

ਗੁਰਦੁਆਰਾ ਗੁਰ ਸ਼ਬਦ ਪ੍ਰਕਾਸ਼ ਸੁਹਾਣਾ (ਮੁਹਾਲੀ)

ਮਿਤੀ :- ੩੧/੧੦/੨੦੧੭

## ਦੋ ਸ਼ਬਦ



'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ, ਖੰਨੇ ਵਾਲਿਆਂ ਵਲੋਂ ਅਰੰਭੀ ਸੰਸਥਾ ਭਾਈ ਵੀਰ ਸਿੰਘ ਅਕੈਡਮੀ ਵਿਚ ਜਿਥੇ ਸ੍ਰ. ਜੋਗਿੰਦਰ ਪਾਲ ਸਿੰਘ ਜੀ ਲੰਬੇ ਸਮੇਂ ਤੋਂ ਅਧਿਆਪਕ ਦੀ ਸੇਵਾ ਨਿਭਾ ਰਹੇ ਹਨ, ਉਥੇ ਉਨ੍ਹਾਂ ਵਲੋਂ ਲਿਖੀ ਗਈ ਇਹ ਪੁਸਤਕ 'ਜਪੁ ਜੀ ਸਾਹਿਬ - ਅਰਥ ਅਤੇ ਸਿੱਖਿਆਵਾਂ' ਇਕ ਸ਼ਲਾਘਾਯੋਗ ਉਪਰਾਲਾ ਹੈ ।

ਇਸ ਪੁਸਤਕ ਵਿਚ ਪਵਿਤਰ ਬਾਣੀ 'ਜਪੁ ਜੀ ਸਾਹਿਬ' ਦੇ ਅਰਥਾਂ ਸਮੇਤ ਲਿਖੀਆਂ ਪਉੜੀਆਂ ਤੇ ਸਲੋਕਾਂ ਵਿਚ ਵਿਦਿਆਰਥੀਆਂ ਲਈ ਸਿੱਖਿਆਵਾਂ ਦਾ ਵਰਣਨ ਬਹੁਤ ਹੀ ਸੂਝਵਾਨਤਾ ਨਾਲ ਕੀਤਾ ਗਿਆ ਹੈ । ਮੈਨੂੰ ਆਸ ਹੈ ਕਿ ਜਿਥੇ ਇਹ ਪੁਸਤਕ ਭਾਈ ਵੀਰ ਸਿੰਘ ਅਕੈਡਮੀ ਦੇ ਵਿਦਿਆਰਥੀਆਂ ਲਈ ਲਾਭਦਾਇਕ ਸਾਬਤ ਹੋਏਗੀ, ਉਥੇ ਸਿਖ ਜਗਤ ਦੇ ਹੋਰ ਬੱਚੇ ਵੀ ਇਸ ਦਾ ਲਾਭ ਉਠਾ ਕੇ ਪਵਿਤਰ ਬਾਣੀ ਨਾਲ ਜੁੜ ਸਕਣਗੇ ।

ਮੇਰੀ ਅਰਦਾਸ ਹੈ ਕਿ ਸਤਿਗੁਰੂ ਭਾਈ ਜੋਗਿੰਦਰ ਪਾਲ ਸਿੰਘ ਜੀ ਨੂੰ ਸੇਹਤਯਾਬੀ, ਚੜ੍ਹਦੀ ਕਲਾ ਤੇ ਵਧੇਰੇ ਉੱਦਮ ਬਖਸ਼ਸ਼ ਕਰਨ ਤਾਂ ਜੋ ਆਉਣ ਵਾਲੇ ਸਮੇਂ ਵਿਚ ਆਪ ਗੁਰਸਿਖ ਬਚਿਆਂ ਲਈ ਇਹੋ ਜਿਹੇ ਹੋਰ ਸ਼ਲਾਘਾਯੋਗ ਉੱਦਮ ਕਰ ਸਕਣ ।

ਗੁਰੂ ਘਰ ਦਾ ਸੇਵਾਦਾਰ,

(ਦਵਿੰਦਰ ਸਿੰਘ ਖਾਲਸਾ)

## ੧ੴ ਸਤਿਗੁਰ ਪ੍ਰਸਾਦਿ॥

**"ਜਿਸ ਕਾ ਕਾਰਜੁ ਤਿਨ ਹੀ ਕੀਆ
ਮਾਣਸੁ ਕਿਆ ਵੇਚਾਰਾ ਰਾਮ॥"**

**"ਜਿਹਵਾ ਏਕ ਕਵਨ ਗੁਨ ਕਹੀਐ॥
ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ॥"**



ਕਿਸ ਤਰ੍ਹਾਂ ਧੰਨਵਾਦ ਕਰਾਂ ਆਪਣੇ ਦੀਨ ਦਿਆਲੂ, ਕ੍ਰਿਪਾਲੂ, ਕਰੁਣਾਮਯ, ਪਤਿਤ ਪਾਵਨ, ਸਰਬ ਗੁਣਾਂ ਭਰਪੂਰ, ਖੰਡਾਂ ਬ੍ਰਹਮੰਡਾਂ ਦੇ ਮਾਲਕ, ਨਿਰੰਕਾਰੀ ਜੋਤਿ, ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਿਨ੍ਹਾਂ ਨੇ ਆਪ ਦਇਆ ਦੇ ਘਰ ਵਿਚ ਆ ਕੇ **"ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ॥"** ਵਾਲੀ ਪੰਕਤੀ ਅਨੁਸਾਰ ਇਹ ਸੇਵਾ ਦਾਸ ਕੋਲੋਂ ਤਰੁੱਠ ਕੇ ਕਰਵਾਈ ਹੈ। ਦਾਸ ਸੱਚੇ ਪਾਤਸ਼ਾਹ ਜੀ ਦਾ ਜਿੰਨਾ ਸ਼ੁਕਰਾਨਾ ਕਰ ਲਵੇ ਓਨਾ ਹੀ ਥੋੜ੍ਹਾ ਹੈ।

ਇਸ ਕਿਤਾਬ ਨੇ ਅਧੂਰੀ ਦੀ ਅਧੂਰੀ ਹੀ ਰਹਿ ਜਾਣਾ ਸੀ ਜੇਕਰ ਇਸ ਨੂੰ ਪੂਰਾ ਕਰਨ ਲਈ ਦਾਸ ਨੂੰ ਸੇਧਾਂ ਅਤੇ ਸਹਿਯੋਗ ਨਾ ਮਿਲਦਾ ਗੁਰਮੁਖ ਪਿਆਰਿਆਂ ਤੋਂ। ਕਿਨ੍ਹਾਂ ਕਿਨ੍ਹਾਂ ਦਾ ਨਾਮ ਲਵਾਂ - ਨਹੀਂ ਲਿਆ ਜਾ ਸਕਦਾ। ਪਰ ਸ. ਹਰਬੰਸ ਸਿੰਘ ਜੀ ਐਡਵੋਕੇਟ ਦੇ ਨਾਮ ਲਏ ਤੋਂ ਬਿਨਾਂ ਦਾਸ ਨਹੀ ਰਹਿ ਸਕਦਾ ਜਿਨ੍ਹਾਂ ਦੀਆਂ ਅਮੁੱਲੀਆਂ ਅਤੇ ਸੁਚੱਜੀਆਂ ਸੇਧਾਂ ਨੇ ਇਸ ਕਾਰਜ ਨੂੰ ਨੇਪਰੇ ਚੜ੍ਹਾਇਆ। ਦਾਸ ਸ. ਹਰਜੀਤ ਸਿੰਘ ਜੀ, ਸੰਪਾਦਕ ਸਿੱਖ ਫੁਲਵਾੜੀ ਅਤੇ ਬਾਕੀ ਸਾਰੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦੀ ਹੈ ਅਤੇ ਸਭ ਦਾ ਰਿਣੀ ਹੈ। ਸਤਿਗੁਰ ਜੀ ਦੇ ਅਗੇ ਸਭ ਦੀ ਚੜ੍ਹਦੀ ਕਲਾ ਲਈ ਅਤੇ ਸਫਲ ਜੀਵਨ ਲਈ ਅਰਦਾਸ ਹੈ।

ਜਪੁ ਜੀ ਸਾਹਿਬ ਦੀਆਂ ਸਿੱਖਿਆਵਾਂ ਤਾਂ ਬੇਅੰਤ ਹਨ ਜਿਨ੍ਹਾਂ ਦਾ ਵਰਨਣ ਕਿਸੇ ਵੀ ਦੁਨਿਆਵੀ ਜੀਵ ਲਈ ਕਰ ਪਾਉਣਾ ਸੰਭਵ ਨਹੀਂ ਪਰ ਜਿੰਨੀ ਸਤਿਗੁਰ ਜੀ ਨੇ ਸੋਝੀ ਬਖਸ਼ੀ ਉਤਨਾ ਹੀ ਲਿਖਿਆ ਜਾ ਸਕਿਆ ਹੈ। ਉਮੀਦ ਹੈ ਕਿ ਸਿੱਖ ਸੰਗਤ ਇਸ ਨੂੰ ਪ੍ਰਵਾਨ ਕਰੇਗੀ। **"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥"** ਕਿਤਾਬ ਵਿਚ ਹੋਈਆਂ ਬੇਅੰਤ ਭੁੱਲਾਂ ਲਈ ਦਾਸ ਖਿਮਾਂ ਦਾ ਯਾਚਕ ਹੈ। ਗੁਰੂ ਮਹਾਰਾਜ ਤੇ ਗੁਰੂ ਕੀ ਸੰਗਤ ਬਖਸ਼ਣਯੋਗ ਹੈ ਅਤੇ ਬਖਸ਼ ਲੈਣਾ ਜੀ।

ਮਿਤੀ - ੩੦-੧੦-੨੦੧੭

ਦਾਸਰਾ


(ਜੋਗਿੰਦਰ ਪਾਲ ਸਿੰਘ)
98889-27279

# ਜਪੁ ਜੀ ਸਾਹਿਬ ਅਤੇ ਸਾਡਾ ਜੀਵਨ

ਕਾਫ਼ੀ ਸਾਲ ਪਹਿਲੇ ਦੀ ਗੱਲ ਹੈ ਕਿ ਦਾਸ ਅਤੇ ਦਾਸ ਦੇ ਸਾਥੀ, 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ, ਖੰਨੇ ਵਾਲਿਆਂ ਜਿਨ੍ਹਾਂ ਨੂੰ ਸਾਰਾ ਜਗਤ 'ਵੀਰ ਜੀ' ਦੇ ਨਾਮ ਨਾਲ ਜਾਣਦਾ ਹੈ, ਨੂੰ ਮਿਲਣ ਗਏ। ਗੱਲਬਾਤ ਦੇ ਦੌਰਾਨ 'ਵੀਰ ਜੀ' ਨੇ ਸਾਨੂੰ ਪ੍ਰਸ਼ਨ ਪੁੱਛਿਆ ਕਿ **"ਕੀ ਤੁਸੀਂ ਦੱਸ ਸਕਦੇ ਹੋ ਕਿ ਅਸੀਂ ਇੰਨੇ ਇੰਨੇ ਸਾਲ ਤੋਂ ਜਪੁ ਜੀ ਸਾਹਿਬ ਦਾ ਪਾਠ ਕਰ ਰਹੇ ਹਾਂ ਪਰ ਤਾਂ ਵੀ ਸਾਡਾ ਜੀਵਨ ਕਿਉਂ ਨਹੀਂ ਬਦਲਿਆ?"**

ਇਹ ਸੁਣ ਕੇ ਅਸੀਂ ਸਾਰਿਆਂ ਨੇ 'ਵੀਰ ਜੀ' ਨੂੰ ਬੇਨਤੀ ਕੀਤੀ ਕਿ ਕਿਰਪਾ ਕਰਕੇ ਤੁਸੀਂ ਆਪ ਹੀ ਇਸ ਬਾਰੇ ਚਾਨਣਾ ਪਾਓ। ਤਾਂ **ਜਵਾਬ ਵਿਚ 'ਵੀਰ ਜੀ' ਨੇ ਕਿਹਾ ਕਿ ਅਸੀਂ ਸਾਰੇ ਪਾਠ ਤਾਂ ਕਰ ਰਹੇ ਹਾਂ ਪਰ ਕੀਤੇ ਹੋਏ ਪਾਠ ਨੂੰ ਸੁਣ ਨਹੀਂ ਰਹੇ ਜਿਸ ਕਰਕੇ ਸਾਡਾ ਜੀਵਨ ਨਹੀਂ ਬਦਲਦਾ। ਪਾਠ ਕਰਨ ਲੱਗਿਆਂ ਸਾਡਾ ਧਿਆਨ ਕਿਧਰੇ ਹੋਰ ਹੀ ਚਲਾ ਜਾਂਦਾ ਹੈ।**

ਫਿਰ ਅਸੀਂ 'ਵੀਰ ਜੀ' ਨੂੰ ਬੇਨਤੀ ਕੀਤੀ ਕਿ ਤੁਸੀਂ ਕਿਰਪਾ ਕਰਕੇ ਕੋਈ ਐਸੀ ਜੁਗਤਿ ਦਸੋ ਜਿਸ ਨਾਲ ਸਾਡਾ ਮਨ ਟਿਕਾਅ ਵਿਚ ਆ ਜਾਵੇ ਤੇ ਮਨ ਨੂੰ ਪਾਠ ਸੁਣਨ ਦੀ ਆਦਤ ਪੈ ਜਾਵੇ। **ਇਸ ਦੇ ਜਵਾਬ ਵਿਚ ਜੋ ਜੁਗਤਿ 'ਵੀਰ ਜੀ' ਨੇ ਦੱਸੀ ਉਹ ਇਹ ਹੈ ਕਿ ਪਾਠ ਕਰਨ ਲਗਿਆਂ ਮਨ ਨੂੰ ਪੁੱਛਣਾ ਹੈ ਕਿ "ਕੀ ਤੂੰ ਬਾਣੀ ਨੂੰ ਸੁਣ ਲਿਆ ਹੈ?" ਅਗਰ ਮਨ ਨੇ ਉਹ ਪੰਕਤੀ ਨਹੀਂ ਸੁਣੀ ਤਾਂ ਸਿੱਖ ਉਹ ਪੰਕਤੀ ਉਨੀ ਦੇਰ ਤੱਕ ਵਾਰ ਵਾਰ ਪੜ੍ਹੀ ਜਾਵੇ ਜਿੰਨੀ ਦੇਰ ਤੱਕ ਮਨ ਉਸ ਪੰਕਤੀ ਨੂੰ ਨਹੀਂ ਸੁਣਦਾ। ਅਗਲੀ ਪੰਕਤੀ ਉਦੋਂ ਹੀ ਪੜ੍ਹੀ ਜਾਵੇ ਜਦ ਮਨ ਪਿਛਲੀ ਪੰਕਤੀ ਨੂੰ ਸੁਣ ਕੇ, ਸਮਝ ਕੇ, ਵਿਚਾਰ ਕਰ ਲਵੇ। ਗੁਰਦੇਵ ਪਿਤਾ ਦੀ ਕਿਰਪਾ ਦਾ ਸਦਕਾ ਜੇ ਸਾਨੂੰ ਇਹ ਅਭਿਆਸ ਪੱਕ ਜਾਵੇ ਤਾਂ ਮਨ ਨੂੰ ਸੁਣਨ ਦੀ ਆਦਤ ਪੈ ਜਾਵੇਗੀ।**

**ਆਪਾਂ ਹਮੇਸ਼ਾ ਯਾਦ ਰੱਖੀਏ ਕਿ:**

**ਬਾਣੀ ਕਿਉਂ ਪੜ੍ਹਣੀ ਹੈ.............ਸੁਣਨ ਲਈ।**
**ਬਾਣੀ ਕਿਉਂ ਸੁਣਨੀ ਹੈ...........ਸਮਝਣ ਲਈ।**
**ਬਾਣੀ ਕਿਉਂ ਸਮਝਣੀ ਹੈ.... ਵੀਚਾਰਨ ਲਈ।**
**ਬਾਣੀ ਕਿਉਂ ਵਿਚਾਰਨੀ ਹੈ....ਕਮਾਉਣ ਲਈ।**

**ਆਓ! ਆਪਾਂ ਵੀ ਉੱਪਰ ਦਸੀ ਜੁਗਤਿ ਅਨੁਸਾਰ ਪਾਠ ਕਰਨ ਦਾ ਉਪਰਾਲਾ ਕਰੀਏ ਤਾਂਕਿ ਸਾਡਾ ਜੀਵਨ ਵੀ ਬਦਲ ਸਕੇ।**

# ਜਪੁ ਜੀ ਸਾਹਿਬ

## ੴ

## ਸਤਿ ਨਾਮੁ ਕਰਤਾ ਪੁਰਖੁ

## ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ

## ਗੁਰ ਪ੍ਰਸਾਦਿ॥

**ਅਰਥ:–**ਇਹ ਸਿੱਖੀ ਦਾ ਮੂਲ ਮੰਤਰ ਹੈ। ਬਾਣੀ ਅਰੰਭ ਕਰਨ ਤੋਂ ਪਹਿਲਾਂ ਮੰਗਲਾਚਰਣ ਹੈ। ਇਸ ਦੇ ਅਰਥ ਇਸ ਪ੍ਰਕਾਰ ਹਨ: ਅਕਾਲ ਪੁਰਖ ਇੱਕ ਹੈ, ਜੋ ਸਾਰੀ ਸ੍ਰਿਸ਼ਟੀ ਵਿਚ ਇਕ ਰਸ ਵਿਆਪਕ ਹੈ। ਸ੍ਰਿਸ਼ਟੀ ਨੂੰ ਬਣਾਉਣ ਵਾਲਾ, ਰਿਜ਼ਕ ਅਪੜਾਉਣ ਵਾਲਾ ਅਤੇ ਵਿਨਾਸ਼ ਕਰਨ ਵਾਲਾ ਵੀ ਕੇਵਲ ਤੇ ਕੇਵਲ ਇਕ ਉਹੀ ਹੈ। ਉਸ ਦਾ ਨਾਮ ਸਦੀਵੀਂ ਹੋਂਦ ਵਾਲਾ ਹੈ। ਸਭ ਕੁਝ ਕਰਨ ਕਾਰਨ ਵਾਲਾ ਉਹ ਆਪ ਹੀ ਹੈ। ਉਹ ਭੈ (ਡਰ) ਤੋਂ ਰਹਿਤ ਹੈ। ਵੈਰ-ਰਹਿਤ ਹੈ। ਉਸ ਦਾ ਸਰੂਪ ਕਾਲ ਤੋਂ ਪਰੇ ਹੈ, (ਭਾਵ, ਉਸ ਉੱਤੇ ਸਮੇਂ ਦਾ ਕੋਈ ਪ੍ਰਭਾਵ ਨਹੀਂ)। ਉਹ ਜੂਨਾਂ ਵਿਚ ਨਹੀਂ ਆਉਂਦਾ। ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ। ਅਜਿਹੇ ਸਰੂਪ ਵਾਲਾ ਪਰਮਾਤਮਾ ਸਤਿਗੁਰੂ ਦੀ ਕਿਰਪਾ ਦੁਆਰਾ ਹੀ ਮਿਲਦਾ ਹੈ।

**ਉਚਾਰਨ ਪਾਠ: ੴ** ਦਾ ਉਚਾਰਨ 'ਇੱਕ ਓਅੰਕਾਰ' (੧=ਇੱਕ, **ਓ**=ਓਅੰ, ੴ=ਕਾਰ) ਕਰਨਾ ਹੈ। ਅਜੂਨੀ ਸੈਭੰ ਇਕੱਠਾ ਨਹੀਂ ਪੜ੍ਹਨਾ। 'ਅਜੂਨੀ' ਵੱਖਰਾ ਹੈ ਤੇ 'ਸੈਭੰ' ਵੱਖਰਾ ਹੈ। 'ਪ੍ਰਸਾਦਿ' ਨੂੰ ਪ੍ਰਸ਼ਾਦਿ ਉਚਾਰਨਾ ਅਸ਼ੁੱਧ ਹੈ।

**ਨੋਟ–** ਇਸ ਤੋਂ ਅਗਾਂਹ ਲਿਖੀ ਗਈ ਸਾਰੀ ਬਾਣੀ ਦਾ ਨਾਮ ਹੈ 'ਜਪੁ'। ਭਾਵੇਂ ਕਿ ਬਾਣੀ ਦਾ ਅਸਲ ਨਾਮ 'ਜਪੁ' ਹੈ ਪਰ ਅਸੀਂ ਸਤਿਕਾਰ ਵਜੋਂ ਜਪੁ ਜੀ ਸਾਹਿਬ ਆਖਦੇ ਹਾਂ।

ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਇਹ 'ਮੂਲ-ਮੰਤਰ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿਚ ਮੰਗਲਾਚਰਨ ਵਜੋਂ ਲਿਖਿਆ ਹੋਇਆ ਮਿਲਦਾ ਹੈ। ਇਹ 'ਜਪੁ' ਬਾਣੀ ਤੋਂ ਵੱਖਰਾ ਹੈ। ਬਾਣੀ 'ਜਪੁ' ਲਫ਼ਜ਼ 'ਆਦਿ ਸਚੁ' ਤੋਂ ਸ਼ੁਰੂ ਹੁੰਦੀ ਹੈ । ਆਸਾ ਦੀ ਵਾਰ ਦੇ ਸ਼ੁਰੂ ਵਿਚ ਭੀ ਇਹੀ ਮੂਲ-ਮੰਤਰ ਹੈ ਪਰ 'ਆਸਾ ਦੀ ਵਾਰ' ਨਾਲ ਇਸ ਦਾ ਕੋਈ ਸੰਬੰਧ ਨਹੀਂ ਹੈ।

'ਜਪੁ' ਦੀ ਬਾਣੀ ਦੀ ਬਣਤਰ ਇਸ ਤਰ੍ਹਾਂ ਹੈ ਕਿ ਇਸ ਵਿਚ 2 ਸਲੋਕ ਅਤੇ 38 ਪਉੜੀਆਂ ਹਨ। ਅਰੰਭ ਵਿਚ ਮੰਗਲਾਚਰਨ ਦੇ ਤੌਰ ਤੇ ਪਹਿਲਾ ਸਲੋਕ ਹੈ "ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ " ਫਿਰ 'ਜਪੁ' ਸਾਹਿਬ ਦੀਆਂ 38 ਪਉੜੀਆਂ ਹਨ ਅਤੇ ਉਸ ਤੋਂ ਬਾਅਦ 'ਜਪੁ' ਬਾਣੀ ਦੇ ਅੰਤ ਵਿਚ ਦੂਸਰਾ ਸਲੋਕ ਹੈ "ਪਵਣੁ ਗੁਰੂ ਪਾਣੀ ਪਿਤਾ.........॥ "

# ਮੂਲਮੰਤਰ ਤੋਂ ਸਾਨੂੰ ਹੇਠ ਲਿਖੇ ਅਨੁਸਾਰ ਸਿੱਖਿਆ ਮਿਲਦੀ ਹੈ

ਪਰਮੇਸ਼ਰ ਦੇ ਗੁਣ ਤਾਂ ਬੇਅੰਤ-ਬੇਅੰਤ ਹਨ ਜਿਨ੍ਹਾਂ ਦਾ ਵਰਨਣ ਨਹੀਂ ਕੀਤਾ ਜਾ ਸਕਦਾ ਪਰ ਮੂਲਮੰਤਰ ਦੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮੇਸ਼ਰ ਦੇ ਨੌ ਮੁੱਢਲੇ ਗੁਣਾਂ ਦਾ ਜ਼ਿਕਰ ਕੀਤਾ ਹੈ। ਪਰਮੇਸ਼ਰ ਦੇ ਇਨ੍ਹਾਂ ਨੌ ਗੁਣਾਂ ਤੋਂ ਅਸੀਂ ਹੇਠ ਲਿਖੀਆਂ ਸਿੱਖਿਆਵਾਂ ਲੈਣੀਆਂ ਹਨ।

## ੴ

ਵਿਦਵਾਨਾਂ ਦੇ ਅਨੁਸਾਰ (ਇਕ ਓਅੰਕਾਰ) **ੴ** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬੀਜ ਮੰਤਰ ਹੈ। ਵਿਦਵਾਨਾਂ ਦਾ ਇਹ ਵੀ ਮਤ ਹੈ ਕਿ ਜੇਕਰ ਆਪਾਂ ਇਹ ਮੰਨੀਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰ '**ਜਪੁ ਜੀ ਸਾਹਿਬ**' ਵਿਚ ਹੈ ਅਤੇ 'ਜਪੁ ਜੀ ਸਾਹਿਬ' ਦਾ ਸਾਰ '**ਮੂਲਮੰਤਰ**' ਵਿਚ ਹੈ ਤਾਂ ਇਹ ਗੱਲ ਕਹਿਣ ਵਿਚ ਕੋਈ ਅਤਿਕਥਨੀ ਨਹੀ ਹੋਵੇਗੀ ਕਿ ਸਾਰੀ ਬਾਣੀ ਦਾ ਸਾਰ **ੴ** ਵਿਚ ਹੈ ਅਤੇ ਇਸੇ ਕਰਕੇ ਇਸ ਨੂੰ ਬੀਜ ਮੰਤਰ ਵੀ ਆਖਦੇ ਹਨ।

**ੴ ਦਾ ਅਰਥ ਹੈ ਕਿ ਅਕਾਲ ਪੁਰਖ ਇਕ ਹੈ। ਉਸ ਜਿਹਾ ਹੋਰ ਕੋਈ ਨਹੀਂ ਅਤੇ ਉਹ ਸਭ ਵਿਚ ਇਕ ਰਸ ਵਿਆਪਕ ਹੈ। ਇਹ ਪਰਮਾਤਮਾ ਇਕ ਹੋ ਕੇ ਵੀ ਅਨੇਕ ਹੈ। ਉਹੀ ਸ੍ਰਿਸ਼ਟੀ ਨੂੰ ਬਣਾਉਣ ਵਾਲਾ ਹੈ, ਪਾਲਣ ਕਰਨ ਵਾਲਾ ਹੈ ਅਤੇ ਵਿਨਾਸ਼ ਵੀ ਕਰਨ ਵਾਲਾ ਹੈ।**

## ਪਹਿਲੀ ਸਿੱਖਿਆ

ਅਸੀਂ ਕੇਵਲ ਇਕ ਅਕਾਲ ਪੁਰਖੁ ਨੂੰ ਮੰਨਣਾ ਹੈ ਅਤੇ ਕਿਸੇ ਦੇਵੀ ਦੇਵਤੇ ਦੀ ਪੂਜਾ ਨਹੀਂ ਕਰਨੀ ਅਰਥਾਤ ਅਸੀਂ ਇਸ ਸਿਧਾਂਤ ਨੂੰ ਅਪਨਾਉਣਾ ਹੈ..**"ਏਕੋ ਜਪਿ ਏਕੋ ਸਾਲਾਹਿ॥ ਏਕੁ ਸਿਮਰਿ ਏਕੋ ਮਨ ਆਹਿ॥"**

## ਦੂਜੀ ਸਿੱਖਿਆ

ਪਰਮਾਤਮਾ ਦੀ ਜੋਤਿ ਨੂੰ ਸਭ ਅੰਦਰ ਦੇਖਣਾ ਹੈ। ਮਨ ਨੂੰ ਬਾਰ-ਬਾਰ ਇਹ ਸਮਝਾਉਣਾ ਹੈ ਕਿ "**ਸਭ ਮਹਿ ਜੋਤਿ ਜੋਤਿ ਹੈ ਸੋਇ ॥**" ਜੇਕਰ ਸਾਡੇ ਮਨ ਨੇ ਇਸ ਗੱਲ ਨੂੰ ਗ੍ਰਹਿਣ ਕਰ ਲਿਆ ਕਿ ਉਸ ਪਰਮਾਤਮਾ ਦੀ ਹੀ ਜੋਤਿ ਸਭ ਵਿਚ ਹੈ ਤਾਂ ਇਸ ਦਾ ਸੁਭਾਅ ਬਦਲਣਾ ਸ਼ੁਰੂ ਹੋ ਜਾਏਗਾ। ਫਿਰ ਅਸੀਂ ਕਿਸੇ ਨਾਲ ਵੀ ਕੌੜੇ ਬੋਲ ਨਹੀਂ ਬੋਲਾਂਗੇ, ਸਾਰਿਆਂ ਨਾਲ ਨਿਰਵੈਰਤਾ ਵਾਲਾ ਭਾਵ ਰੱਖਾਂਗੇ, ਅਤੇ ਕਿਸੇ ਦੇ ਹਿਰਦੇ ਨੂੰ ਵੀ ਨਹੀਂ ਦੁਖਾਵਾਂਗੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੀ ਬਾਣੀ ਵਿਚ ਲਿਖਿਆ ਹੈ:

**"ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥**
**ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥" (ਅੰਗ: 1426)**

ਬਾਬਾ ਫਰੀਦ ਜੀ ਦਾ ਵੀ ਉਪਦੇਸ਼ ਹੈ-
**"ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥" (ਅੰਗ: 1384)**

ਜੇ ੧ਓ ਦੇ ਉਪਰ ਦਿੱਤੇ ਗੁਣਾਂ ਨੂੰ ਅਸੀਂ ਅਪਨਾ ਕੇ ਜਿੰਦਗੀ ਵਿਚ ਢਾਲ ਲਵਾਂਗੇ ਤਾਂ ਸਾਡੀ 'ਤਾਤ ਪਰਾਈ' ਅਰਥਾਤ ਈਰਖਾ ਵੀ ਖਤਮ ਹੋ ਜਾਏਗੀ ਅਤੇ ਜੀਵਨ ਸੁਹੇਲਾ ਹੋ ਜਾਵੇਗਾ।

## ਸਤਿ ਨਾਮੁ

**ਇਸ ਦਾ ਅਰਥ ਹੈ ਕਿ ਪਰਮਾਤਮਾ ਦਾ ਨਾਮ ਸਦੀਵੀਂ ਹੋਂਦ ਵਾਲਾ ਹੈ।**

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਉਸ ਪਰਮਾਤਮਾ ਤੋਂ ਇਲਾਵਾ ਕਿਸੇ ਹੋਰ ਦੀ ਉਪਾਸਨਾ ਨਹੀਂ ਕਰਨੀ ਕਿਉਂਕਿ ਸੰਸਾਰ ਵਿਚ ਹੋਰ ਕੋਈ ਵਸਤੂ ਸਦੀਵੀਂ ਹੋਂਦ ਵਾਲੀ ਨਹੀਂ ।

ਗੁਰੂ ਰਾਮਦਾਸ ਜੀ ਦਾ ਬਚਨ ਹੈ:

**"ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥**
**ਹਲਤਿ ਪਲਤਿ ਮੁਖ ਊਜਲ ਹੋਈ ਹੈ**
**ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥" (ਅੰਗ:670)**

**ਇਸ ਸਤਿ ਨਾਮੁ ਦੀ ਇਤਨੀ ਜਿਆਦਾ ਮਹਿਮਾ ਹੈ ਕਿ ਇਸ ਨੂੰ ਜਪਣ ਨਾਲ ਸਾਰੇ ਕੰਮ ਸਫ਼ਲ ਹੋ ਜਾਂਦੇ ਹਨ। ਗੁਰਬਾਣੀ ਦਾ ਫੁਰਮਾਨ ਹੈ:-**

**"ਐਸੋ ਹੀਰਾ ਨਿਰਮਲ ਨਾਮ॥ ਜਾਸੁ ਜਪਤ ਪੂਰਨ ਸਭਿ ਕਾਮ॥" (ਅੰਗ: 1142)**

## ਕਰਤਾ ਪੁਰਖੁ

**ਇਸ ਦਾ ਅਰਥ ਹੈ ਕਿ ਪਰਮਾਤਮਾ ਆਪ ਹੀ ਸਭ ਕੁਝ ਕਰਨ ਵਾਲਾ ਹੈ ਤੇ ਸਭ ਕੁਝ ਦਾ ਕਾਰਨ ਵੀ ਆਪ ਹੀ ਹੈ।**

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਜੇ ਸਭ ਕੁਝ ਕਰਨ ਵਾਲਾ ਉਹ ਆਪ ਹੀ ਹੈ ਤਾਂ ਅਗਰ ਮੇਰੇ ਕੋਲੋਂ ਕੋਈ ਵੀ ਚੰਗਾ ਕੰਮ ਹੋ ਜਾਵੇ ਤਾਂ ਫਿਰ ਮੈਨੂੰ ਹਉਮੈ ਨਹੀ ਕਰਨੀ ਚਾਹੀਦੀ ਅਤੇ ਉਸ ਚੰਗੇ ਕੰਮ ਲਈ ਪਰਮਾਤਮਾ ਦਾ ਹੀ ਧੰਨਵਾਦ ਕਰਨਾ ਚਾਹੀਦਾ ਹੈ। ਉਸ ਚੰਗੇ ਕੰਮ ਦਾ ਸਿਲ੍ਹਾ (Credit) ਖੁਦ ਨਾ ਲੈ ਕੇ ਪਰਮਾਤਮਾ ਨੂੰ ਦੇਣਾ ਚਾਹੀਦਾ ਹੈ। ਜੀਵਨ ਦੇ ਵਿਚ ਇਹ ਆਦਤ ਪਾਉਣੀ ਚਾਹੀਦੀ ਹੈ ਕਿ ਜੇਕਰ ਕੋਈ ਮੇਰੇ ਚੰਗੇ ਕੰਮ ਦੀ ਤਾਰੀਫ਼ ਕਰੇ ਤਾਂ ਮੇਰੇ ਮੂੰਹੋਂ ਇਹ ਲਫ਼ਜ਼ ਨਿਕਲਣ ਕਿ ਗੁਰੂ ਸਾਹਿਬ ਨੇ ਆਪਣੀ ਕਿਰਪਾ ਤੇ ਬਖਸ਼ਿਸ਼ ਕਰਕੇ ਮੇਰੇ ਕੋਲੋਂ ਇਹ ਕਾਰਜ ਕਰਵਾਇਆ ਹੈ।

**ਨੋਟ:** ਸਵਾਲ ਕਰਨ ਵਾਲੇ ਕਈ ਵਾਰ ਇਹ ਸਵਾਲ ਵੀ ਕਰਦੇ ਹਨ ਕਿ ਜੇਕਰ ਸਾਰਾ ਕੁਝ ਕਰਨ ਕਰਾਉਣ ਵਾਲਾ ਉਹ ਪਰਮਾਤਮਾ ਆਪ ਹੈ ਤਾਂ ਫਿਰ ਜੇਕਰ ਮੇਰੇ ਕੋਲੋਂ ਕੋਈ ਗਲਤ ਕੰਮ ਹੋ ਜਾਂਦਾ ਹੈ ਤਾਂ ਉਹ ਵੀ ਤਾਂ ਫਿਰ ਪਰਮਾਤਮਾ ਨੇ ਹੀ ਕਰਵਾਇਆ ਹੈ ਤੇ ਉਸ ਦਾ ਮੈਂ ਦੋਸ਼ੀ ਕਿਵੇਂ ਹਾਂ। ਤਾਂ ਇਸ ਦਾ ਜਵਾਬ ਹੈ ਕਿ ਪਰਮਾਤਮਾ ਨੇ ਸਾਨੂੰ ਬਿਬੇਕ ਬੁਧਿ (ਬੁਰੇ ਭਲੇ ਕੰਮ ਦੀ ਪਰਖ ਕਰਨ ਵਾਲੀ ਬੁਧਿ) ਦਿਤੀ ਹੋਈ ਹੈ। ਜਿਹੜੇ ਮਨੁੱਖ ਬਿਬੇਕ ਬੁਧਿ ਦੁਆਰਾ ਕਰਮ ਨਹੀਂ ਕਰਦੇ, ਉਹੀ ਗਲਤ ਕੰਮ ਕਰਦੇ ਹਨ। ਅਸਲ ਵਿਚ ਅਜਿਹੇ ਮਨੁੱਖ ਪਰਮਾਤਮਾ ਦੇ ਹੁਕਮ ਦੀ ਉਲੰਘਣਾ ਦੇ ਦੋਸ਼ੀ ਹਨ। **ਇਸ ਲਈ ਉਨ੍ਹਾਂ ਦੁਆਰਾ ਗਲਤ ਕੰਮ ਦਾ ਦੋਸ਼ ਪਰਮਾਤਮਾ ਨੂੰ ਦੇਣਾ ਅਯੋਗ ਹੈ।**

## ਨਿਰਭਉ

**ਨਿਰਭਉ ਦਾ ਮਤਲਬ ਹੈ ਕਿ ਪਰਮਾਤਮਾ ਡਰ ਤੋਂ ਰਹਿਤ ਹੈ।**

**ਪਰਮੇਸ਼ਰ ਦੇ ਇਸ ਗੁਣ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਜੇਕਰ ਪਰਮਾਤਮਾ ਡਰ ਤੋਂ ਰਹਿਤ ਹੈ ਤਾਂ ਮੈਂ ਫਿਰ ਉਸਦੀ ਅੰਸ਼ ਹੋਣ ਦੇ ਨਾਤੇ ਕਿਉਂ ਡਰਦਾ ਰਹਾਂ।

ਗੁਰਬਾਣੀ ਨੇ ਸਾਨੂੰ ਆਪਣੇ ਸਾਰੇ ਤਰ੍ਹਾਂ ਦੇ ਡਰਾਂ ਨੂੰ ਖਤਮ ਕਰਨ ਲਈ ਇਹ ਸਿੱਖਿਆ ਦਿੱਤੀ ਹੈ:-

**"ਨਿਰਭਉ ਜਪੈ ਸਗਲ ਭਉ ਮਿਟੈ॥**
**ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ॥ "  (ਅੰਗ: 293)**

**"ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ**
**ਤਿਨ ਕਾ ਭਉ ਸਭੁ ਗਵਾਸੀ॥ "(ਅੰਗ: 11)**

## ਨਿਰਵੈਰੁ

**ਨਿਰਵੈਰੁ ਦਾ ਮਤਲਬ ਹੈ ਪਰਮਾਤਮਾ ਵੈਰ ਤੋਂ ਰਹਿਤ ਹੈ।**

**ਇਸ ਗੁਣ ਤੋਂ ਅਸੀਂ ਇਹ ਗੁਣ ਗ੍ਰਹਿਣ ਕਰਨਾ ਹੈ ਕਿ** ਅਸੀਂ ਵੀ ਆਪਣੇ ਜੀਵਨ ਵਿਚ ਨਿਰਵੈਰਤਾ ਲੈ ਕੇ ਆਈਏ। ਜਿਵੇਂ ਜਿਵੇਂ ਅਸੀਂ ਨਿਰਵੈਰ ਬਣਾਂਗੇ ਉਵੇਂ ਉਵੇਂ ਅਸੀਂ ਪਰਮੇਸ਼ਰ ਦੇ ਨੇੜੇ ਹੁੰਦੇ ਜਾਵਾਂਗੇ।

**ਨਿਰਵੈਰਤਾ ਦੇ ਰਾਹ ਤੇ ਤੋਰਨ ਵਾਸਤੇ 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ ਖੰਨੇ ਵਾਲਿਆਂ (ਜਿਨ੍ਹਾਂ ਨੇ ਭਾਈ ਵੀਰ ਸਿੰਘ ਅਕੈਡਮੀ ਦੀ ਸਥਾਪਨਾ ਕੀਤੀ) ਜਿਨ੍ਹਾਂ ਨੂੰ ਸਾਰਾ ਸਿੱਖ ਜਗਤ 'ਵੀਰ ਜੀ' ਦੇ ਨਾਮ ਨਾਲ ਜਾਣਦਾ ਹੈ ਨੇ ਇਕ ਵਾਰੀ ਮੁਹਿੰਮ ਛੇੜੀ ਸੀ ਅਤੇ ਲੋਕਾਂ ਨੂੰ ਪ੍ਰੇਰਨਾ ਕੀਤੀ ਸੀ ਕਿ ਤੁਸੀਂ ਆਪਣੇ ਮਨ-ਮੁਟਾਵ ਮਿਟਾਉਣ ਲਈ ਉਨ੍ਹਾਂ ਲੋਕਾਂ ਕੋਲ ਜਾਉ ਜਿਨ੍ਹਾਂ ਨਾਲ ਤੁਹਾਡੀ ਨਹੀਂ ਬਣਦੀ ਅਤੇ ਜਾ ਕੇ ਮਾਫੀ ਮੰਗੋ। ਲੋਕਾਂ ਨੇ ਉਨ੍ਹਾਂ ਦੀ ਗੱਲ ਨੂੰ ਮੰਨਦਿਆ ਹੋਇਆਂ ਇਸੇ ਤਰ੍ਹਾਂ ਹੀ ਕੀਤਾ ਅਤੇ ਬਾਅਦ ਵਿਚ ਆ ਕੇ ਭਾਈ ਸਾਹਿਬ ਨਾਲ ਆਪਣੇ ਅਨੁਭਵ ਸਾਂਝੇ ਕਰਦਿਆਂ ਦੱਸਿਆ ਕਿ ਕਈ ਲੋਕਾਂ ਨਾਲ ਸਾਡੀ ਬੋਲਚਾਲ ਸਾਲਾਂ ਬੱਧੀ ਬੰਦ ਸੀ ਪਰ ਜਦੋਂ ਅਸੀਂ ਉਨ੍ਹਾਂ ਕੋਲ ਨਿਮਰਤਾ ਧਾਰਨ ਕਰਕੇ ਮਾਫੀ ਮੰਗਣ ਗਏ ਤਾਂ ਅਗੋਂ ਉਨ੍ਹਾਂ ਲੋਕਾਂ ਨੇ ਸਾਨੂੰ ਗਲਵੱਕੜੀ ਵਿਚ ਲੈ ਕੇ ਮਾਫ ਹੀ ਨਹੀ ਕੀਤਾ ਸਗੋਂ ਉਨ੍ਹਾਂ ਦੀਆ ਅੱਖਾਂ ਅਤੇ ਸਾਡੀਆਂ ਅੱਖਾਂ ਵਿਚੋਂ ਪ੍ਰੇਮ ਦੇ ਐਸੇ ਅੱਥਰੂ ਡਿੱਗੇ ਜਿਨ੍ਹਾਂ ਨੇ ਸਾਡੀਆਂ ਸਾਲਾਂਬੱਧੀ ਬਣੀਆਂ ਈਰਖਾ ਰੂਪੀ ਦੀਵਾਰਾਂ ਨੂੰ ਤੋੜ ਦਿੱਤਾ ਅਤੇ ਸਾਨੂੰ ਹੁਣ ਸੁੱਖ-ਚੈਨ ਭਰਿਆ ਨਵਾਂ ਜੀਵਨ ਮਿਲ ਗਿਆ।**

ਇਸ ਸਬੰਧ ਵਿੱਚ ਆਪ ਜੀ ਨਾਲ ਇਕ ਹੋਰ ਘਟਨਾ ਵੀ ਸਾਂਝੀ ਕਰ ਰਿਹਾ ਹਾਂ:-
ਇਕ ਰੱਬੀ ਪਿਆਰ ਵਿਚ ਰੰਗੇ ਹੋਏ ਗੁਰਮੁੱਖ ਪਿਆਰੇ ਸਨ। ਉਨ੍ਹਾਂ ਦੇ ਨਾਲ ਉਨ੍ਹਾਂ ਦੇ

ਕੁਝ ਸੰਗੀ ਸਾਥੀ ਵੀ ਰਹਿੰਦੇ ਸਨ। ਗੁਰਮੁੱਖਾਂ ਦਾ ਆਪਣਾ ਜੀਵਨ ਤਾਂ ਬਹੁਤ ਗੁਰਸਿੱਖੀ ਭਰਿਆ ਅਤੇ ਨਿਰਵੈਰਤਾ ਵਾਲਾ ਸੀ, ਪਰ ਉਨ੍ਹਾਂ ਦੇ ਸੰਗੀ ਸਾਥੀ ਆਪਸ ਵਿਚ ਜਾਂ ਹੋਰਨਾਂ ਨਾਲ ਥੋੜ੍ਹਾ ਬਹੁਤ ਮਨ-ਮੁਟਾਵ ਜਾਂ ਵੈਰ ਵਿਰੋਧ ਰੱਖਦੇ ਸਨ।

ਇਕ ਦਿਨ ਉਨ੍ਹਾਂ ਗੁਰਮੁੱਖ ਪਿਆਰਿਆਂ ਨੇ ਆਪਣੇ ਸਾਰੇ ਸੰਗੀ ਸਾਥੀਆਂ ਨੂੰ ਆਪਣੇ ਕੋਲ ਬੁਲਾਇਆ ਅਤੇ ਪੁੱਛਣ ਲੱਗੇ ਕਿ ਤੁਹਾਡੀ ਕਿੰਨੇ ਲੋਕਾਂ ਨਾਲ ਨਹੀਂ ਬਣਦੀ। ਕਿਸੇ ਨੇ ਕਿਹਾ ਕਿ ਮੇਰੀ ਦੋ ਜਣਿਆਂ ਨਾਲ ਨਹੀਂ ਬਣਦੀ, ਕਿਸੇ ਨੇ ਚਾਰ, ਕਿਸੇ ਨੇ ਛੇ ਜਣਿਆਂ ਨਾਲ ਨਹੀਂ ਬਣਦੀ ਕਿਹਾ। ਗੁਰਮੁੱਖਾਂ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਇਕ ਕੱਪੜੇ ਦੀ ਥੈਲੀ ਸਿਲਵਾ ਲਉ ਅਤੇ ਜਿਤਨੇ ਲੋਕਾਂ ਨਾਲ ਤੁਹਾਡੀ ਨਹੀ ਬਣਦੀ, ਉਤਨੇ-ਉਤਨੇ ਆਲੂ ਉਸ ਥੈਲੀ ਵਿਚ ਪਾ ਲਉ। ਨਾਲ ਹੀ ਇਹ ਹਦਾਇਤ ਵੀ ਕੀਤੀ ਕਿ ਆਲੂ ਵਾਲੀ ਥੈਲੀ ਹਰ ਵੇਲੇ ਆਪਣੇ ਸਰੀਰ ਦੇ ਨਾਲ ਬੰਨ੍ਹ ਕੇ ਰੱਖਣੀ ਹੈ। ਉਨ੍ਹਾਂ ਦੇ ਸੰਗੀ ਸਾਥੀਆਂ ਨੇ ਇਸੇ ਤਰ੍ਹਾਂ ਹੀ ਕੀਤਾ। ਥੋੜ੍ਹੇ ਦਿਨਾਂ ਬਾਅਦ ਉਨ੍ਹਾਂ ਆਲੂਆਂ ਵਿਚੋਂ ਬਦਬੂ ਆਉਣੀ ਸ਼ੁਰੂ ਹੋ ਗਈ ਅਤੇ ਦਿਨ-ਬ-ਦਿਨ ਬਦਬੂ ਵੱਧਣ ਲੱਗੀ।

ਹੁਣ ਉਹ ਸਾਰੇ ਮਿਲ ਕੇ ਗੁਰਮੁੱਖਾਂ ਕੋਲ ਗਏ ਅਤੇ ਬੇਨਤੀ ਕੀਤੀ ਕਿ ਇਨ੍ਹਾਂ ਆਲੂਆਂ ਵਿਚ ਬਹੁਤ ਬਦਬੂ ਆਉਣ ਕਰਕੇ ਉਹ ਬਹੁਤ ਪਰੇਸ਼ਾਨ ਹੋ ਗਏ ਹਨ ਅਤੇ ਨਾਲ ਹੀ ਗੁਰਮੁੱਖਾਂ ਕੋਲੋਂ ਆਗਿਆ ਮੰਗੀ ਕਿ ਸਾਨੂੰ ਇਸ ਥੈਲੀ ਤੋਂ ਛੁਟਕਾਰਾ ਦਿਵਾਉ। ਗੁਰਮੁੱਖ ਪਿਆਰੇ ਉਨ੍ਹਾਂ ਨੂੰ ਕਹਿਣ ਲੱਗੇ ਕਿ ਤੁਸੀਂ ਇਨ੍ਹਾਂ ਆਲੂਆਂ ਤੋਂ ਦੁਰਗੰਧ ਆਉਣ ਕਰਕੇ ਇੰਨੀ ਜਲਦੀ ਪਰੇਸ਼ਾਨ ਹੋ ਗਏ ਹੋ ਪਰ ਆਪਣੇ ਮਨ ਦੇ ਅੰਦਰ ਝਾਤੀ ਮਾਰ ਕੇ ਦੇਖੋ ਕਿ ਜਿਨ੍ਹਾਂ ਲੋਕਾਂ ਨਾਲ ਤੁਹਾਡੀ ਨਹੀਂ ਬਣਦੀ, ਉਨ੍ਹਾਂ ਦੇ ਬਾਰੇ ਵਿਚਾਰ ਆਉਣ ਤੇ ਹੀ ਤੁਹਾਡੇ ਮਨ ਤੇ ਕਿੰਨਾ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਉਨ੍ਹਾਂ ਵੀਚਾਰਾਂ ਦੀ ਦੁਰਗੰਧ ਤੁਹਾਨੂੰ ਜੀਵਨ ਵਿਚ ਅਮਨ, ਚੈਨ ਨਾਲ ਨਹੀ ਰਹਿਣ ਦਿੰਦੀ। ਕਿੰਨਾ ਚੰਗਾ ਹੋਵੇ ਜੇ ਤੁਸੀ ਇਨ੍ਹਾਂ ਆਲੂਆਂ ਤੋਂ ਆਉਂਦੀ ਹੋਈ ਦੁਰਗੰਧ ਤੋਂ ਸਿੱਖਿਆ ਲੈ ਕੇ ਉਨ੍ਹਾਂ ਲੋਕਾਂ ਤੋਂ ਮਾਫੀ ਮੰਗੋ ਜਿਨ੍ਹਾਂ ਨਾਲ ਤੁਹਾਡੀ ਨਹੀ ਬਣਦੀ ਅਤੇ ਆਪਣਾ ਮਨ-ਮੁਟਾਵ ਦੂਰ ਕਰਕੇ ਨਵੀਂ ਜ਼ਿੰਦਗੀ ਸ਼ੁਰੂ ਕਰੋ।

ਉਨ੍ਹਾਂ ਦੇ ਸੰਗੀ ਸਾਥੀਆਂ ਨੇ ਉਸੇ ਤਰ੍ਹਾਂ ਹੀ ਕੀਤਾ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਨਵਾਂ ਜੀਵਨ ਸ਼ੁਰੂ ਕਰਨ ਦਾ ਮੌਕਾ ਮਿਲਿਆ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਆਪਣੇ ਜੀਵਨ ਦੇ ਵਿਚ ਨਿਰਵੈਰ ਬਣ ਕੇ ਰਹਿਣਾ ਹੈ।**

## ਅਕਾਲ ਮੂਰਤਿ

**ਇਸ ਦਾ ਅਰਥ ਹੈ ਕਿ ਪਰਮੇਸ਼ਰ ਉਹ ਹਸਤੀ ਹੈ ਜਿਸ ਉਤੇ ਸਮੇਂ ਦਾ ਕੋਈ ਪ੍ਰਭਾਵ ਨਹੀ ਅਰਥਾਤ ਜੋ ਨਾਸ਼ ਰਹਿਤ ਹੈ।**

## ਅਜੂਨੀ

**ਇਸ ਦਾ ਅਰਥ ਹੈ ਪਰਮੇਸ਼ਰ ਜੂਨਾਂ ਵਿਚ ਨਹੀ ਆਉਂਦਾ।**

ਪਰਮੇਸ਼ਰ ਦੇ ਇਨ੍ਹਾਂ ਉਪਰ ਦਿਤੇ ਦੋਨਾਂ ਗੁਣਾਂ (ਅਕਾਲ ਮੂਰਤਿ ਅਤੇ ਅਜੂਨੀ) ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਜੇਕਰ ਅਸੀਂ ਵੀ ਜੂਨਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਾਂ ਤਾਂ ਅਸੀਂ ਆਪਣੇ ਮਨ ਨੂੰ ਇਕਾਗਰ ਕਰਕੇ ਪਰਮਾਤਮਾ ਵਿਚ ਸੁਰਤਿ ਜੋੜ ਕੇ ਰੱਖੀਏ ਜੋ ਕਿ 'ਅਕਾਲ ਮੂਰਤਿ' ਅਤੇ 'ਅਜੂਨੀ' ਹੈ। ਇਸ ਤਰ੍ਹਾਂ ਕਰਦੇ ਕਰਦੇ ਜੇਕਰ ਗੁਰੂ ਦੀ ਕਿਰਪਾ ਸਦਕਾ, ਗੁਰ ਪ੍ਰਸਾਦਿ ਸਦਕਾ, ਸਾਡੀ ਅਜਿਹੀ ਆਦਤ ਬਣ ਜਾਵੇ ਕਿ ਉਹ ਹਰ ਵੇਲੇ ਸਾਨੂੰ ਯਾਦ ਰਹੇ ਤਾਂ

ਉਸ 'ਅਕਾਲ ਮੂਰਤਿ' ਅਤੇ 'ਅਜੂਨੀ' ਵਿਚ ਸੁਰਤਿ ਜੋੜਨ ਦਾ ਸਦਕਾ ਅਸੀਂ ਵੀ 'ਅਕਾਲ ਮੂਰਤਿ' ਅਤੇ 'ਅਜੂਨੀ' ਵਿਚ ਸਮਾ ਸਕਦੇ ਹਾਂ। ਯਥਾ:-

**"ਜੈਸਾ ਸੇਵੈ ਤੈਸੋ ਹੋਇ॥ (ਅੰਗ:223)**

**ਭਾਵ:** ਇਹ ਇਕ ਅਸੂਲ ਦੀ ਗੱਲ ਹੈ ਕਿ ਮਨੁੱਖ ਜਿਹੋ ਜਿਹੇ ਦੀ ਸੇਵਾ ਕਰਦਾ ਹੈ, ਉਹੋ ਜਿਹਾ ਆਪ ਬਣ ਜਾਂਦਾ ਹੈ।

## ਸੈਭੰ

**ਇਸ ਦਾ ਅਰਥ ਹੈ ਕਿ ਪਰਮਾਤਮਾ ਨੂੰ ਕਿਸੇ ਨੇ ਨਹੀਂ ਬਣਾਇਆ, ਕਿਸੇ ਨੇ ਨਹੀਂ ਥਾਪਿਆ। ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ। ਇਸ ਦਾ ਮਤਲਬ ਇਹ ਹੋਇਆ ਕਿ ਪਰਮੇਸ਼ਰ ਆਪਣੇ ਆਪ ਵਿਚ ਸੁਤੰਤਰ ਹੋਂਦ ਵਾਲਾ ਹੈ ਅਤੇ ਬੰਧਨਾਂ ਤੋਂ ਆਜ਼ਾਦ ਹੈ।**

**ਇਸ ਗੁਣ ਤੋਂ ਅਸੀਂ ਇਹ ਸਿੱਖਿਆ ਧਾਰਨ ਕਰਨੀ ਹੈ ਕਿ** ਅਸੀਂ ਪਰਮੇਸ਼ਰ ਦੀ ਅੰਸ਼ ਹੋਣ ਦੇ ਨਾਤੇ ਇਕ 'ਆਤਮਾ' ਹਾਂ ਜੋ ਕਿ ਸਰੀਰ ਵਿਚ ਨਿਵਾਸ ਕਰ ਰਹੀ ਹੈ। ਆਤਮਾ ਦੀ ਸੁਤੰਤਰ ਹੋਂਦ ਨੂੰ ਬਰਕਰਾਰ ਰੱਖਣ ਵਾਸਤੇ ਸਾਨੂੰ ਆਪਣੇ ਮਨ ਉੱਤੇ ਨਿਰੰਕਾਰੀ ਵੀਚਾਰਾਂ ਦਾ ਹੀ ਪ੍ਰਭਾਵ ਪਾਉਣਾ ਚਾਹੀਦਾ ਹੈ ਨਾ ਕਿ ਗਲਤ ਵੀਚਾਰਾਂ ਦਾ।

ਉਦਾਹਰਣ ਵਜੋਂ ਜੇ ਪਾਠ ਕਰਨ ਦੇ ਸਮੇਂ ਸਾਨੂੰ ਸਾਡਾ ਮਨ ਇਹ ਕਹੇ ਕਿ ਅਸੀਂ TV / Whatsapp /Facebook ਆਦਿ ਤੇ ਸਮਾਂ ਬਿਤਾ ਲਈਏ ਤਾਂ ਅਸੀਂ ਮਨ ਨੂੰ ਇਨ੍ਹਾਂ ਬੰਧਨਾਂ ਤੋਂ ਆਜ਼ਾਦ ਕਰਵਾਉਣਾ ਹੈ ਅਤੇ ਸਮਝਾਉਣਾ ਹੈ ਕਿ ਹੇ ਮਨ! ਤੂੰ ਜੋਤਿ ਸਰੂਪ ਹੈਂ ਅਤੇ ਉਸ ਅਕਾਲ ਪੁਰਖੁ ਦੀ ਅੰਸ਼ ਹੈਂ ਜੋ ਬੰਧਨਾਂ ਤੋਂ ਮੁਕਤ ਹੈ। ਇਸ ਤਰ੍ਹਾਂ ਵਾਰ ਵਾਰ ਸਮਝਾਉਣ ਨਾਲ ਸਾਡਾ ਮਨ ਸਾਡੀ ਆਤਮਾ ਤੇ ਭਾਰੂ ਨਹੀਂ ਹੋਵੇਗਾ ਅਤੇ ਹੌਲੀ ਹੌਲੀ ਅਸੀਂ ਵੀ ਸੁੰਤਤਰ ਹੋਂਦ ਵਾਲੇ ਬਣ ਜਾਵਾਂਗੇ।

## ਗੁਰ ਪ੍ਰਸਾਦਿ

**ਇਸ ਦਾ ਅਰਥ ਹੈ ਕਿ ਅਜਿਹਾ ਅਕਾਲ ਪੁਰਖ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ।**

ਮੂਲ ਮੰਤਰ ਵਿਚ ਇਹ ਗੱਲ ਬਹੁਤ ਸਪੱਸ਼ਟ ਤੌਰ ਤੇ ਕਹੀ ਗਈ ਹੈ ਕਿ ਪਰਮਾਤਮਾ ਗੁਰੂ ਦੀ ਕਿਰਪਾ ਦੁਆਰਾ ਮਿਲਦਾ ਹੈ।

**ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਮੈਂ ਗੁਰੂ ਦੀ ਕਿਰਪਾ ਦਾ ਪਾਤਰ ਕਿਵੇਂ ਬਣਾਂ।**

ਇਸ ਸੰਬੰਧ ਵਿਚ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਦੋ ਸਿੱਖ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਗਏ ਅਤੇ ਗੁਰੂ ਸਾਹਿਬ ਨੂੰ ਬੇਨਤੀ ਕਰਨ ਲੱਗੇ ਕਿ ਅਸੀਂ ਗ੍ਰਿਹਸਥੀ ਹਾਂ ਅਤੇ ਸਾਨੂੰ ਕੋਈ ਐਸੀ ਜੀਵਨ ਜੁਗਤਿ ਦੱਸਣ ਦੀ ਕਿਰਪਾ ਕਰੋ ਕਿ ਅਸੀਂ ਗ੍ਰਿਹਸਥ ਧਰਮ ਨਿਭਾਂਉਂਦੇ ਹੋਏ ਗੁਰੂ ਦੀ ਕਿਰਪਾ ਦੇ ਪਾਤਰ ਬਣ ਸਕੀਏ ਅਤੇ ਅਸੀਂ ਜਨਮ ਮਰਨ ਤੋਂ ਮੁਕਤ ਹੋ ਸਕੀਏ। ਇਸ ਦੇ ਜਵਾਬ ਵਿਚ ਧੰਨ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਕਿਹਾ ਕਿ ਜੇ ਤੁਸੀਂ ਜੀਵਨ ਵਿਚ ਦੋ ਗੱਲਾਂ ਕਦੀ ਨਹੀ ਭੁੱਲੋਗੇ ਤਾਂ ਗੁਰੂ ਦੀ ਕਿਰਪਾ ਦੇ ਪਾਤਰ ਬਣ ਜਾਉਗੇ।

**ਪਹਿਲੀ ਗੱਲ- ਕੋਈ ਵੀ ਕੰਮ ਕਰਨ ਤੋਂ ਪਹਿਲਾਂ ਮਨ ਨੂੰ ਪੁੱਛਣਾ**

**"ਗੁਰ ਕਹੈਂ ਕਿਆ-ਹਮ ਕਰੇਂ ਕਿਆ।"**

**ਦੂਜੀ ਗੱਲ - ਰੋਜ਼ ਸਾਧ ਸੰਗਤ ਵਿਚ ਜ਼ਰੂਰ ਜਾਣਾ ਹੈ।**

ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਆਪਣੇ ਆਪ ਤੋਂ ਇਹ ਪੁੱਛੀਏ ਕਿ ਇਹ ਕੰਮ ਗੁਰੂ ਦੀ ਸੋਚ ਦੇ ਮੁਤਾਬਿਕ ਹੈ ਕਿ ਨਹੀਂ। ਜੇ ਅਸੀਂ ਆਪਣੇ ਜੀਵਨ ਦੇ ਵਿਚ ਕੇਵਲ ਤੇ ਕੇਵਲ ਉਹੀ ਕੰਮ ਕਰੀਏ ਜਿਹੜੇ ਗੁਰੂ ਦੀ ਸੋਚ ਮੁਤਾਬਕ ਹਨ ਤਾਂ ਸਾਡੇ ਤੇ ਵੀ 'ਗੁਰਪ੍ਰਸਾਦਿ' ਵਰਤ ਜਾਵੇਗਾ ਅਤੇ ਅਸੀਂ ਆਪਣਾ ਜੀਵਨ ਸਫਲ ਕਰ ਲਵਾਂਗੇ।

॥ ਜਪੁ ॥

**ਆਦਿ ਸਚੁ ਜੁਗਾਦਿ ਸਚੁ ॥**

**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

**ਅਰਥ:-** ਹੇ ਨਾਨਕ! ਅਕਾਲ ਪੁਰਖ ਮੁੱਢ ਤੋਂ (ਜਗਤ ਉਤਪਤੀ ਤੋਂ ਪਹਿਲਾਂ) ਹੋਂਦ ਵਾਲਾ ਹੈ, ਜੁਗਾਂ ਦੇ ਮੁੱਢ ਤੋਂ ਮੌਜੂਦ ਹੈ । ਇਸ ਵੇਲੇ ਭੀ ਮੌਜੂਦ ਹੈ ਅਤੇ ਭਵਿੱਖ ਵਿਚ ਵੀ ਸਦਾ ਹੋਂਦ ਵਾਲਾ ਰਹੇਗਾ। ਅਕਾਲ ਪੁਰਖ ਦੀ ਹਸਤੀ ਕਦੇ ਵੀ ਖਤਮ ਨਹੀ ਹੋ ਸਕਦੀ।

**ਸਲੋਕ ਦੀ ਸਿੱਖਿਆ**

ਇਸ ਸਲੋਕ ਤੋਂ 'ਜਪੁ' ਬਾਣੀ ਦਾ ਅਰੰਭ ਹੁੰਦਾ ਹੈ । 'ਜਪੁ' ਦਾ ਅੱਖਰੀਂ ਅਰਥ ਹੈ- ਜਪਣਾ, ਸਿਮਰਨਾ, ਬੰਦਗੀ ਕਰਨਾ। 'ਜਪੁ' ਅਰਥਾਤ ਬੰਦਗੀ ਦੀ ਇਤਨੀ ਜ਼ਿਆਦਾ ਮਹੱਤਤਾ ਹੈ ਕਿ ਇਕ ਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਨੰਦ ਲਾਲ ਸਿੰਘ ਜੀ ਨੂੰ ਸੰਬੋਧਨ ਕਰਦਿਆਂ ਇਹ ਗੱਲ ਆਖੀ ਸੀ ਕਿ ਸੁਣੋ ਨੰਦ ਲਾਲ ਸਿੰਘ ਜੀ **"ਬੰਦਗੀ ਹੀ ਜ਼ਿੰਦਗੀ ਹੈ ਅਤੇ ਜਿਸ ਜ਼ਿੰਦਗੀ ਵਿਚ ਬੰਦਗੀ ਨਹੀਂ, ਉਹ ਜ਼ਿੰਦਗੀ ਨਿਰੀ ਗੰਦਗੀ ਹੈ"। 'ਜਪੁ' ਕਰਨ ਦੀ ਬਖਸ਼ਿਸ਼ ਇੰਨੀ ਜ਼ਿਆਦਾ ਨਦਰਿ ਭਰਪੂਰ ਹੈ ਕਿ ਜੀਵ ਉਸ ਪਰਮੇਸ਼ਰ ਦੇ ਨਾਮ ਨੂੰ ਜਪ ਜਪ ਕੇ ਉਸੇ ਦਾ ਹੀ ਰੂਪ ਹੋ ਨਿਬੜਦਾ ਹੈ।** ਇਸ ਸੰਬੰਧ ਵਿਚ ਗੁਰਬਾਣੀ ਦੇ ਫੁਰਮਾਨ ਹਨ:

**"ਨਾਨਕ ਹਰਿ ਜਨ ਹਰਿ ਇਕੇ ਹੋਏ ਹਰਿ ਜਪਿ ਹਰਿ ਸੇਤੀ ਰਲਿਆ॥ " (562)**

**ਅਤੇ**

**"ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥ " (ਅੰਗ: 667)**

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਗੁਰੂ ਦੇ ਸਿੱਖ ਨੇ ਪਰਮੇਸ਼ਰ ਦੇ ਨਾਮ ਨੂੰ ਹਰ ਵੇਲੇ ਜਪਣਾ ਹੈ ਅਤੇ ਉਸ ਅਕਾਲ ਪੁਰਖੁ ਦੇ ਨਾਮ ਨੂੰ ਜਪਣਾ ਹੈ ਜੋ ਆਦਿ (ਮੁੱਢ) ਤੋਂ ਸੱਚ ਹੈ, ਜੁਗਾਂ ਜੁਗਾਂਤਰਾਂ ਤੋਂ ਸੱਚ ਹੈ, ਵਰਤਮਾਨ ਵਿਚ ਵੀ ਸੱਚ ਹੈ ਅਤੇ ਭਵਿੱਖ ਵਿਚ ਵੀ ਸੱਚ ਹੀ ਰਹੇਗਾ। ਸਿੱਖ ਨੇ ਇਕ ਅਕਾਲ ਪੁਰਖੁ ਤੋਂ ਛੁੱਟ ਹੋਰ ਕਿਸੇ ਨੂੰ ਨਹੀਂ ਸਿਮਰਨਾ, ਧਿਆਉਣਾ, ਅਰਾਧਨਾ।

**ਜੇ ਕੋਈ ਸਾਨੂੰ ਪੁੱਛੇ ਕਿ ਉਸ ਦਾ ਸਿਮਰਨ ਕਿੰਨਾ ਕੁ ਕਰਨਾ ਚਾਹੀਦਾ ਹੈ ਤਾਂ ਇਸ ਦੇ ਜਵਾਬ ਵਿਚ ਗੁਰਦੇਵ ਜੀ ਦਾ ਫੁਰਮਾਨ ਹੈ:**

**"ਸਾਸਿ ਸਾਸਿ ਸਿਮਰਹੁ ਗੋਬਿੰਦ॥ ਮਨ ਅੰਤਰ ਕੀ ਉਤਰੈ ਚਿੰਦ॥ " (ਅੰਗ: 295)**

ਗੁਰੂ ਸਾਹਿਬ ਜੀ ਸਾਨੂੰ ਸਾਵਧਾਨ ਕਰਦਿਆਂ ਹੋਇਆਂ ਤਾਂ ਇਥੋਂ ਤੱਕ ਸਮਝਾਉਂਦੇ ਹਨ ਕਿ ਪਰਮਾਤਮਾ ਦਾ ਨਾਮ ਜਪਣ ਵਾਸਤੇ ਜ਼ਰਾ ਜਿੰਨੀ ਵੀ ਢਿੱਲ ਨਹੀਂ ਕਰਨੀ ਚਾਹੀਦੀ ਕਿਉਂਕਿ ਜ਼ਿੰਦਗੀ ਦਾ ਕੀ ਭਰੋਸਾ ਕਿ ਇਹ ਜ਼ਿੰਦਗੀ ਕਦੋਂ ਖਤਮ ਹੋ ਜਾਣੀ ਹੈ। ਗੁਰਬਾਣੀ ਦਾ ਫੁਰਮਾਨ ਹੈ:

**"ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ**
**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥ " (ਅੰਗ: 540)**

# ਪਹਿਲੀ ਪਉੜੀ

**ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥**
**ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥**
**ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥**
**ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥**
**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**
**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥**੧॥

**ਪਦ-ਅਰਥ:- ਸੋਚੈ**-ਸੁਚਿ ਰੱਖਣ ਨਾਲ। **ਸੋਚਿ**-ਪਵਿੱਤਰਤਾ।**ਸੋਚੀ**- ਸੋਚੀਂ, ਮੈਂ ਸੁੱਚ ਰੱਖਾਂ। **ਚੁਪੈ**-ਚੁੱਪ ਕਰ ਰਹਿਣ ਨਾਲ। **ਚੁਪ**-ਮਨ ਦਾ ਟਿਕਾਉ।**ਲਿਵ ਤਾਰ**-ਇਕ-ਤਾਰ (ਲਗਾਤਾਰ) ਸਮਾਧੀ।**ਭੁਖਿਆ**-ਤ੍ਰਿਸ਼ਨਾ ਦੇ ਅਧੀਨ ਰਿਹਾਂ।**ਬੰਨਾ**-ਬੰਨ੍ਹਾਂ, ਬੰਨ੍ਹ ਲਵਾਂ, ਸਾਂਭ ਲਵਾਂ।**ਪੁਰੀਆ ਭਾਰ**-ਸਾਰੇ ਭਵਣਾਂ ਦੇ ਪਦਾਰਥਾਂ ਦੇ ਢੇਰ।**ਸਹਸ**-ਹਜ਼ਾਰ। **ਸਿਆਣਪਾ**-ਚਤੁਰਾਈਆਂ। **ਹੋਹਿ**-ਹੋਵਣ।**ਸਚਿਆਰਾ**-ਸੱਚੇ ਦੇ ਪ੍ਰਕਾਸ਼ ਹੋਣ ਲਈ ਯੋਗ। **ਹੁਕਮਿ**-ਹੁਕਮ ਵਿਚ। **ਰਜਾਈ**-ਰਜ਼ਾ ਵਾਲਾ, ਅਕਾਲ ਪੁਰਖ। **ਨਾਲਿ**-ਜੀਵ ਦੇ ਨਾਲ ਹੀ, ਧੁਰ ਤੋਂ ਹੀ, ਜਦ ਤੋਂ ਜਗਤ ਬਣਿਆ ਹੈ ।੧।

**ਅਰਥ:-** ਜੇ ਮੈਂ ਲੱਖ ਵਾਰੀ ਭੀ ਤੀਰਥ ਇਸ਼ਨਾਨ ਆਦਿਕ ਨਾਲ ਸਰੀਰ ਦੀ ਸੁੱਚ ਰੱਖਾਂ ਤਾਂ ਭੀ ਇਸ ਤਰ੍ਹਾਂ ਸਰੀਰਕ ਸੁੱਚ ਰੱਖਣ ਨਾਲ ਮਨ ਦੀ ਸੁੱਚ ਨਹੀਂ ਰਹਿ ਸਕਦੀ। ਜੇ ਮੈਂ ਸਰੀਰ ਦੀ ਇਕ-ਤਾਰ ਸਮਾਧੀ ਲਾਈ ਰੱਖਾਂ ਤਾਂ ਭੀ ਇਸ ਤਰ੍ਹਾਂ ਬਾਹਰੋਂ ਚੁੱਪ ਕਰ ਰਹਿਣ ਨਾਲ ਮਨ ਦੀ ਸ਼ਾਂਤੀ ਨਹੀਂ ਹੋ ਸਕਦੀ।ਜੇ ਮੈਂ ਸਾਰੇ ਭਵਣਾਂ ਦੇ ਪਦਾਰਥਾਂ ਦੇ ਢੇਰ ਭੀ ਸਾਂਭ ਲਵਾਂ ਤਾਂ ਭੀ ਤ੍ਰਿਸ਼ਨਾ ਦੇ ਅਧੀਨ ਰਿਹਾਂ, ਤ੍ਰਿਸ਼ਨਾ (ਮਨ ਦੀ ਭੁੱਖ) ਦੂਰ ਨਹੀਂ ਹੋ ਸਕਦੀ। ਜੇ ਮੇਰੇ ਵਿਚ ਹਜ਼ਾਰਾਂ ਤੇ ਲੱਖਾਂ ਚਤੁਰਾਈਆਂ ਹੋਵਣ, ਤਾਂ ਭੀ ਉਹਨਾਂ ਵਿਚੋਂ ਇਕ ਭੀ ਚਤੁਰਾਈ ਰੱਬੀ ਦਰਗਾਹ ਵਿਚ ਸਾਥ ਨਹੀਂ ਦੇਂਦੀ।ਤਾਂ ਫਿਰ ਅਕਾਲ ਪੁਰਖ ਦਾ ਪ੍ਰਕਾਸ਼ ਹੋਣ ਲਈ ਯੋਗ ਕਿਵੇਂ ਬਣ ਸਕੀਦਾ ਹੈ ਅਤੇ ਸਾਡੇ ਅੰਦਰ ਦਾ ਕੂੜ ਦਾ ਪਰਦਾ ਕਿਵੇਂ ਟੁੱਟ ਸਕਦਾ ਹੈ? ਇਸ ਦਾ ਉੱਤਰ ਹੈ ਕਿ ਰਜ਼ਾ ਦੇ ਮਾਲਕ ਅਕਾਲ ਪੁਰਖ ਦੇ ਹੁਕਮ ਵਿਚ ਤੁਰਨਾ, ਇਹੀ ਇਕ ਵਸੀਲਾ ਹੈ ਜਿਸ ਨਾਲ ਕੂੜ ਦੀ ਕੰਧ ਟੁੱਟ ਸਕਦੀ ਹੈ। ਹੇ ਨਾਨਕ! ਇਹ ਵਿਧੀ ਧੁਰ ਤੋਂ ਹੀ, ਜਦੋਂ ਤੋਂ ਜਗਤ ਬਣਿਆ ਹੈ, ਜੀਵ ਦੇ ਨਾਲ ਲਿਖੀ ਹੋਈ ਚਲੀ ਆ ਰਹੀ ਹੈ।੧।

**ਨੋਟ:- ਇਸ ਪੁਸਤਕ ਵਿੱਚ ਹਰ ਇਕ ਪਉੜੀ ਵਿੱਚ ਯੋਗ ਥਾਵਾਂ ਤੇ ਅਰਧ-ਬਿਸਰਾਮ(,) ਦੇਣ ਲਈ ਸ਼ਬਦਾਂ ਵਿੱਚਕਾਰ ਜ਼ਿਆਦਾ ਥਾਂ (space) ਦੇ ਕੇ ਸ਼ਬਦਾਂ ਨੂੰ ਨਖੇੜਿਆ ਗਿਆ ਹੈ । ਜ਼ਿਆਦਾ ਥਾਂ (space) ਵਾਲੀ ਜਗ੍ਹਾਂ ਤੇ ਬਿਸਰਾਮ ਦੇ ਕੇ ਭਾਵ (ਥੋੜ੍ਹਾ ਰੁੱਕ ਕੇ) ਪਾਠ ਕਰਨਾ ਹੈ ਜਿਵੇਂ ਕਿ 'ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ'॥**

**ਉਚਾਰਨ ਪਾਠ:-** ਸੋਚੀਂ, ਰਹਾਂ, ਭੁਖਿਆਂ, ਪੁਰੀਆਂ, ਸਿਆਣਪਾਂ, ਹੋਹਿਂ ਸ਼ਬਦਾਂ ਦਾ ਪਾਠ ਬਿੰਦੀ ਸਹਿਤ ਕਰਨਾ ਹੈ। ਰਜਾਈ ਸ਼ਬਦ ਦਾ ਉਚਾਰਨ 'ਜ' ਦੇ ਪੈਰੀ ਬਿੰਦੀ ਲਗਾ ਕੇ 'ਰਜ਼ਾਈ' ਕਰਨਾ ਹੈ ਕਿਉਂਕਿ ਇਹ ਅਰਬੀ ਦਾ ਸ਼ਬਦ ਹੈ। 'ਬੰਨਾ' ਦਾ ਉਚਾਰਨ 'ਬੰਨ੍ਹਾ' ਹੈ।

# ਪਹਿਲੀ ਪਉੜੀ ਦੀ ਸਿੱਖਿਆ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਦੋਂ ਪ੍ਰਕਾਸ਼ ਹੋਇਆ ਤਾਂ ਉਸ ਸਮੇਂ ਦੇ ਪਰਮਾਰਥ ਦੇ ਰਸਤੇ ਤੇ ਤੁਰਨ ਵਾਲੇ ਪਾਂਧੀ ਸੋਚਦੇ ਸਨ ਕਿ ਵੱਖਰੇ ਵੱਖਰੇ ਤਰ੍ਹਾਂ ਦੇ ਕਰਮ ਕਰਕੇ ਉਨ੍ਹਾਂ ਦਾ ਪਰਮੇਸਰ ਨਾਲ ਮਿਲਾਪ ਹੋ ਸਕਦਾ ਹੈ। ਗੁਰਦੇਵ ਪਿਤਾ ਜੀ ਨੇ ਉਹਨਾਂ ਕਰਮਾ ਕਾਂਡਾਂ ਦਾ ਖੰਡਨ ਕਰਕੇ, ਪਰਮਾਰਥ ਦੇ ਪਾਂਧੀ ਲਈ, ਸੱਚੇ ਦੇ ਦਰ ਤੇ ਸਚਿਆਰ ਹੋਣ ਦੀ ਜੋ ਜੁਗਤਿ ਬਖਸ਼ੀ, ਉਹ ਹੈ :-

**"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥"**

ਅਤੇ ਇਹੀ ਹੈ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਨਿਰਾਲਾ ਪੰਥ ਜਿਸ ਬਾਰੇ ਭਾਈ ਗੁਰਦਾਸ ਜੀ ਨੇ ਕਿਹਾ ਹੈ :-

**"ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।"**

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਵੇਲੇ ਜੋ ਹੇਠ ਲਿਖੇ ਕਰਮ ਕਾਂਡ ਚਲ ਰਹੇ ਸਨ, ਸਤਿਗੁਰੂ ਜੀ ਨੇ ਉਨ੍ਹਾਂ ਦਾ ਖੰਡਨ ਕੀਤਾ।

**"ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ"** ਅਰਥਾਤ ਬਾਹਰਲੀ ਸੁੱਚਮਤਾ ਇਸ ਸੰਬੰਧ ਵਿਚ ਕਿਸੇ ਕੰਮ ਦੀ ਨਹੀਂ (ਵੇਖੋ 'ਵੈਸ਼ਨੋ ਸਾਧ ਵਾਲੀ ਸਾਖੀ' ਪੰਨਾ ਨੰਬਰ 123 ਤੇ)

**"ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ"** ਅਰਥਾਤ ਮੌਨ ਵਰਤ ਧਾਰਨ ਕਰਨ ਨਾਲ ਅਤੇ ਝੂਠੀ ਮੂਠੀ ਦੀਆਂ ਅੱਖਾਂ ਬੰਦ ਕਰਨ ਨਾਲ ਵੀ ਸਚਿਆਰ ਨਹੀਂ ਬਣ ਸਕੀਦਾ । (ਵੇਖੋ 'ਕਲਜੁਗ ਪੰਡੇ ਵਾਲੀ ਸਾਖੀ' ਪੰਨਾ ਨੰਬਰ 125 ਤੇ)

**"ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ"** ਅਰਥਾਤ ਦੁਨੀਆ ਦੇ ਪਦਾਰਥ ਜਿੰਨੇ ਮਰਜੀ ਇਕੱਠੇ ਕਰ ਲਏ ਜਾਣ ਤਾਂ ਵੀ ਸਾਡੇ ਮਨ ਦੀ ਤ੍ਰਿਸ਼ਨਾ ਨਹੀਂ ਬੁੱਝ ਸਕਦੀ ਅਤੇ ਅਸੀਂ ਸਚਿਆਰੇ ਨਹੀਂ ਬਣ ਸਕਦੇ। (ਵੇਖੋ 'ਕਾਰੂੰ ਬਾਦਸ਼ਾਹ ਵਾਲੀ ਸਾਖੀ' ਪੰਨਾ ਨੰਬਰ 127 ਤੇ)

**ਹੁਣ ਸਵਾਲ ਇਹ ਉਠੇਗਾ ਕਿ ਜੀਵ ਸਚਿਆਰਾ ਕਿਵੇਂ ਹੋਵੇ ਅਤੇ ਇਸਦੇ ਅੰਦਰੋਂ ਝੂਠ ਦੀ ਕੰਧ ਕਿਵੇਂ ਟੁੱਟੇ? ਤਾਂ** ਇਸਦੇ ਜਵਾਬ ਵਿਚ ਗੁਰੂ ਸਾਹਿਬ ਫੈਸਲਾ ਦਿੰਦੇ ਹਨ ਕਿ **"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ"** ॥

## ਰਜ਼ਾ ਕੀ ਹੈ?

ਹੁਕਮੀ ਪਰਮੇਸ਼ਰ ਦੇ ਹੁਕਮ ਵਿੱਚ ਜੀਊਣਾ ਹੀ ਰਜ਼ਾ ਹੈ। ਗੁਰਦੇਵ ਜੀ ਦਾ ਫੁਰਮਾਨ ਹੈ:-

**"ਬੰਦਿ ਖਲਾਸੀ ਭਾਣੈ ਹੋਇ ॥**
**ਹੋਰੁ ਆਖਿ ਨ ਸਕੈ ਕੋਇ ॥"**

**ਬੰਦਿ ਖਲਾਸੀ** ਭਾਵ ਬੰਧਨਾਂ ਤੋਂ ਛੁਟਕਾਰਾ ਅਕਾਲ ਪੁਰਖ ਦੀ ਰਜ਼ਾ ਵਿੱਚ ਤੁਰਿਆਂ ਹੀ ਹੁੰਦਾ ਹੈ । ਬੰਦੇ ਨੇ ਆਪਣੇ ਜੀਵਨ ਦੇ ਸਾਰੇ ਕੰਮ ਤਾਂ ਜੀਅ ਲਗਾ ਕੇ ਕਰਨੇ ਹਨ ਪਰ ਕਰਨ ਤੋਂ ਬਾਦ ਉਹ ਪਰਮਾਤਮਾ ਨੂੰ ਅਰਪਣ ਕਰਨੇ ਹਨ ਅਤੇ ਅਗੋਂ ਅਕਾਲ ਪੁਰਖ ਦੀ ਜਿਵੇਂ ਰਜ਼ਾ ਹੋਵੇ, ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰ ਲੈਣਾ ਹੈ।

ਉਦਾਹਰਣ ਵਜੋਂ-ਕੋਈ ਬੱਚਾ IAS ਬਣਨਾ ਚਾਹੁੰਦਾ ਹੈ। ਉਸ ਲਈ ਉਹ ਮਿਹਨਤ ਪੂਰੀ ਕਰਦਾ ਹੈ, ਵਧੀਆ ਅਧਿਆਪਕਾਂ ਤੋਂ ਸਿੱਖਿਆ ਵੀ ਲੈਂਦਾ ਹੈ, IAS ਦਾ ਟੈਸਟ ਵੀ ਦਿੰਦਾ ਹੈ। ਪਰ ਜਦੋਂ ਉਸ ਦਾ ਨਤੀਜਾ ਆਉਂਦਾ ਹੈ ਤਾਂ ਉਹ ਕੀ ਦੇਖਦਾ ਹੈ ਕਿ ਉਸ ਦੇ ਨੰਬਰ ਘੱਟ ਆਏ ਹਨ ਜਿਸ ਕਰਕੇ ਉਸ ਦੀ IAS ਦੀ ਥਾਂ ਤੇ Allied Services ਵਿਚ ਨਿਯੁਕਤੀ ਹੋਈ ਹੈ। ਉਹ ਦੁਬਾਰਾ ਫਿਰ ਦੋ-ਤਿੰਨ ਵਾਰ IAS ਦਾ ਟੈਸਟ ਦਿੰਦਾ ਹੈ ਪਰ ਹਰ ਵਾਰ ਉਸ ਦੇ ਨੰਬਰ ਘੱਟ ਆਉਣ ਕਰਕੇ ਉਸ ਦੀ ਨਿਯੁਕਤੀ ਦੁਬਾਰਾ Allied Services ਵਿਚ ਹੀ ਹੋ ਜਾਂਦੀ ਹੈ ਅਤੇ ਉਸ ਦੇ IAS ਦੇ ਪੇਪਰ ਦੇਣ ਦੇ ਮੌਕੇ ਵੀ ਖਤਮ ਹੋ ਜਾਂਦੇ ਹਨ। ਇਹ ਦੇਖ ਕੇ ਉਸ ਨੂੰ ਰੋਸ ਵਿਚ ਨਹੀਂ ਜਾਣਾ ਚਾਹੀਦਾ, ਨਾ ਹੀ ਨਿਰਾਸ਼ ਹੋਣਾ ਚਾਹੀਦਾ ਹੈ ਬਲਕਿ ਇਸ ਨੂੰ ਪਰਮੇਸ਼ਰ ਦੀ ਰਜ਼ਾ ਜਾਣ ਕੇ ਖਿੜੇ ਮੱਥੇ ਮੰਨ ਲੈਣਾ ਚਾਹੀਦਾ ਹੈ ।

ਇਸ ਸੰਬੰਧ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬੇਟੀ ਬੀਬੀ ਭਾਨੀ ਜੀ ਨੂੰ ਜੋ ਤਿੰਨ ਉਪਦੇਸ਼ ਦਿੱਤੇ ਸਨ ਉਹਨਾਂ ਵਿੱਚ **"ਭਾਣੇ ਨੂੰ ਮੰਨਣਾ"** ਵੀ ਇੱਕ ਉਪਦੇਸ਼ ਹੈ। ਬਾਕੀ ਦੇ ਦੋ ਉਪਦੇਸ਼ ਹਨ '**ਭਲਾ ਜੀ**' ਤੇ '**ਭੁੱਲੀ ਜੀ**' ।

# ਦੂਜੀ ਪਉੜੀ

**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥**
**ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥**
**ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥**
**ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥**
**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥**
**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥**

**ਪਦ-ਅਰਥ:- ਹੁਕਮੀ**-ਅਕਾਲ ਪੁਰਖ ਦੇ ਹੁਕਮ ਅਨੁਸਾਰ। **ਆਕਾਰ**-ਸਰੀਰ। **ਪਾਈਅਹਿ**-ਪਾਈਦੇ ਹਨ। **ਇਕਨਾ**-ਕਈ ਮਨੁੱਖਾਂ ਨੂੰ। **ਇਕਿ**-ਕਈ। **ਭਵਾਈਅਹਿ**-ਭਵਾਈਦੇ ਹਨ।੨।

**ਅਰਥ:-** ਅਕਾਲ ਪੁਰਖ ਦੇ ਹੁਕਮ ਅਨੁਸਾਰ ਸਾਰੇ ਸਰੀਰ ਬਣਦੇ ਹਨ ਪਰ ਇਹ ਹੁਕਮ ਦੱਸਿਆ ਨਹੀਂ ਜਾ ਸਕਦਾ ਕਿ ਕਿਹੋ ਜਿਹਾ ਹੈ। ਰੱਬ ਦੇ ਹੁਕਮ ਅਨੁਸਾਰ ਹੀ ਸਾਰੇ ਜੀਵ ਪੈਦਾ ਹੁੰਦੇ ਹਨ ਅਤੇ ਹੁਕਮ ਅਨੁਸਾਰ ਹੀ ਜੀਵਾਂ ਨੂੰ ਰੱਬ ਦੇ ਦਰ 'ਤੇ ਸ਼ੋਭਾ ਮਿਲਦੀ ਹੈ। ਰੱਬੀ ਹੁਕਮ ਅਨੁਸਾਰ ਕੋਈ ਮਨੁੱਖ ਚੰਗਾ ਤੇ ਕੋਈ ਭੈੜਾ ਬਣ ਜਾਂਦਾ ਹੈ। ਉਸ ਦੇ ਹੁਕਮ ਵਿਚ ਹੀ, (ਕੀਤੇ ਹੋਏ ਕਰਮਾਂ ਦੇ ਲਿਖੇ ਅਨੁਸਾਰ) ਦੁੱਖ ਤੇ ਸੁਖ ਭੋਗੀਦੇ ਹਨ। ਹੁਕਮ ਵਿਚ ਹੀ ਕਈ ਮਨੁੱਖਾਂ ਉੱਤੇ ਅਕਾਲ ਪੁਰਖ ਦੇ ਦਰ ਤੋਂ ਬਖ਼ਸ਼ਸ਼ ਹੁੰਦੀ ਹੈ ਅਤੇ ਉਸ ਦੇ ਹੁਕਮ ਵਿਚ ਹੀ ਕਈ ਮਨੁੱਖ ਨਿੱਤ ਜਨਮ-ਮਰਨ ਦੇ ਗੇੜ ਵਿਚ ਭਵਾਈਦੇ ਹਨ। ਹਰੇਕ ਜੀਵ ਰੱਬ ਦੇ ਹੁਕਮ ਵਿਚ ਹੀ ਹੈ, ਕੋਈ ਜੀਵ ਹੁਕਮ ਤੋਂ ਬਾਹਰ ਨਹੀਂ ਹੋ ਸਕਦਾ। ਹੇ ਨਾਨਕ! ਜੇ ਕੋਈ ਮਨੁੱਖ ਅਕਾਲ ਪੁਰਖ ਦੇ ਹੁਕਮ ਨੂੰ ਸਮਝ ਲਏ ਤਾਂ ਫਿਰ ਉਹ ਹਉਮੈ ਵਾਲੀਆਂ ਭਾਵ ਸੁਆਰਥ ਦੀਆਂ ਗੱਲਾਂ ਨਹੀਂ ਕਰਦਾ।੨।

**ਉਚਾਰਨ ਪਾਠ:-** ਆਕਾਰ ਸ਼ਬਦ ਨੂੰ ਅਕਾਰ ਨਹੀਂ ਪੜ੍ਹਨਾ। 'ਅ' ਨੂੰ ਲੱਗਿਆ ਕੰਨਾ ਬੁਲਾ ਕੇ 'ਆਕਾਰ' ਪਾਠ ਕਰਨਾ ਹੈ। 'ਜੀਅ' ਸ਼ਬਦ ਦਾ ਉਚਾਰਨ ਜੀਆ ਨਹੀਂ ਕਰਨਾ। 'ਅ' ਕੇਵਲ 'ਜ' ਅੱਖਰ ਨੂੰ ਲੱਗੀ 'ਲਗ ਮਾਤਰਾ' 'ਬਿਹਾਰੀ' ਦੀ ਆਵਾਜ ਲੰਬੀ ਕਰਨ ਲਈ ਹੈ। ਸੋ ਸ਼ੁੱਧ ਉਚਾਰਨ ਬਿਹਾਰੀ ਦੀ ਆਵਾਜ਼ ਜ਼ਰਾ ਲਮਕਾ ਕੇ 'ਜੀ' ਹੀ ਹੋਵੇਗਾ। 'ਪਾਈਅਹਿੰ' ਤੇ 'ਭਵਾਈਅਹਿੰ' ਸ਼ਬਦ ਬਿੰਦੀ ਸਹਿਤ ਉਚਾਰਨ ਕਰਨੇ ਹਨ ਕਿਉਂਕਿ ਇਹ ਬਹੁ ਵਚਨ ਦੇ ਲਖਾਇਕ ਹਨ। 'ਬਖਸੀਸ' ਦਾ ਸ਼ੁੱਧ ਉਚਾਰਨ ਬਖਸ਼ੀਸ਼ ਹੈ।੨।

# ਦੂਜੀ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

**"ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ...॥"**

ਅਕਾਲ ਪੁਰਖੁ ਦੇ ਹੁਕਮ ਵਿੱਚ ਹੀ ਸਾਨੂੰ ਸਭ ਨੂੰ ਸ਼ਰੀਰ ਪ੍ਰਾਪਤ ਹੋਏ ਹਨ। ਅਕਾਲ ਪੁਰਖ ਦੇ ਉਸ ਹੁਕਮ ਦਾ ਕਥਨ ਕਰਨਾ ਜਿਸ ਦੇ ਮੁਤਾਬਕ ਉਸ ਨੇ ਇਹ ਸਾਰੀ ਰਚਨਾ ਕੀਤੀ ਹੈ ਅਤੇ ਮਨੁਖਾਂ ਦੇ ਸਿਰ ਤੇ ਲੇਖ ਲਿਖੇ ਹਨ, ਕਿਸੇ ਮਨੁਖ ਲਈ ਵੀ ਸੰਭਵ ਨਹੀਂ। ਉਸ ਦੇ ਹੁਕਮ ਵਿੱਚ ਹੀ ਬੰਦੇ ਇਕ ਦੂਜੇ ਦੇ ਸੰਗੀ ਸਾਥੀ ਬਣਦੇ ਹਨ ਅਤੇ ਬੰਦਿਆਂ ਨੂੰ ਵਡਿਆਈਆਂ ਮਿਲਦੀਆਂ ਹਨ । ਪਰ ਕਈ ਬੰਦੇ ਅਪਨੇ ਸ਼ਰੀਰ ਦੇ ਆਕਾਰ ਨੂੰ ਲੈ ਕੇ ਪਰਮਾਤਮਾ ਨੂੰ ਕੋਸਦੇ ਰਹਿੰਦੇ ਹਨ ਅਤੇ ਕਈ ਬੰਦੇ ਕਿਸੇ ਦੂਸਰੇ ਦੇ ਸ਼ਰੀਰ ਨੂੰ ਦੇਖ ਕੇ ਉਸ ਦਾ ਮਜ਼ਾਕ ਵੀ ਉੜਾ ਦੇਂਦੇਂ ਹਨ । ਕਈ ਇਸ ਗੱਲ ਦਾ ਵੀ ਉਲਾਂਭਾ ਦੇਂਦੇ ਹਨ ਕਿ ਹੇ ਪਰਮਾਤਮਾ! ਤੁਸੀ ਮੈਨੂੰ ਕਿਸ ਤਰ੍ਹਾਂ ਦੇ ਸੰਗੀ ਸਾਥੀ ਦਿੱਤੇ ਅਤੇ ਮੈਨੂੰ ਜੀਵਨ ਵਿੱਚ ਵਡਿਆਈ ਕਿਉਂ ਨਹੀਂ ਮਿਲਦੀ ? ਉਹ ਇਹ ਗੱਲ ਭੁੱਲ ਜਾਂਦੇ ਹਨ ਕਿ :-

**"ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥" (ਅੰਗ: 433)**

ਅਰਥਾਤ ਕਿਸੇ ਹੋਰ ਨੂੰ ਦੋਸ਼ ਨਹੀ ਦੇਣਾ ਚਾਹੀਦਾ । ਦੋਸ਼ ਤਾਂ ਪਿਛਲੇ ਕੀਤੇ ਕਰਮਾਂ ਦਾ ਹੈ । ਜਿਹੋ ਜਿਹਾ ਮੈਂ ਬੀਜਿਆ ਹੈ, ਉਹੋ ਜਿਹਾ ਫਲ ਮੈਨੂੰ ਮਿਲਿਆ ਹੈ । **ਇਸ ਤੋਂ ਅਸੀਂ ਇਹ ਸਿਖਿਆ ਲੈਣੀ ਹੈ ਕਿ** ਜੇ ਕੀਤੇ ਕਰਮਾਂ ਦਾ ਹੀ ਫਲ ਪਾਉਣਾ ਹੈ ਤਾਂ ਅਗੋਂ ਮੈਂ ਕੋਈ ਗਲਤ ਕੰਮ ਨਾ ਕਰਾਂ ਜਿਸ ਦਾ ਬਾਅਦ ਵਿੱਚ ਮੈਨੂੰ ਪਛਤਾਵਾ ਹੋਵੇ । ਇਸ ਸਬੰਧ ਵਿੱਚ ਗੁਰਬਾਣੀ ਫੁਰਮਾਨ ਵੀ ਹੈ:-

**"ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥" (ਅੰਗ: 918)**

ਅਤੇ ਪਿਛਲੇ ਅਉਗੁਣਾਂ ਨੂੰ ਬਖਸ਼ਾਉਣ ਲਈ ਅਰਦਾਸ ਕਰਨੀ ਹੈ ਕਿ :-

**"ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥" (ਅੰਗ: 624)**

# ਦੂਜੀ ਸਿੱਖਿਆ

## "ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
## ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ"

ਅਰਥਾਤ ਸਾਰਾ ਕੁਝ ਉਸਦੇ ਹੁਕਮ ਵਿਚ ਹੋ ਰਿਹਾ ਹੈ ਅਤੇ ਉਸਦੇ ਹੁਕਮ ਤੋਂ ਬਾਹਰ ਕੁਝ ਵੀ ਨਹੀਂ । ਜੇ ਕੋਈ ਮਨੁੱਖ ਅਕਾਲ ਪੁਰਖੁ ਦੇ ਹੁਕਮ ਨੂੰ ਸਮਝ ਲਵੇ ਤਾਂ ਫਿਰ ਉਹ ਹਉਮੈ ਵਾਲੀਆਂ ਗੱਲਾਂ ਨਹੀਂ ਕਰੇਗਾ ਪਰ ਮਨੁੱਖ ਦਾ ਸੁਭਾਅ ਇਹ ਹੈ ਕਿ ਜੇ ਕੁਝ ਮਾੜਾ ਹੋ ਜਾਏ ਤਾਂ ਉਸ ਦਾ ਦੋਸ਼ ਪਰਮਾਤਮਾ ਨੂੰ ਦਿੰਦਾ ਹੈ ਪਰ ਜੇਕਰ ਇਸ ਕੋਲੋਂ ਕੁਝ ਚੰਗਾ ਹੋ ਜਾਏ ਤਾਂ ਉਸ ਦਾ ਸਿਲ੍ਹਾ (Credit) ਆਪ ਲੈਂਦਾ ਹੈ । ਸੋਚਣ ਵਾਲੀ ਗੱਲ ਇਹ ਹੈ ਕਿ ਇਸ ਬੰਦੇ ਨੂੰ ਜਿੰਦ ਤੇ ਸ਼ਰੀਰ ਦੇਣ ਵਾਲਾ ਤਾਂ ਪਰਮਾਤਮਾ ਹੈ ਪਰ ਇਹ ਬੰਦਾ ਸ਼ੁਕਰ ਕਰਨ ਦੀ ਥਾਂ ਮੈਂ-ਮੈਂ ਕਰਨ ਲੱਗ ਪੈਂਦਾ ਹੈ ਅਤੇ ਕਹਿੰਦਾ ਹੈ ਕਿ ਇਹ ਕਾਰਜ ਮੇਰੀ ਸਿਆਣਪ ਕਰਕੇ ਸਿਰੇ ਚੜਿਆ ਹੈ ਯਥਾ :-

**"ਦਾਤਿ ਜੋਤਿ ਸਭ ਸੂਰਤਿ ਤੇਰੀ ॥**
**ਬਹੁਤੁ ਸਿਆਣਪ ਹਉਮੈ ਮੇਰੀ ॥" (ਅੰਗ: 1251)**

**ਇਸ ਤੋਂ ਇਹ ਸਿਖਿਆ ਲੈਣੀ ਹੈ ਕਿ** ਸਾਡੇ ਕੋਲੋਂ ਕੋਈ ਵੀ ਚੰਗਾ ਕੰਮ ਹੋ ਜਾਵੇ ਤਾਂ ਅਸੀ ਹਉਮੈ ਨਹੀਂ ਕਰਨੀ ਬਲਕਿ ਪਰਮਾਤਮਾ ਦਾ ਧੰਨਵਾਦ ਕਰਨਾ ਹੈ। ਉਸ ਕੰਮ ਦਾ ਸਾਰਾ ਸਿਲ੍ਹਾ ਪਰਮਾਤਮਾ ਨੂੰ ਹੀ ਦੇਣਾ ਚਾਹੀਦਾ ਹੈ। ਜੇ ਇਹ ਗੱਲ ਸਾਡੇ ਜੀਵਨ ਦਾ ਅੰਗ ਬਣ ਜਾਵੇ ਤਾਂ ਫਿਰ ਸਾਡੀ ਮੈਂ ਤੇ ਮੇਰੀ ਮਿੱਟ ਜਾਵੇਗੀ ਅਤੇ ਸਾਡੇ ਅੰਦਰੋਂ ਕੂੜ ਦੀ ਕੰਧ ਟੁੱਟ ਜਾਵੇਗੀ। ਸਾਨੂੰ ਇਹ ਗਲ ਯਾਦ ਰਖਨੀ ਚਾਹੀਦੀ ਹੈ **ਕਿ ਹਉਮੈ ਦਾ ਵਿਨਾਸ਼ ਹੀ ਪ੍ਰਮਾਤਮਾ ਨਾਲ ਮਿਲਾਪ ਹੈ।ਯਥਾ:-**

**"ਹਉਮੈ ਬੂਝੈ ਤਾ ਦਰੁ ਸੂਝੈ ॥" (ਅੰਗ: 466)**

# ਤੀਜੀ ਪਉੜੀ

**ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥ ਗਾਵੈ ਕੋ ਦਾਤਿ ਜਾਣੈ ਨੀਸਾਣੁ॥**
**ਗਾਵੈ ਕੋ ਗੁਣ ਵਡਿਆਈਆ ਚਾਰ॥**
**ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥**
**ਗਾਵੈ ਕੋ ਸਾਜਿ ਕਰੇ ਤਨੁ ਖੇਹ॥ ਗਾਵੈ ਕੋ ਜੀਅ ਲੈ ਫਿਰਿ ਦੇਹ॥**
**ਗਾਵੈ ਕੋ ਜਾਪੈ ਦਿਸੈ ਦੂਰਿ॥ ਗਾਵੈ ਕੋ ਵੇਖੈ ਹਾਦਰਾ ਹਦੂਰਿ॥**
**ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥**
**ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥**
**ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥੩॥**

**ਪਦ-ਅਰਥ:- ਤਾਣੁ**-ਬਲ।**ਨੀਸਾਣੁ**-ਬਖ਼ਸ਼ਸ਼ ਦਾ ਨਿਸ਼ਾਨ।**ਚਾਰ**-ਸੁੰਦਰ।**ਵਿਖਮੁ**-ਕਠਨ। **ਵੀਚਾਰੁ**-ਗਿਆਨ।**ਸਾਜਿ**-ਪੈਦਾ ਕਰਕੇ।**ਖੇਹ**-ਸੁਆਹ। **ਜੀਅ-**ਜਿੰਦ।**ਦੇਹ**-ਦੇ ਦੇਂਦਾ ਹੈ। **ਜਾਪੈ**-ਜਾਪਦਾ ਹੈ।**ਤੋਟਿ**-ਅੰਤ।**ਕੋਟਿ**-ਕ੍ਰੋੜ।**ਕੋਟੀ-**ਕਰੋੜਾਂ ਵਾਰੀ।**ਹੁਕਮੀ ਹੁਕਮੁ**-ਹੁਕਮ ਵਾਲੇ ਰੱਬ ਦਾ ਹੁਕਮ। **ਰਾਹੁ**-ਸੰਸਾਰ ਦੀ ਕਾਰ। **ਵਿਗਸੈ**-ਪਰਸੰਨ ਹੈ।।੩।

**ਅਰਥ:-** ਜਿਸ ਜੀਵ ਪਾਸ ਅਕਾਲ ਪੁਰਖ ਦਾ ਬਖਸ਼ਿਆ ਬਲ ਹੁੰਦਾ ਹੈ ਉਹ ਅਕਾਲ ਪੁਰਖ ਜੀ ਦੇ ਬਲ ਨੂੰ ਵੇਖ ਕੇ ਗੁਣ ਗਾਇਨ ਕਰਦਾ ਹੈ। ਕੋਈ ਜੀਵ ਅਕਾਲ ਪੁਰਖ ਦੀਆਂ ਦਾਤਾਂ ਨੂੰ ਰੱਬ ਦੀ ਰਹਿਮਤ ਦਾ ਨਿਸ਼ਾਨ ਸਮਝ ਕੇ ਉਸ ਦੇ ਗੁਣ ਗਾਇਨ ਕਰਦਾ ਹੈ। ਕੋਈ ਮਨੁੱਖ ਰੱਬ ਦੇ ਸੋਹਣੇ ਗੁਣਾਂ ਤੇ ਸੋਹਣੀਆਂ ਵਡਿਆਈਆਂ ਦਾ ਵਰਣਨ ਕਰਦਾ ਹੈ। ਕੋਈ ਮਨੁੱਖ ਵਿੱਦਿਆ ਦੇ ਬਲ ਨਾਲ ਅਕਾਲ ਪੁਰਖ ਦੇ ਕਠਨ ਗਿਆਨ ਨੂੰ ਗਾਉਂਦਾ ਹੈ । ਕੋਈ ਮਨੁੱਖ ਇਉਂ ਗਾਉਂਦਾ ਹੈ, 'ਅਕਾਲ ਪੁਰਖ ਸਰੀਰ ਨੂੰ ਬਣਾ ਕੇ ਫਿਰ ਸੁਆਹ ਕਰ ਦੇਂਦਾ ਹੈ'। ਕੋਈ ਇਉਂ ਗਾਉਂਦਾ ਹੈ, 'ਅਕਾਲ ਪੁਰਖ ਸਰੀਰਾਂ ਵਿਚੋਂ ਜਿੰਦ ਕੱਢ ਕੇ ਫਿਰ ਦੂਜੇ ਸਰੀਰਾਂ ਵਿਚ ਪਾ ਦੇਂਦਾ ਹੈ'। ਕੋਈ ਮਨੁੱਖ ਆਖਦਾ ਹੈ, 'ਅਕਾਲ ਪੁਰਖ ਦੂਰ ਜਾਪਦਾ ਹੈ, ਦੂਰ ਦਿੱਸਦਾ ਹੈ'; ਪਰ ਕੋਈ ਆਖਦਾ ਹੈ, 'ਨਹੀਂ, ਨੇੜੇ ਹੈ, ਸਭ ਥਾਈਂ ਹਾਜ਼ਰ ਨਾਜ਼ਰ ਹੈ'। ਕ੍ਰੋੜਾਂ ਹੀ ਜੀਵਾਂ ਨੇ ਬੇਅੰਤ ਵਾਰੀ ਅਕਾਲ ਪੁਰਖ ਦੇ ਹੁਕਮ ਦਾ ਵਰਣਨ ਕੀਤਾ ਹੈ। ਪਰ ਹੁਕਮ ਦੇ ਵਰਣਨ ਕਰਨ ਦੀ ਤੋਟ ਨਹੀਂ ਆ ਸਕੀ । ਦਾਤਾਰ ਅਕਾਲ ਪੁਰਖ ਸਭ ਜੀਆਂ ਨੂੰ ਰਿਜ਼ਕ ਦੇ ਰਿਹਾ ਹੈ ਪਰ ਜੀਵ ਲੈ ਲੈ ਕੇ ਥੱਕ ਜਾਂਦੇ ਹਨ। ਸਭ ਜੀਵ ਸਦਾ ਤੋਂ ਹੀ ਰੱਬ ਦੇ ਦਿੱਤੇ ਪਦਾਰਥ ਖਾਂਦੇ ਚਲੇ ਆ ਰਹੇ ਹਨ। ਹੁਕਮ ਵਾਲੇ ਰੱਬ ਦਾ ਹੁਕਮ ਹੀ ਸੰਸਾਰ ਦੀ ਕਾਰ ਨੂੰ ਚਲਾ ਰਿਹਾ ਹੈ । ਹੇ ਨਾਨਕ! ਉਹ ਨਿਰੰਕਾਰ ਸਦਾ ਵੇਪਰਵਾਹ ਹੈ ਤੇ ਪਰਸੰਨ ਹੈ। ਭਾਵ ਸਭ ਜੀਵਾਂ ਨੂੰ ਅਤੁੱਟ ਪਦਾਰਥ ਦੇਂਦੇ ਹੋਏ ਵੀ ਅਕਾਲ ਪੁਰਖ ਸਦਾ ਖੇੜੇ ਵਿਚ ਰਹਿੰਦਾ ਹੈ। ਉਸ ਦੀ ਇਕ ਹੁਕਮ-ਰੂਪ ਸੱਤਾ ਹੀ ਸਾਰੇ ਵਿਹਾਰ ਨੂੰ ਨਿਬਾਹ ਰਹੀ ਹੈ ।੩।

**ਉਚਾਰਨ:-** ਵਡਿਆਈਆਂ, ਕੋਟੀਂ, ਦੇਂਦਾ, ਲੈਂਦੇ, ਪਾਹਿੰ, ਜੁਗਾਂ, ਖਾਹੀਂ, ਖਾਹਿੰ ਸ਼ਬਦ ਬਿੰਦੀ ਸਹਿਤ ਉਚਾਰਨ ਕਰਨੇ ਹਨ। ਰਾਹੁ ਅਤੇ ਵੇਪਰਵਾਹੁ ਦਾ ਸ਼ੁੱਧ ਉਚਾਰਨ **ਰਾਹ** ਅਤੇ **ਵੇਪਰਵਾਹ** ਹੈ। ਇਨ੍ਹਾਂ ਸ਼ਬਦਾਂ ਨੂੰ ਰਾਹੋ ਤੇ ਵੇਪਰਵਾਹੋ ਪੜ੍ਹਨਾ ਅਸ਼ੁੱਧ ਹੈ।

# ਤੀਜੀ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

**"ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥ ਗਾਵੈ ਕੋ ਦਾਤਿ ਜਾਣੈ ਨੀਸਾਣੁ"**

ਇਸ ਪਉੜੀ ਵਿਚ ਗੁਰਦੇਵ ਪਿਤਾ ਫੁਰਮਾਉਂਦੇ ਹਨ ਕਿ ਜੀਵ ਉਸ ਅਕਾਲ ਪੁਰਖੁ ਦੇ ਗੁਣਾਂ ਦਾ ਵੱਖਰੇ ਵੱਖਰੇ ਤਰੀਕੇ ਨਾਲ ਗਾਇਣ ਕਰ ਰਹੇ ਹਨ ਅਰਥਾਤ ਕੋਈ ਉਸ ਦੇ ਤਾਣ (ਤਾਕਤ) ਨੂੰ ਗਾ ਰਿਹਾ ਹੈ ਅਤੇ ਕੋਈ ਉਸ ਦੀਆਂ ਦਾਤਾਂ ਨੂੰ ਰੱਬ ਦੀ ਰਹਿਮਤ ਦੀ ਨਿਸ਼ਾਨੀ ਜਾਣ ਕੇ ਗਾ ਰਿਹਾ ਹੈ ਆਦਿ ਆਦਿ। ਪਰਮਾਤਮਾ ਨਾਲ ਲਿਵ ਜੋੜਨ ਲਈ ਜੇ ਕੋਈ ਬੰਦਾ **"ਗਾਵੈ ਕੋ ਦਾਤਿ ਜਾਣੈ ਨੀਸਾਣੁ"** ਵਾਲੀ ਜੁਗਤਿ ਨੂੰ ਅਪਨਾ ਲਵੇ ਤਾਂ ਉਹ ਬਹੁਤ ਸੌਖੇ ਤਰੀਕੇ ਨਾਲ ਪਰਮਾਤਮਾ ਨਾਲ ਲਿਵ ਜੋੜ ਸਕਦਾ ਹੈ ।

**ਅਸੀਂ ਨਿੱਤ ਹਰ ਸਮੇਂ ਪਰਮਾਤਮਾ ਦੀਆਂ ਬੇਅੰਤ ਦਾਤਾਂ ਨੂੰ ਮਾਣਦੇ ਹਾਂ ਜਿਵੇਂ ਕਿ ਹਵਾ, ਪਾਣੀ, ਭੋਜਨ, ਦੇਹ ਅਰੋਗਤਾ, ਸਵਾਰੀ ਦਾ ਸੁਖ, ਘਰ ਦਾ ਸੁਖ, ਮਾਤਾ-ਪਿਤਾ, ਭੈਣ-ਭਰਾ ਦਾ ਪਿਆਰ ਆਦਿ ਆਦਿ । ਕੋਈ ਬੰਦਾ ਦਾਵਾ ਕਰਕੇ ਇਨ੍ਹਾਂ ਚੀਜ਼ਾਂ ਦਾ ਹਕਦਾਰ ਨਹੀ ਬਣ ਸਕਦਾ ਬਲਕਿ ਜਿਸ ਕਿਸੇ ਨੂੰ ਵੀ ਇਹ ਦਾਤਾਂ ਮਿਲਦੀਆ ਹਨ, ਇਹ ਉਸ ਅਕਾਲ ਪੁਰਖ ਦੀ ਬਖਸ਼ਿਸ਼ ਦਾ ਸਦਕਾ ਹੀ ਮਿਲਦੀਆਂ ਹਨ।**

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ** ਕਿ ਉਸ ਦੀ ਕਿਸੇ ਵੀ ਦਿੱਤੀ ਹੋਈ ਦਾਤਿ ਨੂੰ ਮਾਣਦਿਆਂ ਹੋਇਆਂ ਉਸਦਾ ਸ਼ੁਕਰਾਨਾ ਜ਼ਰੂਰ ਕਰੀਏ । ਅਸੀਂ ਦਾਤਾਰ ਨਾਲ ਜੁੜੀਏ ਨਾ ਕਿ ਦਾਤਾਂ ਨਾਲ।

## ਦੂਜੀ ਸਿੱਖਿਆ

**"ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥"**

**ਇਸ ਤੋਂ ਅਸੀਂ ਇਹ ਸਿਖਿਆ ਲੈਣੀ ਹੈ** ਕਿ ਬੇਅੰਤ ਵਾਰੀ ਕਥਿ ਕਥਿ ਕੇ ਜੀਵ ਉਸਦਾ ਅੰਤ ਨਹੀਂ ਪਾ ਸਕਦਾ ਤਾਂ ਅਸੀਂ ਵੀ ਉਸ ਅਕੱਥ ਦੇ ਅੰਤ ਪਾਉਣ ਦਾ ਯਤਨ ਨਹੀਂ ਕਰਨਾ।

## ਤੀਜੀ ਸਿੱਖਿਆ

**"ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ"**

ਹੁਕਮ ਵਾਲੇ ਰੱਬ ਜੀ ਦਾ ਹੁਕਮ ਹੀ ਸਾਰੇ ਸੰਸਾਰ ਦੀ ਕਾਰ ਨੂੰ ਚਲਾ ਰਿਹਾ ਹੈ ਅਤੇ ਗੁਰਦੇਵ ਪਿਤਾ ਕਹਿੰਦੇ ਹਨ ਕਿ ਸਾਰੀ ਕਾਰ ਚਲਾਉਂਦਿਆਂ ਹੋਇਆਂ ਪਰਮਾਤਮਾ ਵੇਪਰਵਾਹ, ਪ੍ਰਸੰਨਚਿਤ ਅਤੇ ਸਦਾ ਖੇੜੇ ਵਿਚ ਰਹਿੰਦਾ ਹੈ। **ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ** ਕਿ ਉਸ ਦੀ ਅੰਸ਼ ਹੋਣ ਦੇ ਨਾਤੇ ਅਸੀਂ ਵੀ ਸਾਰੇ ਕੰਮ ਕਰਦੇ ਹੋਇਆਂ ਚਿੰਤਾ ਰਹਿਤ ਜੀਊਣਾ ਹੈ ਅਤੇ ਸਾਨੂੰ ਇਹ ਗੱਲ ਯਾਦ ਰਹੇ:-

**"ਚਿੰਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ॥" (ਅੰਗ:517)**

# ਚੌਥੀ ਪਉੜੀ

**ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥**
**ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥**
**ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥**
**ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥**
**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥**
**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥**
**ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥੪॥**

**ਪਦ-ਅਰਥ:- ਸਾਚਾ**-ਸਦਾ ਥਿਰ ਰਹਿਣ ਵਾਲਾ।**ਨਾਇ**- ਨਿਆਇ। **ਭਾਖਿਆ**-ਬੋਲੀ। **ਭਾਉ**-ਪ੍ਰੇਮ। **ਅਪਾਰੁ**-ਬੇਅੰਤ।**ਫੇਰਿ-**ਫਿਰ । **ਕਿ**-ਕਿਹੜੀ ਭੇਟਾ। **ਕਿ ਬੋਲਣੁ**-ਕਿਹੜਾ ਬਚਨ? **ਅੰਮ੍ਰਿਤ ਵੇਲਾ**-ਪ੍ਰਭਾਤ ਵੇਲਾ (ਜਿਸ ਸਮੇਂ ਪੂਰਨ ਖਿੜਾਉ ਹੁੰਦਾ ਹੋਵੇ)।**ਕਰਮੀ**-ਪ੍ਰਭੂ ਦੀ ਮਿਹਰ ਨਾਲ । **ਕਪੜਾ-**ਸਿਫਤ ਸਾਲਾਹ ਰੂਪੀ ਕਪੜਾ। **ਨਦਰੀ**-ਬਖਸ਼ਸ਼, ਮਿਹਰ।**ਮੋਖੁ-** ਮੁਕਤੀ। **ਦੁਆਰੁ**- ਰੱਬ ਦਾ ਦਰ।**ਸਭੁ**-ਸਭ ਥਾਈਂ।।੪।

**ਅਰਥ:-** ਅਕਾਲ ਪੁਰਖ ਸਦਾ ਥਿਰ ਰਹਿਣ ਵਾਲਾ ਹੈ, ਉਸ ਦਾ ਇਨਸਾਫ ਭੀ ਅਟੱਲ ਹੈ। ਉਸ ਦੀ ਬੋਲੀ ਪ੍ਰੇਮ ਹੈ ਅਤੇ ਉਹ ਅਕਾਲ ਪੁਰਖ ਬੇਅੰਤ ਹੈ। ਜੀਵ ਉਸ ਪਾਸੋਂ ਦਾਤਾਂ ਮੰਗਦੇ ਹਨ ਤੇ ਆਖਦੇ ਹਨ ਹੇ ਪ੍ਰਭੂ ! ਸਾਨੂੰ ਦਾਤਾਂ 'ਦੇਹ'। ਉਹ ਦਾਤਾਰ ਪ੍ਰਭੂ ਬਖ਼ਸ਼ਸ਼ਾਂ ਕਰਦਾ ਹੈ।ਜੇ ਸਾਰੀਆਂ ਦਾਤਾਂ ਉਹ ਆਪ ਹੀ ਬਖਸ਼ ਰਿਹਾ ਹੈ ਤਾਂ ਫਿਰ ਅਸੀ ਕਿਹੜੀ ਭੇਟਾ ਉਸ ਅਕਾਲ ਪੁਰਖ ਦੇ ਅੱਗੇ ਰੱਖੀਏ, ਜਿਸ ਦੇ ਸਦਕਾ ਸਾਨੂੰ ਉਸ ਦਾ ਦਰਬਾਰ ਦਿੱਸ ਪਏ? ਅਸੀ ਮੂੰਹੋਂ ਕਿਹੜਾ ਬਚਨ ਬੋਲੀਏ ਭਾਵ ਕਿਹੋ ਜਿਹੀ ਅਰਦਾਸ ਕਰੀਏ ਜਿਸ ਨੂੰ ਸੁਣ ਕੇ ਉਹ ਪ੍ਰਭੂ ਸਾਨੂੰ ਪਿਆਰ ਕਰੇ ।ਪ੍ਰਭਾਤ ਵੇਲਾ, (ਜਿਸ ਸਮੇਂ ਪੂਰਨ ਖਿੜਾਉ ਹੁੰਦਾ ਹੈ, ਮਨੁੱਖ ਦਾ ਮਨ ਸੰਸਾਰ ਦੇ ਝੰਮੇਲਿਆਂ ਤੋਂ ਵਿਹਲਾ ਹੁੰਦਾ ਹੈ।), ਪ੍ਰਭੂ ਦਾ ਨਾਮ ਸਿਮਰੀਏ ਤੇ ਉਸ ਦੀਆਂ ਵਡਿਆਈਆਂ ਦੀ ਵਿਚਾਰ ਕਰੀਏ । ਇਸ ਤਰ੍ਹਾਂ ਪ੍ਰਭੂ ਦੀ ਮਿਹਰ ਨਾਲ 'ਸਿਫਤਿ-ਰੂਪ ਪਟੋਲਾ' ਮਿਲਦਾ ਹੈ। ਉਸ ਪ੍ਰਭੂ ਦੀ ਕ੍ਰਿਪਾ-ਦ੍ਰਿਸ਼ਟੀ ਨਾਲ 'ਕੂੜ ਦੀ ਪਾਲਿ' ਤੋਂ ਖ਼ਲਾਸੀ ਹੁੰਦੀ ਹੈ ਤੇ ਰੱਬ ਦਾ ਦਰ ਪ੍ਰਾਪਤ ਹੋ ਜਾਂਦਾ ਹੈ। ਹੇ ਨਾਨਕ! ਇਸ ਤਰ੍ਹਾਂ ਇਹ ਸਮਝ ਆ ਜਾਂਦੀ ਹੈ ਕਿ ਉਹ ਹੋਂਦ ਦਾ ਮਾਲਕ ਅਕਾਲ ਪੁਰਖ ਸਭ ਥਾਈਂ ਭਰਪੂਰ ਹੈ ।੪।

**ਉਚਾਰਨ:-**ਨਾਇਂ, ਆਖਹਿਂ, ਮੰਗਹਿਂ, ਮੁਹੌਂ, ਨਾਉਂ, ਏਵੈਂ ਸ਼ਬਦਾਂ ਦਾ ਉਚਾਰਨ ਬਿੰਦੀ ਸਹਿਤ ਕਰਨਾ ਹੈ।

# ਚੌਥੀ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

### "ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ"

ਅਰਥਾਤ ਅਕਾਲ ਪੁਰਖੁ ਸਦਾ ਥਿਰ ਰਹਿਣ ਵਾਲਾ ਹੈ, ਉਸ ਦਾ ਨਿਆਇ (ਨਿਯਮ) ਵੀ ਸਦਾ ਅਟੱਲ ਹੈ, ਉਸ ਦੀ ਬੋਲੀ ਪ੍ਰੇਮ ਭਰਪੂਰ ਹੈ।

ਸਾਡੀ ਅਤੇ ਪਰਮੇਸ਼ਰ ਦੀ ਵਿੱਥ ਮਿਟਾਉਣ ਦਾ ਇਹੀ ਇਕ ਤਰੀਕਾ ਹੈ ਕਿ ਸਾਡਾ ਸੁਭਾਅ ਪਰਮੇਸ਼ਰ ਦੇ ਸੁਭਾਅ ਨਾਲ ਮਿਲ ਜਾਵੇ । ਹੁਣ ਜੇ ਪਰਮੇਸ਼ਰ ਦੀ ਬੋਲੀ ਪ੍ਰੇਮ ਭਰਪੂਰ ਹੈ ਤਾਂ ਤੇ ਫਿਰ ਸਾਡੀ ਬੋਲੀ ਵੀ ਪ੍ਰੇਮ ਭਰਪੂਰ ਹੋਣੀ ਚਾਹੀਦੀ ਹੈ। ਅਗਰ ਸਾਡੀ ਬੋਲੀ ਕੌੜੀ ਹੋਏਗੀ ਤਾਂ ਸਾਡਾ ਸੁਭਾਅ ਪਰਮੇਸ਼ਰ ਦੇ ਸੁਭਾਅ ਤੋਂ ਵੱਖਰਾ ਹੋ ਜਾਵੇਗਾ ਅਤੇ ਪਰਮੇਸ਼ਰ ਦਾ ਮਿਲਾਪ ਹੋਣਾ ਸੰਭਵ ਨਹੀਂ ਹੋਵੇਗਾ।

ਗੁਰਬਾਣੀ ਵਿਚ ਇਸ ਤਰ੍ਹਾਂ ਵੀ ਲਿਖਿਆ ਹੈ–**"ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥ ਹਉ ਸੰਮਲਿ ਥਕੀ ਜੀ ਓਹੁ ਕਦੇ ਨਾ ਬੋਲੈ ਕਉਰਾ॥ "** ਅਰਥਾਤ ਮੇਰਾ ਸੱਜਣ, ਮੇਰਾ ਸੁਆਮੀ ਬਹੁਤ ਹੀ ਮਿਠ ਬੋਲੜਾ ਹੈ। ਮੈਂ ਚੇਤੇ ਕਰ ਕਰ ਕੇ ਥੱਕ ਗਈ ਕਿ ਕਦੇ ਉਸ ਨੇ ਕੌੜਾ ਬੋਲਿਆ ਹੋਵੇ ਤਾਂ ਚੇਤੇ ਨਹੀਂ ਆਇਆ ਕਿ ਉਹ ਕਦੀ ਕੌੜੇ ਬੋਲ ਬੋਲਿਆ ਹੋਵੇ।

**ਇਸ ਲਈ ਉਸਦੀ ਅੰਸ਼ ਹੋਣ ਦੇ ਨਾਤੇ ਮੈਂ ਇਹ ਸਿੱਖਿਆ ਲੈਣੀ ਹੈ ਕਿ ਮੈਂ ਜੀਵਨ ਵਿਚ ਕਦੇ ਵੀ ਕਿਸੇ ਨਾਲ ਕੌੜਾ ਨਾ ਬੋਲਾਂ ਕਿਉਂਕਿ ਕੌੜੇ ਬੋਲ ਬੋਲੇ ਹੋਏ ਕਿਸੇ ਦੇ ਹਿਰਦੇ ਨੂੰ ਵਲੂੰਧਰ ਦਿੰਦੇ ਹਨ ਤੇ ਉਸ ਦਾ ਪ੍ਰਭਾਵ ਇੰਨਾ ਹੁੰਦਾ ਹੈ ਕਿ ਉਹ ਬੰਦਾ ਸਾਰੀ ਉਮਰ ਲਈ ਕੌੜੇ ਬੋਲਾਂ ਨੂੰ ਨਹੀਂ ਭੁਲਦਾ।**

ਸਾਨੂੰ ਇਹ ਗੱਲ ਹਮੇਸ਼ਾ ਯਾਦ ਰਖਣੀ ਚਾਹੀਦੀ ਹੈ ਕਿ ਪ੍ਰਮਾਤਮਾ ਦਾ ਨਿਵਾਸ ਹਰੇਕ ਜੀਵ ਦੇ ਵਿੱਚ ਹੈ। ਇਸ ਲਈ ਕਿਸੇ ਦੇ ਵੀ ਹਿਰਦੇ ਨੂੰ ਕਿਸੇ ਕਿਸਮ ਦੀ ਠੇਸ ਨਾ ਪਹੁੰਚਾਈ ਜਾਵੇ । **ਜੇ ਗਲਤੀ ਨਾਲ ਕਿਸੇ ਨਾਲ ਕੌੜੇ ਬੋਲ ਬੋਲੇ ਵੀ ਹੋਣ ਤਾਂ ਗਲਤੀ ਮੰਨ ਕੇ ਆਪਣੀ ਭੁੱਲ ਬਖਸ਼ਾ ਲੈਣੀ ਚਾਹੀਦੀ ਹੈ।**

ਇਸ ਸੰਬੰਧ ਵਿਚ ਬਾਬਾ ਫਰੀਦ ਜੀ ਦਾ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹੈ ਜੋ ਕਿ ਇਸ ਗੱਲ ਨੂੰ ਦ੍ਰਿੜ ਕਰਵਾਉਂਦਾ ਹੈ ਕਿ ਕਿਸੇ ਦੇ ਹਿਰਦੇ ਨੂੰ ਕਿਸੇ ਕਿਸਮ ਦੀ ਠੇਸ ਨਾ ਪੁਹੰਚਾਈ ਜਾਵੇ।

**"ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥ " (ਅੰਗ:1384)**

**ਭਾਵ:** ਜੇਕਰ ਤੂੰ ਆਪਣੇ ਪ੍ਰੀਤਮ ਨੂੰ ਮਿਲਨਾ ਹੈ ਤਾਂ ਤੂੰ ਕਿਸੇ ਦੇ ਦਿਲ ਨੂੰ ਸੱਟ ਨਾ ਮਾਰ।

# ਦੂਜੀ ਸਿੱਖਿਆ

**"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ"**

**ਇਸ ਤੋਂ ਸਾਨੂੰ ਇਹ ਸਿਖਿਆ ਮਿਲਦੀ ਹੈ ਕਿ** ਪ੍ਰਭੂ ਨੂੰ ਰਿਝਾਉਣ ਵਾਸਤੇ ਉਸ ਦੀ ਸਿਫਤਿ ਸਲਾਹ ਹੀ ਇਕੋ ਇਕ ਅਜਿਹਾ ਸਾਧਨ ਹੈ ਜਿਸਨੂੰ ਸੁਣ ਕੇ ਉਹ ਸਾਡੇ ਤੇ ਰੀਝ ਸਕਦਾ ਹੈ ਅਤੇ ਸਿਫਤਿ ਸਾਲਾਹ ਕਰਨ ਵਾਸਤੇ ਸਭ ਤੋਂ ਉੱਤਮ ਅਤੇ ਢੁੱਕਵਾਂ ਸਮਾਂ ਹੈ- ਅੰਮ੍ਰਿਤ ਵੇਲਾ।

**ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅੰਮ੍ਰਿਤ ਵੇਲਾ ਕਿਸ ਨੂੰ ਕਹਿੰਦੇ ਹਨ ਤਾਂ ਇਸ ਬਾਰੇ ਵਿਦਵਾਨਾਂ ਦਾ ਮੱਤ ਹੈ ਕਿ ਸੂਰਜ ਚੜ੍ਹਣ ਤੋਂ 3 ਘੰਟੇ ਪਹਿਲਾਂ ਦੇ ਸਮੇਂ ਨੂੰ ਅੰਮ੍ਰਿਤ ਵੇਲਾ ਕਿਹਾ ਜਾਂਦਾ ਹੈ।**

ਅਗਰ ਅਸੀਂ ਆਪਣੇ ਜੀਵਨ ਵਿਚ ਇਹ ਤਿੰਨ ਕੰਮ ਕਰਨ ਦਾ ਨੇਮ ਪੱਕਾ ਕਰ ਲਈਏ ਤਾਂ ਸਾਨੂੰ 'ਸਿਫਤਿ ਰੂਪੀ ਪਟੋਲਾ' ਮਿਲਦਾ ਹੈ ਤੇ ਪ੍ਰਭੂ ਦੀ ਕਿਰਪਾ ਨਾਲ ਕੂੜ ਦੀ ਪਾਲਿ ਤੋਂ ਖਲਾਸੀ ਹੋ ਕੇ ਰੱਬ ਦਾ ਦਰ ਪ੍ਰਾਪਤ ਹੋ ਜਾਂਦਾ ਹੈ ।

**ਉਹ ਤਿੰਨ ਕੰਮ ਹਨ:-**

**ਪਹਿਲਾ - ਅੰਮ੍ਰਿਤ ਵੇਲਾ (ਰਾਤ ਦਾ ਆਖ਼ਰੀ ਪਹਿਰ ਜੋ ਸੂਰਜ ਚੜ੍ਹਨ ਤੋਂ 3 ਘੰਟੇ ਪਹਿਲਾਂ ਸ਼ੁਰੂ ਹੋ ਜਾਂਦਾ ਹੈ।)**

**ਦੂਜਾ - ਸੱਚੇ ਨਾਮ (ਬਾਣੀ) ਦੀ ਟੇਕ**

**ਤੀਸਰਾ - ਉਸ ਪਰਮਾਤਮਾ ਦੀ ਸਿਫਤਿ ਸਾਲਾਹ ਵਿਚਾਰ ਕਰਕੇ, ਸੁਰਤਿ ਜੋੜ ਕੇ ਕਰਨੀ**

## ਪੰਜਵੀ ਪਉੜੀ

**ਥਾਪਿਆ ਨ ਜਾਇ ਕੀਤਾ ਨ ਹੋਇ॥**
**ਆਪੇ ਆਪਿ ਨਿਰੰਜਨੁ ਸੋਇ॥**
**ਜਿਨਿ ਸੇਵਿਆ ਤਿਨਿ ਪਾਇਆ ਮਾਨੁ॥**
**ਨਾਨਕ ਗਾਵੀਐ ਗੁਣੀ ਨਿਧਾਨੁ॥**
**ਗਾਵੀਐ ਸੁਣੀਐ ਮਨਿ ਰਖੀਐ ਭਾਉ॥**
**ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥**
**ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥**
**ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥**
**ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥**
**ਗੁਰਾ ਇਕ ਦੇਹਿ ਬੁਝਾਈ॥**
**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੫॥**

**ਪਦ-ਅਰਥ:- ਥਾਪਿਆ ਨਾ ਜਾਇ**-ਪੈਦਾ ਨਹੀਂ ਕੀਤਾ ਜਾ ਸਕਦਾ। **ਨਿਰੰਜਨੁ**-ਮਾਇਆ ਤੋਂ ਰਹਿਤ। **ਸੇਵਿਆ**- ਸਿਮਰਿਆ। **ਗੁਣੀ ਨਿਧਾਨੁ**-ਗੁਣਾਂ ਦੇ ਖ਼ਜ਼ਾਨੇ ਨੂੰ। **ਘਰਿ**-ਹਿਰਦੇ ਵਿੱਚ। **ਦੁਖੁ ਪਰਹਰਿ**-ਦੁੱਖ ਨੂੰ ਦੂਰ ਕਰਕੇ। **ਗੁਰਮੁਖਿ**-ਗੁਰੂ ਦੀ ਰਾਹੀਂ। **ਨਾਦੰ**-ਸ਼ਬਦ, ਨਾਮ। **ਵੇਦੰ**-ਗਿਆਨ। **ਈਸਰੁ**-ਸ਼ਿਵ। **ਬਰਮਾ**-ਬ੍ਰਹਮਾ। **ਹਉ**-ਮੈਂ। **ਜਾਣਾ**-ਸਮਝ ਲਵਾਂ। **ਇਕ ਬੁਝਾਈ**-ਇਕ ਸਮਝ। ।੫।

**ਅਰਥ:-** ਉਹ ਅਕਾਲ ਪੁਰਖ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ, ਨਾ ਉਹ ਪੈਦਾ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਸਾਡਾ ਬਣਾਇਆ ਬਣ ਸਕਦਾ ਹੈ। ਜਿਸ ਮਨੁੱਖ ਨੇ ਉਸ ਅਕਾਲ ਪੁਰਖ ਨੂੰ ਸਿਮਰਿਆ ਹੈ, ਉਸੇ ਨੇ ਹੀ ਵਡਿਆਈ, ਭਾਵ ਆਦਰ ਪ੍ਰਾਪਤ ਕੀਤਾ ਹੈ। ਹੇ ਨਾਨਕ! ਆਓ, ਅਸੀਂ ਭੀ ਉਸ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰੀਏ। ਆਓ, ਅਕਾਲ ਪੁਰਖ ਦੇ ਗੁਣ ਗਾਵੀਏ ਤੇ ਸੁਣੀਏ ਅਤੇ ਆਪਣੇ ਮਨ ਵਿਚ ਉਸਦਾ ਪ੍ਰੇਮ ਟਿਕਾਈਏ। ਜੋ ਮਨੁੱਖ ਇਸ ਤਰ੍ਹਾਂ ਕਰਦਾ ਹੈ, ਉਹ ਆਪਣਾ ਦੁੱਖ ਦੂਰ ਕਰਕੇ ਆਤਮਕ ਸੁੱਖ ਨੂੰ ਹਿਰਦੇ ਵਿਚ ਵਸਾ ਲੈਂਦਾ ਹੈ। ਰੱਬ ਦਾ ਨਾਮ ਤੇ ਗਿਆਨ ਗੁਰੂ ਦੀ ਰਾਹੀਂ ਪ੍ਰਾਪਤ ਹੁੰਦਾ ਹੈ। ਗੁਰੂ ਦੀ ਰਾਹੀਂ ਹੀ ਇਹ ਪ੍ਰਤੀਤ ਆਉਂਦੀ ਹੈ ਕਿ ਉਹ ਪ੍ਰਭੂ ਸਰਬ ਵਿਆਪਕ ਹੈ। ਗੁਰੂ ਹੀ ਸਾਡੇ ਲਈ ਸ਼ਿਵ ਹੈ, ਗੁਰੂ ਹੀ ਸਾਡੇ ਲਈ ਗੋਰਖ ਤੇ ਬ੍ਰਹਮਾ ਹੈ ਅਤੇ ਗੁਰੂ ਹੀ ਸਾਡੇ ਲਈ ਮਾਈ ਪਾਰਬਤੀ ਹੈ। ਭਾਵ ਅਸੀਂ ਈਸ਼ਰ, ਗੋਰਖ, ਬ੍ਰਹਮਾ ਤੇ ਪਾਰਬਤੀ ਨੂੰ ਨਹੀਂ ਮੰਨਣਾ, ਸਗੋਂ ਗੁਰੂ ਹੀ ਸਾਡੇ ਲਈ ਸਭ ਕੁਝ ਹੈ। ਜੇ ਮੈਂ ਅਕਾਲ ਪੁਰਖ ਦੇ ਹੁਕਮ ਨੂੰ ਸਮਝ ਭੀ ਲਵਾਂ ਤਾਂ ਭੀ ਮੈਂ ਉਸ ਦਾ ਵਰਣਨ ਨਹੀਂ ਕਰ ਸਕਦਾ। ਅਕਾਲ ਪੁਰਖ ਦਾ ਹੁਕਮ ਕਥਨ ਨਹੀਂ ਕੀਤਾ ਜਾ ਸਕਦਾ। ਮੇਰੀ ਤਾਂ ਹੇ ਸਤਿਗੁਰੂ! ਤੇਰੇ ਅੱਗੇ ਇਹ ਅਰਦਾਸ ਹੈ ਕਿ ਮੈਨੂੰ ਇਕ ਇਹ ਸਮਝ ਦੇਹ ਕਿ ਸਭਨਾਂ ਜੀਆਂ ਨੂੰ ਦਾਤਾਂ ਦੇਣ ਵਾਲਾ ਇਕ ਪ੍ਰਭੂ ਮੈਨੂੰ ਵਿਸਰ ਨਾ ਜਾਵੇ ।੫।

**ਉਚਾਰਨ:-** ਹਉਂ, ਜਾਣਾਂ, ਆਖਾਂ, ਨਾਹੀਂ, ਜੀਆਂ, ਮੈਂ, ਸ਼ਬਦ ਬਿੰਦੀ ਸਹਿਤ ਉਚਾਰਨੇ ਹਨ। 'ਗੁਰਾ' ਸ਼ਬਦ ਦਾ ਉਚਾਰਨ ਬਿੰਦੀ ਤੋਂ ਬਿਨਾਂ '**ਗੁਰਾ**' ਹੀ ਕਰਨਾ ਹੈ।

# ਪੰਜਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

**"ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥"**

ਕਈ ਧਰਮਾਂ ਵਿਚ ਪਰਮਾਤਮਾ ਦੀ ਮੂਰਤੀ ਬਣਾ ਕੇ ਉਸ ਮੂਰਤੀ ਨੂੰ ਸਥਾਪਿਤ ਕੀਤਾ (ਥਾਪਿਆ) ਜਾਂਦਾ ਹੈ ਪਰ ਸਿੱਖ ਧਰਮ ਦੀ ਨਿਵੇਕਲਤਾ ਇਸ ਧਾਰਨਾ ਵਿਚ ਹੈ ਕਿ ਅਕਾਲ ਪੁਰਖੁ ਦੀ ਸਿਰਜਨਾ ਅਪਨੇ ਆਪ ਤੋਂ ਆਪੇ ਹੀ ਹੈ। ਉਹ ਕਿਸੇ ਦਾ ਨਾ ਥਾਪਿਆ ਹੋਇਆ ਹੈ ਅਤੇ ਨਾ ਹੀ ਕਿਸੇ ਦਾ ਪੈਦਾ ਕੀਤਾ ਹੋਇਆ ਹੈ। ਤਾਂ ਤੇ ਫਿਰ ਉਸ ਦੀ ਮੂਰਤੀ ਬਣਾਉਣ ਅਤੇ ਮੂਰਤੀ ਦੀ ਸਥਾਪਨਾ ਕਰਨ ਦੀ ਗੱਲ ਬਹੁਤ ਦੂਰ ਦੀ ਹੋ ਗਈ ।

ਗੁਰਦੇਵ ਪਿਤਾ ਹੋਰ ਸਮਝਾਉਂਦੇ ਹਨ:-

**"ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥**
**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥" (ਅੰਗ:463)**

ਅਰਥਾਤ ਉਸ ਨੇ ਆਪਣੇ ਆਪ ਨੂੰ ਆਪ ਹੀ ਸਿਰਜਿਆ ਅਤੇ ਆਪਣੇ ਆਪ ਨੂੰ ਆਪ ਹੀ ਨਾਮ ਦਿੱਤਾ ਹੈ। ਉਸਨੇ ਸ੍ਰਿਸ਼ਟੀ ਬਣਾਈ ਹੈ ਤੇ ਉਸ ਵਿਚ ਬਿਰਾਜਮਾਨ ਹੋ ਕੇ ਅਨੰਦਿਤ ਹੈ ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਮੂਰਤੀ ਪੂਜਾ ਅਤੇ ਬੁੱਤਪ੍ਰਸਤੀ ਨਹੀਂ ਕਰਨੀ ਬਲਕਿ ਕੇਵਲ ਇਕ ਉਸ ਅਕਾਲ ਪੁਰਖ ਦੀ ਪੂਜਾ ਕਰਨੀ ਹੈ।**

## ਦੂਜੀ ਸਿੱਖਿਆ

**"ਜਿਨਿ ਸੇਵਿਆ ਤਿਨਿ ਪਾਇਆ ਮਾਨੁ॥ ਨਾਨਕ ਗਾਵੀਐ ਗੁਣੀ ਨਿਧਾਨੁ॥**
**ਗਾਵੀਐ ਸੁਣੀਐ ਮਨਿ ਰਖੀਐ ਭਾਉ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥"**

ਜਿਨ੍ਹਾਂ-ਜਿਨ੍ਹਾਂ ਨੇ ਅਕਾਲ ਪੁਰਖੁ ਨੂੰ ਸਿਮਰਿਆ, ਅਰਾਧਿਆ, ਧਿਆਇਆ ਅਤੇ ਉਸ ਦੀ ਸੇਵਾ ਕੀਤੀ, ਉਨ੍ਹਾਂ ਨੂੰ ਦੁਨੀਆ ਵਿਚ ਵੀ ਤੇ ਸੱਚੀ ਦਰਗਾਹ ਵਿਚ ਵੀ ਮਾਣ ਮਿਲਦਾ ਹੈ। ਸਾਡੇ ਦੁਖਾਂ ਦੀ ਨਿਰਵਿਰਤੀ ਲਈ ਇਸ ਪਉੜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਨੂੰ ਉਪਦੇਸ਼ ਪਰਮੇਸ਼ਰ ਦੇ ਗੁਣ ਗਾਉਣ ਦਾ, ਸਿਫਤਿ ਸਲਾਹ ਕਰਨ ਦਾ ਹੈ ਅਤੇ ਇਹ ਸਾਰਾ ਕੁਝ ਉਸ ਦੇ ਪ੍ਰੇਮ ਦੇ ਵਿਚ ਭਿੱਜ ਕੇ ਕਰਨਾ ਹੈ। ਅਸੀਂ ਉਸ ਦਾ ਨਾਮ ਤਾਂ ਜਪਦੇ ਹਾਂ, ਉਸਦੀ ਸਿਫਤਿ ਸਾਲਾਹ ਵੀ ਕਰਦੇ ਹਾਂ ਪ੍ਰੰਤੂ ਪ੍ਰੇਮ ਵਿਚ ਭਿੱਜ ਕੇ ਨਹੀਂ ਕਰਦੇ

ਅਤੇ ਇਹੀ ਕਾਰਨ ਹੈ ਕਿ ਸਾਡੇ ਦੁੱਖ ਦੂਰ ਨਹੀਂ ਹੁੰਦੇ ਤੇ ਅਸੀਂ ਆਤਮਿਕ ਸੁੱਖ, ਜੋ ਕਿ ਸਦੀਵੀ ਸੁਖ ਹੈ, ਤੋਂ ਵੰਚਿਤ ਰਹਿ ਜਾਂਦੇ ਹਾਂ ।

## ਤੀਜੀ ਸਿੱਖਿਆ

**"ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥**
**ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥"**

ਜਿਸ ਵੇਲੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਤਾਂ ਲੋਕੀਂ ਉਸ ਵੇਲੇ ਸ਼ਿਵ, ਗੋਰਖ, ਬ੍ਰਹਮਾ ਅਤੇ ਪਾਰਬਤੀ ਆਦਿ ਨੂੰ ਪੂਜਦੇ ਸਨ ਅਤੇ ਕਈ ਅਜ ਵੀ ਪੂਜ ਰਹੇ ਹਨ ਪਰ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਇਹ ਸਿਧਾਂਤ ਦਿੱਤਾ ਹੈ ਕਿ ਗੁਰੂ ਦੇ ਸਿੱਖ ਲਈ ਗੁਰੂ ਹੀ ਸਭ ਕੁਝ ਹੈ। ਗੁਰੂ ਰਾਹੀਂ ਪ੍ਰਾਪਤ ਹੋਇਆ ਗੁਰੂ ਦਾ ਨਾਮ (ਨਾਦ), ਗੁਰੂ ਦਾ ਗਿਆਨ (ਵੇਦ) ਹੀ ਸਭ ਕੁਝ ਹੈ ਅਤੇ **ਸਿੱਖ ਨੇ ਗੁਰਬਾਣੀ ਨੂੰ ਛੱਡ ਕੇ ਕਿਸੇ ਹੋਰ ਨੂੰ ਨਹੀਂ ਮੰਨਣਾ** ।

## ਚੌਥੀ ਸਿੱਖਿਆ

**"ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥ ਗੁਰਾ ਇਕ ਦੇਹਿ ਬੁਝਾਈ॥**
**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ"**

ਗੁਰੂ ਨਾਨਕ ਦੇਵ ਜੀ ਨੇ ਬਿਲਕੁਲ ਸਪੱਸ਼ਟ ਕਰ ਦਿੱਤਾ ਹੈ ਕਿ ਜੇ ਮੈਂ ਅਕਾਲ ਪੁਰਖ ਦੇ ਹੁਕਮ ਨੂੰ ਸਮਝ ਵੀ ਲਵਾਂ ਤਾਂ ਵੀ ਮੈਂ ਉਸ ਦਾ ਸੰਪੂਰਨ ਵਰਨਣ ਨਹੀਂ ਕਰ ਸਕਦਾ। ਅਗਰ ਗੁਰੂ ਨਾਨਕ ਸਾਹਿਬ ਜੀ ਇਹ ਗੱਲ ਕਹਿ ਰਹੇ ਹਨ ਕਿ ਅਕਾਲ ਪੁਰਖ ਦੇ ਹੁਕਮ ਦਾ ਵਰਨਣ ਨਹੀਂ ਕੀਤਾ ਜਾ ਸਕਦਾ ਤਾਂ ਫਿਰ ਸਾਡੀ ਕੀ ਪਾਂਇਆ ਹੈ ਕਿ ਅਸੀਂ ਉਸ ਦੇ ਬਾਰੇ ਕੁਝ ਕਹਿ ਸਕੀਏ।

ਅਸੀਂ ਤਾਂ ਸਿਰਫ਼ ਬੇਨਤੀ ਹੀ ਕਰਨੀ ਹੈ ਕਿ ਸਾਰੇ ਸੁੱਖ ਤੁਹਾਡੀ ਬੰਦਗੀ ਵਿਚ ਹਨ ਅਤੇ ਇਸ ਕਰਕੇ ਅਸੀਂ ਪਰਮੇਸ਼ਰ ਕੋਲੋਂ ਬੰਦਗੀ ਦੀ ਦਾਤਿ ਮੰਗਣੀ ਹੈ ਨਾ ਕਿ ਉਸ ਦਾ ਭੇਦ ਪਾਉਣ ਦੀ ਕੋਸ਼ਿਸ਼ ਕਰਨੀ ਹੈ। ਇਸਦੇ ਨਾਲ ਅਸੀਂ ਪਰਮਾਤਮਾ ਅੱਗੇ ਇਹ ਵੀ ਅਰਦਾਸ ਕਰਨੀ ਹੈ ਕਿ ਤੁਸੀਂ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲੇ ਹੋ ਅਤੇ ਕਿਰਪਾ ਕਰੋ ਮੈਨੂੰ ਕਦੇ ਵੀ ਨਾ ਵਿਸਰੋ ਅਤੇ ਹਰ ਦਮ ਅਰਦਾਸ ਕਰਦੇ ਰਹਿਣਾ ਹੈ ਕਿ :-

**"ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥"**

# ਛੇਵੀਂ ਪਉੜੀ

**ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥**

**ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥**

**ਮਤਿ ਵਿਚਿ ਰਤਨ ਜਵਾਹਰ ਮਾਣਿਕ**

**ਜੇ ਇਕ ਗੁਰ ਕੀ ਸਿਖ ਸੁਣੀ॥**

**ਗੁਰਾ ਇਕ ਦੇਹਿ ਬੁਝਾਈ॥**

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੬॥**

**ਪਦ-ਅਰਥ:-ਤੀਰਥਿ**-ਤੀਰਥ ਉੱਤੇ। **ਨਾਵਾ**-ਮੈਂ ਇਸ਼ਨਾਨ ਕਰਾਂ। **ਵਿਣੁ ਭਾਣੇ**-ਰੱਬ ਨੂੰ ਚੰਗਾ ਲੱਗਣ ਤੋਂ ਬਿਨਾਂ। **ਕਿ ਨਾਇ ਕਰੀ**-ਨ੍ਹਾ ਕੇ ਮੈਂ ਕੀ ਕਰਾਂ? **ਸਿਰਠਿ**-ਸ੍ਰਿਸ਼ਟੀ। **ਉਪਾਈ**-ਪੈਦਾ ਕੀਤੀ ਹੋਈ। **ਵਿਣੁ ਕਰਮਾ**-ਪ੍ਰਭੂ ਦੀ ਮਿਹਰ ਤੋਂ ਬਿਨਾਂ। **ਕਿ ਮਿਲੈ**-ਕੀ ਮਿਲਦਾ ਹੈ? **ਕਿ ਲਈ**-ਕੋਈ ਕੀ ਲੈ ਸਕਦਾ ਹੈ? **ਮਤਿ ਵਿਚਿ**-ਮਨੁੱਖ ਦੀ ਬੁੱਧੀ ਦੇ ਅੰਦਰ ਹੀ । **ਮਾਣਿਕ**-ਮੋਤੀ । **ਇਕ ਸਿਖ**-ਇਕ ਸਿੱਖਿਆ। ।੬।

**ਅਰਥ:-** ਮੈਂ ਤੀਰਥ ਉੱਤੇ ਜਾ ਕੇ ਤਦ ਇਸ਼ਨਾਨ ਕਰਾਂ ਜੇ ਇਉਂ ਕਰਨ ਨਾਲ ਉਸ ਪਰਮਾਤਮਾ ਨੂੰ ਖ਼ੁਸ਼ ਕਰ ਸਕਾਂ। ਪਰ ਜੇ ਇਸ ਤਰ੍ਹਾਂ ਪਰਮਾਤਮਾ ਖ਼ੁਸ਼ ਨਹੀਂ ਹੁੰਦਾ ਤਾਂ ਮੈਂ ਤੀਰਥ ਉੱਤੇ ਇਸ਼ਨਾਨ ਕਰਕੇ ਕੀ ਕਰਨਾ ਹੈ? ਅਕਾਲ ਪੁਰਖ ਦੀ ਪੈਦਾ ਕੀਤੀ ਹੋਈ ਜਿਤਨੀ ਭੀ ਦੁਨੀਆ ਮੈਂ ਵੇਖਦਾ ਹਾਂ, ਇਸ ਵਿੱਚ ਪਰਮਾਤਮਾ ਦੀ ਕਿਰਪਾ ਤੋਂ ਬਿਨਾਂ ਕਿਸੇ ਨੂੰ ਕੁਝ ਨਹੀਂ ਮਿਲਦਾ, ਕੋਈ ਕੁਝ ਨਹੀਂ ਲੈ ਸਕਦਾ। ਜੇ ਸਤਿਗੁਰੂ ਦੀ ਇਕ ਸਿੱਖਿਆ ਸੁਣ ਲਈ ਜਾਏ ਤਾਂ ਮਨੁੱਖ ਦੀ ਬੁੱਧੀ ਦੇ ਅੰਦਰ ਪਰਮਾਤਮਾ ਦੇ ਅਮੋਲਕ ਗੁਣਾਂ ਰੂਪੀ ਰਤਨ, ਜਵਾਹਰ ਤੇ ਮੋਤੀ ਉਪਜ ਪੈਂਦੇ ਹਨ। ਤਾਂ ਤੇ ਹੇ ਸਤਿਗੁਰੂ! ਮੇਰੀ ਤੇਰੇ ਅੱਗੇ ਇਹ ਅਰਦਾਸ ਹੈ ਕਿ ਮੈਨੂੰ ਇਕ ਇਹ ਸਮਝ ਦੇਹ ਕਿ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਇਕ ਅਕਾਲ ਪੁਰਖ ਮੈਨੂੰ ਵਿਸਰ ਨਾ ਜਾਏ। ।੬।

**ਉਚਾਰਨ:-**'ਨਾਵਾ' ਨੂੰ '**ਨ੍ਹਾਵਾ**' ਤੇ 'ਨਾਇ' ਨੂੰ '**ਨ੍ਹਾਇ**' ਪੜ੍ਹਨਾ ਹੈ ਕਿਉਂਕਿ ਇਨ੍ਹਾਂ ਵਿਚ ਅੱਧਾ 'ਹ' ਲੁਪਤ ਹੈ। ਭਾਵਾਂ, ਕਰੀਂ, ਵੇਖੀਂ, ਕਰਮਾਂ, ਜੀਆਂ, ਸ਼ਬਦ ਬਿੰਦੀ ਸਹਿਤ ਉਚਾਰਨੇ ਹਨ। ਸਿਰਠਿ ਨੂੰ ਸ੍ਰਿਸ਼ਟ ਨਹੀਂ ਪੜ੍ਹਨਾ ਬਲਕਿ **ਸਿਰਠ** ਹੀ ਪੜ੍ਹਨਾ ਹੈ।

# ਛੇਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

**"ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥"**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਕਰਮਕਾਂਡਾਂ ਦਾ ਬਹੁਤ ਜ਼ੋਰ ਸੀ। ਵੱਖਰੇ-ਵੱਖਰੇ ਕਰਮਕਾਂਡਾਂ ਵਿਚੋਂ ਇਕ ਕਰਮਕਾਂਡ ਇਹ ਵੀ ਸੀ ਕਿ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਸਾਡੇ ਪਾਪ ਧੋਤੇ ਜਾਂਦੇ ਹਨ ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਗੱਲ ਦੀ ਨਿਖੇਧੀ ਕਰਦਿਆਂ ਹੋਇਆਂ ਇਸ ਪਉੜੀ ਵਿਚ ਸਾਨੂੰ ਇਹ ਸਿੱਖਿਆ ਦਿੱਤੀ ਹੈ ਕਿ ਕੇਵਲ ਤੀਰਥਾਂ ਤੇ ਨਹਾਉਣ (ਇਸ਼ਨਾਨ) ਨਾਲ ਮਨ ਦੀ ਮੈਲ ਨਹੀਂ ਧੋਤੀ ਜਾ ਸਕਦੀ ਅਤੇ ਬੰਦਾ ਰੱਬ ਦੀ ਦਰਗਾਹ ਤੇ ਪ੍ਰਵਾਨ ਨਹੀਂ ਹੋ ਸਕਦਾ । ਇਸ ਸੰਬੰਧ ਵਿੱਚ ਗੁਰਬਾਣੀ ਫੁਰਮਾਨ ਹੈ ਕਿ :-

**"ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥" (ਅੰਗ: 558)**

## ਦੂਜੀ ਸਿੱਖਿਆ

**"ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥"**

ਜੇ ਅਸੀਂ ਕੋਈ ਵੀ ਕੰਮ ਕਰਨ ਤੋਂ ਪਹਿਲੇ ਅਪਣੇ ਮਨ ਨੂੰ ਇਹ ਪੁਛੀਏ ਕਿ ਇਹ ਕੰਮ ਗੁਰੂ ਦੀ ਸੋਚ ਦੇ ਅਨੁਸਾਰ ਹੈ ਤਾਂ ਇਸ ਤਰ੍ਹਾਂ ਕਰਨ ਨਾਲ ਸਾਡੀ ਮੱਤ (ਬੁੱਧੀ) ਵਿਚ ਪਰਮਾਤਮਾ ਦੇ ਅਮੋਲਕ ਗੁਣਾਂ ਰੂਪੀ ਰਤਨ ਜਵਾਹਰ ਤੇ ਮੋਤੀ ਪ੍ਰਗਟ ਹੋ ਆਉਂਦੇ ਹਨ । **ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਕੋਈ ਵੀ ਕੰਮ ਗੁਰੂ ਜੀ ਦੇ ਆਸ਼ੇ ਤੋਂ ਉਲਟ ਨਹੀਂ ਕਰਨਾ ਅਤੇ ਕੇਵਲ ਉਹੀ ਕੰਮ ਕਰਨੇ ਹਨ ਜਿਹੜੇ ਗੁਰੂ ਦੀ ਸੋਚ ਦੇ ਅਨੁਸਾਰ ਹਨ।**

## ਤੀਜੀ ਸਿੱਖਿਆ

**"ਗੁਰਾ ਇਕ ਦੇਹਿ ਬੁਝਾਈ॥**
**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥"**

ਜਿਵੇਂ ਕਿ ਪੰਜਵੀਂ ਪਉੜੀ ਵਿਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਅਰਦਾਸ ਕੀਤੀ ਹੈ, ਉਵੇਂ ਹੀ ਹੁਣ ਛੇਵੀਂ ਪਉੜੀ ਵਿਚ ਵੀ ਉਹੀ ਅਰਦਾਸ ਦੁਹਰਾਈ ਹੈ ਕਿ ਹੇ ਸਤਿਗੁਰੂ ਜੀ ! ਮੇਰੇ ਤੇ ਕਿਰਪਾ ਕਰੋ ਕਿ ਉਹ ਪਰਮਾਤਮਾ ਜਿਹੜਾ ਸਾਰਿਆਂ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ ਉਹ ਮੈਨੂੰ ਕਦੇ ਵੀ ਨਾ ਵਿਸਰੇ ।

**ਇਸ ਤੋਂ ਇਹ ਸਿੱਖਿਆ ਲੈਣੀ ਹੈ ਕਿ** ਉਹ ਪਰਮਾਤਮਾ ਮੈਨੂੰ ਵੀ ਕਦੇ ਨਾ ਭੁੱਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ ਲੱਗਿਆਂ ਵੀ ਇਹੋ ਦਾਤ ਮੰਗਣੀ ਹੈ ਕਿ :-

**"ਨਾਮੁ ਨ ਵਿਸਰਉ ਇਕੁ ਖਿਨੁ ਚਸਾ ਇਹੁ ਕੀਜੈ ਦਾਨਾ ॥" (ਅੰਗ:396)**

# ਸੱਤਵੀਂ ਪਉੜੀ

**ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥**
**ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥**
**ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥**
**ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥**
**ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥**
**ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥**
**ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥੭॥**

**ਪਦ-ਅਰਥ:- ਆਰਜਾ**-ਉਮਰ। **ਦਸੂਣੀ**-ਦਸ ਗੁਣਾਂ । **ਨਵਾ ਖੰਡਾ ਵਿਚਿ**-ਭਾਵ ਸਾਰੀ ਸ੍ਰਿਸ਼ਟੀ ਵਿਚ । **ਜਾਣੀਐ**-ਪ੍ਰਗਟ ਹੋ ਜਾਏ । **ਚੰਗਾ ਨਾਉ**- ਚੰਗਾ ਨਾਮਣਾ ।**ਕੀਟੁ**-ਕੀੜਾ। **ਕੀਟਾ ਅੰਦਰਿ ਕੀਟੁ**-ਇਕ ਮਾਮੂਲੀ ਕੀੜਾ। **ਕਰਿ ਦੋਸੀ**- ਦੋਸ਼ੀ ਠਹਿਰਾ ਕੇ। **ਨਿਰਗੁਣਿ**-ਗੁਣ-ਹੀਨ ਮਨੁੱਖ ਵਿਚ। **ਗੁਣਵੰਤਿਆ**-ਗੁਣੀ ਮਨੁੱਖਾਂ ਨੂੰ। **ਨ ਸੁਝਈ**-ਨਹੀਂ ਲੱਭਦਾ। ।੭ ।

**ਅਰਥ:-** ਜੇ ਕਿਸੇ ਮਨੁੱਖ ਦੀ ਉਮਰ ਕਹੇ ਜਾਂਦੇ ਚਾਰ ਜੁਗਾਂ ਜਿਤਨੀ ਹੋ ਜਾਏ, ਨਿਰੀ ਇਤਨੀ ਹੀ ਨਹੀਂ ਸਗੋਂ ਜੇ ਇਸ ਤੋਂ ਭੀ ਦਸ ਗੁਣਾਂ ਹੋਰ ਹੋ ਜਾਏ, ਜੇ ਉਹ ਸਾਰੇ ਸੰਸਾਰ ਵਿਚ ਭੀ ਪਰਗਟ ਹੋ ਜਾਏ ਅਤੇ ਹਰੇਕ ਮਨੁੱਖ ਉਸ ਦੇ ਪਿੱਛੇ ਲੱਗ ਕੇ ਤੁਰੇ ।ਜੇ ਉਹ ਚੰਗਾ ਨਾਮਣਾ ਖੱਟ ਕੇ ਸਾਰੇ ਸੰਸਾਰ ਵਿਚ ਸ਼ੋਭਾ ਭੀ ਪ੍ਰਾਪਤ ਕਰ ਲਏ, ਪਰ ਜੇਕਰ ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਵਿਚ ਨਹੀਂ ਆਇਆ, ਤਾਂ ਉਹ ਉਸ ਬੰਦੇ ਵਰਗਾ ਹੈ ਜਿਸ ਦੀ ਕੋਈ ਖ਼ਬਰ ਭੀ ਨਹੀਂ ਪੁੱਛਦਾ। ਭਾਵ, ਇਤਨੀ ਮਾਣ ਵਡਿਆਈ ਵਾਲਾ ਹੁੰਦਿਆਂ ਭੀ ਅਸਲ ਵਿਚ ਨਿਆਸਰਾ ਹੀ ਹੈ। ਸਗੋਂ ਅਜਿਹਾ ਮਨੁੱਖ ਅਕਾਲ ਪੁਰਖ ਦੇ ਸਾਹਮਣੇ ਇਕ ਮਮੂਲੀ ਜਿਹਾ ਕੀੜਾ ਹੈ।ਅਜਿਹੇ ਮਨੁੱਖ ਨੂੰ ਅਕਾਲ ਪੁਰਖ ਦੋਸ਼ੀ ਥਾਪ ਕੇ ਉਸ ਉੱਤੇ ਨਾਮ ਨੂੰ ਭੁੱਲਣ ਦਾ ਦੋਸ਼ ਲਾਉਂਦਾ ਹੈ।ਹੇ ਨਾਨਕ! ਉਹ ਅਕਾਲ ਪੁਰਖ ਗੁਣ-ਹੀਨ ਮਨੁੱਖ ਵਿੱਚ ਗੁਣ ਪੈਦਾ ਕਰ ਦੇਂਦਾ ਹੈ ਤੇ ਗੁਣੀ ਮਨੁੱਖਾਂ ਨੂੰ ਭੀ ਗੁਣ ਉਹੀ ਬਖ਼ਸ਼ਦਾ ਹੈ। ਇਹੋ ਜਿਹਾ ਕੋਈ ਹੋਰ ਨਹੀਂ ਦਿੱਸਦਾ, ਜੋ ਨਿਰਗੁਣ ਜੀਵ ਨੂੰ ਕੋਈ ਗੁਣ ਦੇ ਸਕਦਾ ਹੋਵੇ। ।੭।

**ਉਚਾਰਨ:-**ਨਵਾਂ, ਖੰਡਾਂ, ਨਾਉਂ, ਕੀਟਾਂ, ਗੁਣਵੰਤਿਆਂ ਆਦਿ ਸ਼ਬਦਾਂ ਦਾ ਉਚਾਰਨ ਬਿੰਦੀ ਸਹਿਤ ਕਰਨਾ ਹੈ। 'ਦੋਸੀ ਤੇ ਦੋਸੁ' ਸ਼ਬਦਾਂ ਦਾ ਸ਼ੁੱਧ ਉਚਾਰਨ **ਦੋਸ਼ੀ** ਤੇ **ਦੋਸ਼** ਹੋਵੇਗਾ।

# ਸੱਤਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

**"ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥**
**ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥**
**ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥**
**ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥"**

ਦੁਨੀਆ ਵਿਚ ਪੈਦਾ ਹੋਏ ਹਰ ਇਕ ਬੰਦੇ ਦੇ ਮਨ ਵਿਚ ਇਹ ਤਿੰਨ ਇੱਛਾਵਾਂ ਬਹੁਤ ਪ੍ਰਬਲ ਹਨ :-

**ਪਹਿਲੀ ਇੱਛਾ**-ਮੇਰੀ ਉਮਰ ਵੱਡੀ ਹੋਵੇ ।

**ਦੂਜੀ ਇੱਛਾ**-ਕਿ ਜਿਥੇ ਮੇਰੀ ਉਮਰ ਬਹੁਤ ਵੱਡੀ ਹੋਵੇ, ਉਥੇ ਮੈਂ ਇੰਨਾ ਵੱਡਾ ਹੋਵਾਂ ਕਿ ਮੈਨੂੰ ਸਾਰਾ ਸੰਸਾਰ ਜਾਣੇ ।

**ਤੀਜੀ ਇੱਛਾ**-ਕਿ ਜਿਥੇ ਮੇਰੀ ਉਮਰ ਵੱਡੀ ਹੋਵੇ ਤੇ ਮੈਨੂੰ ਸਾਰਾ ਸੰਸਾਰ ਵੀ ਜਾਣੇ, ਉਥੇ ਨਾਲ ਇਹ ਵੀ ਇੱਛਾ ਹੈ ਕਿ ਮੈਨੂੰ ਸਾਰਾ ਸੰਸਾਰ ਚੰਗਾ ਸਮਝ ਕੇ ਮੇਰੀ ਪ੍ਰਸ਼ੰਸਾ ਵੀ ਕਰਦਾ ਹੋਵੇ ।

ਪਰ ਸਤਿਗੁਰੂ ਜੀ ਕਹਿੰਦੇ ਕਿ ਹੇ ਬੰਦੇ ! ਜੇ ਤੇਰੀ ਉਮਰ ਚਾਰ ਜੁਗਾਂ ਦੀ ਹੋ ਜਾਵੇ ਅਤੇ ਉਸ ਤੋਂ ਵੀ ਦਸ ਗੁਣਾਂ ਜਿਆਦਾ ਹੋ ਜਾਏ ਅਤੇ ਤੂੰ ਨੌ ਖੰਡਾਂ ਵਿਚ ਵੀ ਜਾਣਿਆ ਜਾਂਦਾ ਹੋਵੇ ਅਤੇ ਸਾਰੇ ਖੰਡਾਂ ਬ੍ਰਹਮੰਡਾਂ ਵਿਚ ਲੋਕੀਂ ਤੈਨੂੰ ਚੰਗਾ ਕਹਿ ਕੇ ਤੇਰੀ ਉਸਤਤ ਵੀ ਕਰ ਰਹੇ ਹੋਣ ਪਰ ਜੇ ਤੂੰ ਅਕਾਲ ਪੁਰਖ ਪਰਮੇਸ਼ਰ ਦੀ ਭਗਤੀ ਨਹੀਂ ਕਰਦਾ, ਚੰਗੇ ਕੰਮ ਨਹੀਂ ਕਰਦਾ ਤਾਂ ਉਹਦੀ ਨਜ਼ਰ ਦੇ ਵਿਚ ਤੇਰੀ ਕੀਮਤ ਕੌਡੀ ਜਿੰਨੀ ਵੀ ਨਹੀਂ ਤੇ ਤੇਰੀ ਦਰਗਾਹ ਵਿਚ ਕਿਸੇ ਨੇ ਖਬਰ ਵੀ ਨਹੀਂ ਪੁੱਛਣੀ ਅਤੇ ਦੁਨੀਆ ਦੀ ਇਤਨੀ ਮਾਣ ਵਡਿਆਈ ਵਾਲਾ ਹੁੰਦਿਆਂ ਹੋਇਆਂ ਵੀ ਤੂੰ ਨਿਆਸਰਾ ਹੀ ਰਹੇਗਾ ।

ਐਥੇ ਹੀ ਬੱਸ ਨਹੀਂ, ਇਸ ਪਉੜੀ ਵਿਚ ਗੁਰੂ ਜੀ ਨੇ ਤਾੜਨਾ ਕਰਦਿਆਂ ਹੋਇਆਂ ਇਥੋਂ ਤੱਕ ਲਿਖਿਆ ਹੈ ਕਿ ਭਗਤੀਹੀਣ ਬੰਦੇ ਨੂੰ ਅਕਾਲ ਪੁਰਖੁ ਦੀ ਦਰਗਾਹ ਵਿਚ ਇਕ ਮਾਮੂਲੀ ਜਿਹੇ ਕੀੜੇ ਵਾਂਗ ਹੀ ਹੋਰ ਕੀੜਿਆਂ ਵਿਚ ਸੁੱਟ ਦਿੱਤਾ ਜਾਵੇਗਾ ਅਤੇ ਅਜਿਹੇ ਮਨੁੱਖ ਨੂੰ ਅਕਾਲ ਪੁਰਖੁ ਦੋਸ਼ੀ ਥਾਪ ਕੇ ਉਸ ਤੇ ਨਾਮ ਨੂੰ ਭੁੱਲਣ ਦਾ ਦੋਸ਼ ਲਗਾਉਂਦਾ ਹੈ ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ** ਕਿ ਦੁਨੀਆਂ ਦੇ ਵਿਚ ਪ੍ਰਾਪਤ ਕੀਤੀਆਂ ਹੋਈਆਂ ਵਡਿਆਈਆਂ ਦੀ ਸੱਚੀ ਦਰਗਾਹ ਵਿਚ ਕੋਈ ਕੀਮਤ ਨਹੀਂ। ਉੱਥੇ ਤਾਂ ਉਨ੍ਹਾਂ ਬੰਦਿਆਂ ਦੀ ਕੀਮਤ ਪੈਣੀ ਹੈ ਜਿਹੜੇ ਗੁਰੂ ਵਾਲੇ ਬਣ ਕੇ ਗੁਰੂ ਦੇ ਦੱਸੇ ਰਾਹ ਤੇ ਤੁਰਨਗੇ ਨਾ ਕਿ ਆਪਣਾ

ਜੀਵਨ ਦੁਨੀਆ ਦੀ ਵਾਹ ਵਾਹ ਲੈਣ ਵਿਚ ਵਿਅਰਥ ਗਵਾ ਦੇਣਗੇ। ਇਸ ਲਈ ਅਸੀਂ ਆਪਣੇ ਜੀਵਨ ਦਾ ਇਹ ਮਿਸ਼ਨ ਰਖੀਏ ਕਿ ਅਸੀਂ ਅਕਾਲ ਪੁਰਖੁ ਦੇ ਦਰ ਤੇ ਪਰਵਾਨ ਹੋ ਜਾਈਏ ਅਤੇ ਉਸਦੀ ਦਰਗਾਹ ਤੇ ਉਹੀ ਪਰਵਾਨ ਹੋਣਗੇ ਜਿਹੜੇ ਨਾਮ ਜਪਨਗੇ ਅਤੇ ਨਿਰਮਲ ਕਰਮ ਕਰਨਗੇ।

ਇਸ ਸੰਬੰਧ ਵਿਚ ਗੁਰਬਾਣੀ ਫੁਰਮਾਨ ਇਉਂ ਹੈ:-

**"ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥"(ਅੰਗ:266)**

# ਦੂਜੀ ਸਿੱਖਿਆ

**"ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥**
**ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥"**

ਜਿਵੇਂ ਕਿ ਕਹਾਵਤ ਹੈ ਕਿ ਸਵੇਰ ਦਾ ਭੁੱਲਿਆ ਸ਼ਾਮ ਨੂੰ ਅਗਰ ਘਰ ਆ ਜਾਵੇ ਤਾਂ ਉਹ ਭੁੱਲਿਆ ਨਹੀਂ ਕਹਾਉਂਦਾ। ਇਸੇ ਹੀ ਤਰ੍ਹਾਂ ਨਾਲ ਇਸ ਪਉੜੀ ਦੀਆਂ ਅਖੀਰਲੀਆਂ ਦੋ ਪੰਕਤੀਆਂ ਵਿਚ ਗੁਰਦੇਵ ਪਿਤਾ ਸਾਨੂੰ ਇਹ ਸਿੱਖਿਆ ਦਿੰਦੇ ਹਨ ਕਿ ਜੇ ਹੁਣ ਵੀ ਸਾਡੀ ਅੱਖ ਖੁੱਲ੍ਹ ਗਈ ਹੈ ਤਾਂ ਅਸੀਂ ਉਸ ਦੀ ਸ਼ਰਨ ਵਿਚ ਜਾ ਕੇ ਗੁਰੂ ਵਾਲੇ ਬਣ ਕੇ, ਉਸ ਕੋਲੋਂ ਉਸ ਦੇ ਨਾਮ ਦੀ, ਉਸਦੀ ਭਗਤੀ ਦੀ ਦਾਤਿ ਮੰਗੀਏ ਕਿਉਂਕਿ ਉਹ ਅਕਾਲ ਪੁਰਖੁ ਗੁਣਹੀਣ ਮਨੁੱਖਾਂ ਵਿਚ ਗੁਣ ਪੈਦਾ ਕਰਦਾ ਹੈ ਅਤੇ ਗੁਣੀ ਮਨੁੱਖਾਂ ਨੂੰ ਵੀ ਗੁਣ ਉਹੀ ਬਖਸ਼ਦਾ ਹੈ । ਉਸ ਅਕਾਲ ਪੁਰਖੁ ਜਿਹਾ ਸਾਰੀ ਕਾਇਨਾਤ ਵਿਚ ਹੋਰ ਕੋਈ ਨਹੀਂ ਦਿੱਸਦਾ ਜੋ ਨਿਰਗੁਣ ਜੀਵਾਂ ਨੂੰ ਗੁਣ ਦੇ ਸਕਦਾ ਹੋਵੇ ।

# ਅੱਠਵੀਂ ਪਉੜੀ

**ਸੁਣਿਐ ਸਿਧ ਪੀਰ ਸੁਰਿ ਨਾਥ॥ ਸੁਣਿਐ ਧਰਤਿ ਧਵਲ ਆਕਾਸ॥**
**ਸੁਣਿਐ ਦੀਪ ਲੋਅ ਪਾਤਾਲ॥ ਸੁਣਿਐ ਪੋਹਿ ਨ ਸਕੈ ਕਾਲੁ॥**
**ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੮॥**

**ਪਦ-ਅਰਥ:- ਸੁਣਿਐ**- ਅਕਾਲ ਪੁਰਖ ਦੇ ਨਾਮ ਵਿਚ ਸੁਰਤਿ ਜੋੜਨ ਨਾਲ। **ਸੁਰਿ**-ਦੇਵਤੇ। **ਧਵਲ**-ਬਲਦ, ਧਰਤੀ ਦਾ ਆਸਰਾ। **ਲੋਅ**-ਲੋਕਾਂ, ਭਵਣਾਂ। **ਪੋਹਿ ਨ ਸਕੈ**-ਪੋਹ ਨਹੀਂ ਸਕਦਾ ਭਾਵ ਡਰਾ ਨਹੀਂ ਸਕਦਾ। **ਵਿਗਾਸੁ**-ਖਿੜਾਉ।।੮।

**ਅਰਥ**:- ਹੇ ਨਾਨਕ! ਅਕਾਲ ਪੁਰਖ ਦੇ ਨਾਮ ਵਿਚ ਸੁਰਤਿ ਜੋੜਨ ਵਾਲੇ ਭਗਤ ਜਨਾਂ ਦੇ ਹਿਰਦੇ ਵਿਚ ਸਦਾ ਖਿੜਾਉ ਬਣਿਆ ਰਹਿੰਦਾ ਹੈ, ਕਿਉਂਕਿ ਰੱਬ ਦੀ ਸਿਫ਼ਤਿ-ਸਾਲਾਹ ਸੁਣਨ ਕਰ ਕੇ ਮਨੁੱਖਾਂ ਦੇ ਦੁੱਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ। ਅਕਾਲ ਪੁਰਖ ਦੇ ਨਾਮ ਵਿਚ ਸੁਰਤਿ ਜੋੜਨ ਸਦਕਾ ਸਾਧਾਰਨ ਮਨੁੱਖ ਸਿੱਧਾਂ, ਪੀਰਾਂ, ਦੇਵਤਿਆਂ ਤੇ ਨਾਥਾਂ ਦੀ ਪਦਵੀ ਪ੍ਰਾਪਤ ਕਰ ਲੈਂਦੇ ਹਨ ਤੇ ਉਹਨਾਂ ਨੂੰ ਇਹ ਸੋਝੀ ਹੋ ਜਾਂਦੀ ਹੈ ਕਿ ਧਰਤੀ ਆਕਾਸ਼ ਦਾ ਆਸਰਾ ਉਹ ਪ੍ਰਭੂ ਆਪ ਹੀ ਹੈ, ਜੋ ਸਾਰੇ ਦੀਪਾਂ, ਲੋਕਾਂ, ਪਾਤਾਲਾਂ ਵਿਚ ਵਿਆਪਕ ਹੈ। ਮਨੁੱਖ ਨੂੰ ਮੌਤ ਦਾ ਡਰ ਪੋਹ ਨਹੀਂ ਸਕਦਾ; ਭਾਵ, ਮੌਤ ਦਾ ਡਰ ਮਨੁੱਖ ਦੇ ਮਨ ਤੇ ਪ੍ਰਭਾਵ ਨਹੀਂ ਪਾ ਸਕਦਾ। ।੮।

# ਨੌਵੀਂ ਪਉੜੀ

**ਸੁਣਿਐ ਈਸਰੁ ਬਰਮਾ ਇੰਦੁ॥ ਸੁਣਿਐ ਮੁਖਿ ਸਾਲਾਹਣ ਮੰਦੁ॥**
**ਸੁਣਿਐ ਜੋਗ ਜੁਗਤਿ ਤਨਿ ਭੇਦ॥ ਸੁਣਿਐ ਸਾਸਤ ਸਿਮ੍ਰਿਤਿ ਵੇਦ॥**
**ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੯॥**

**ਪਦ-ਅਰਥ:- ਈਸਰੁ**-ਸ਼ਿਵ। **ਇੰਦੁ**-ਇੰਦਰ ਦੇਵਤਾ। **ਸਾਲਾਹਣ**-ਸਿਫ਼ਤ-ਸਾਲਾਹਾਂ। **ਮੰਦੁ**-ਭੈੜਾ ਮਨੁੱਖ। **ਜੋਗ ਜੁਗਤਿ**-ਜੋਗ ਦੇ ਸਾਧਨ।।੯।

**ਅਰਥ:-** ਅਕਾਲ ਪੁਰਖ ਦੇ ਨਾਮ ਵਿਚ ਸੁਰਤ ਜੋੜਨ ਦਾ ਸਦਕਾ ਸਾਧਾਰਨ ਮਨੁੱਖ ਸ਼ਿਵ, ਬ੍ਰਹਮਾ ਤੇ ਇੰਦਰ ਦੀ ਪਦਵੀ 'ਤੇ ਅੱਪੜ ਜਾਂਦਾ ਹੈ, ਮੰਦਾ ਮਨੁੱਖ ਭੀ ਮੂੰਹੋਂ ਰੱਬ ਦੀਆਂ ਸਿਫ਼ਤਾਂ ਕਰਨ ਲੱਗ ਪੈਂਦਾ ਹੈ। ਸਾਧਾਰਨ ਬੁੱਧ ਵਾਲੇ ਨੂੰ ਭੀ ਸਰੀਰ ਵਿਚਲੀਆਂ ਗੁੱਝੀਆਂ ਗੱਲਾਂ ਭਾਵ, ਅੱਖਾਂ, ਕੰਨ, ਜੀਭ ਆਦਿਕ ਇੰਦਰੀਆਂ ਦੇ ਚਾਲਿਆਂ ਤੇ ਵਿਕਾਰ ਆਦਿਕਾਂ ਵੱਲ ਦੌੜ-ਭੱਜ ਦੇ ਭੇਦ ਦਾ ਪਤਾ ਲੱਗ ਜਾਂਦਾ ਹੈ। ਅਕਾਲ ਪੁਰਖ ਦੇ ਨਾਮ ਵਿਚ ਸੁਰਤ ਜੋੜਨ ਦਾ ਸਦਕਾ ਪ੍ਰਭੂ-ਮਿਲਾਪ ਦੀ ਜੁਗਤੀ ਦੀ ਸਮਝ ਪੈ ਜਾਂਦੀ ਹੈ, ਸ਼ਾਸਤ੍ਰਾਂ ਸਿਮ੍ਰਿਤੀਆਂ ਤੇ ਵੇਦਾਂ ਦੀ ਅਸਲੀਅਤ ਸਮਝ ਆ ਜਾਂਦੀ ਹੈ ਕਿ ਇਹ ਧਾਰਮਿਕ ਪੁਸਤਕਾਂ ਕੀ ਹਨ। ਹੇ ਨਾਨਕ! ਅਕਾਲ ਪੁਰਖ ਦੇ ਨਾਮ ਵਿਚ ਸੁਰਤਿ ਜੋੜਨ ਵਾਲੇ ਭਗਤ ਜਨਾਂ ਦੇ ਹਿਰਦੇ ਵਿਚ ਸਦਾ ਖਿੜਾਉ ਬਣਿਆ ਰਹਿੰਦਾ ਹੈ; ਕਿਉਂਕਿ ਰੱਬ ਦੀ ਸਿਫ਼ਤਿ ਸਾਲਾਹ ਸੁਣਨ ਕਰਕੇ ਮਨੁੱਖ ਦੇ ਦੁਖਾਂ ਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।੯।

# ਦਸਵੀਂ ਪਉੜੀ

**ਸੁਣਿਐ ਸਤੁ ਸੰਤੋਖੁ ਗਿਆਨੁ॥ ਸੁਣਿਐ ਅਠਸਠਿ ਕਾ ਇਸਨਾਨੁ॥**
**ਸੁਣਿਐ ਪੜਿ ਪੜਿ ਪਾਵਹਿ ਮਾਨੁ॥ ਸੁਣਿਐ ਲਾਗੈ ਸਹਜਿ ਧਿਆਨੁ॥**
**ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੧੦॥**

**ਪਦ-ਅਰਥ**:- **ਅਠਸਠਿ**-ਅਠਾਹਠ ਤੀਰਥ। **ਧਿਆਨ-**ਬ੍ਰਿਤੀ।

**ਅਰਥ**:-ਪ੍ਰਭੂ ਦੇ ਨਾਮ ਵਿਚ ਸੁਰਤਿ ਜੋੜਨ ਨਾਲ ਹਿਰਦੇ ਵਿਚ ਲੋੜਵੰਦਾਂ ਦੀ ਸੇਵਾ ਕਰਨ ਦਾ ਸੁਭਾਉ, ਸੰਤੋਖ ਤੇ ਪ੍ਰਕਾਸ਼ ਪਰਗਟ ਹੋ ਜਾਂਦਾ ਹੈ। ਮਾਨੋ ਅਠਾਹਠ ਤੀਰਥਾਂ ਦਾ ਇਸ਼ਨਾਨ ਹੀ ਹੋ ਜਾਂਦਾ ਹੈ। ਜੋ ਸਤਿਕਾਰ ਮਨੁੱਖ ਵਿੱਦਿਆ ਪੜ੍ਹ ਕੇ ਪ੍ਰਾਪਤ ਕਰਦੇ ਹਨ ਉਹ ਭਗਤ ਜਨਾਂ ਨੂੰ ਅਕਾਲ ਪੁਰਖ ਦੇ ਨਾਮ ਵਿਚ ਜੁੜ ਕੇ ਸਹਿਜੇ ਹੀ ਮਿਲ ਜਾਂਦਾ ਹੈ। ਨਾਮ ਵਿਚ ਸੁਰਤਿ ਜੋੜਨ ਦਾ ਸਦਕਾ ਸਹਿਜ ਅਵਸਥਾ, ਭਾਵ, ਅਡੋਲਤਾ ਵਿਚ ਚਿੱਤ ਦੀ ਬ੍ਰਿਤੀ ਟਿਕ ਜਾਂਦੀ ਹੈ ।ਹੇ ਨਾਨਕ! ਅਕਾਲ ਪੁਰਖ ਦੇ ਨਾਮ ਵਿਚ ਸੁਰਤ ਜੋੜਨ ਵਾਲੇ ਭਗਤ ਜਨਾਂ ਦੇ ਹਿਰਦੇ ਵਿਚ ਸਦਾ ਖਿੜਾਉ ਬਣਿਆ ਰਹਿੰਦਾ ਹੈ, ਕਿਉਂਕਿ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਸੁਣਨ ਨਾਲ ਮਨੁੱਖ ਦੇ ਦੁੱਖਾਂ ਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।੧੦।

# ਗਿਆਰਵੀਂ ਪਉੜੀ

**ਸੁਣਿਐ ਸਰਾ ਗੁਣਾ ਕੇ ਗਾਹ॥ ਸੁਣਿਐ ਸੇਖ ਪੀਰ ਪਾਤਿਸਾਹ॥**
**ਸੁਣਿਐ ਅੰਧੇ ਪਾਵਹਿ ਰਾਹੁ॥ ਸੁਣਿਐ ਹਾਥ ਹੋਵੈ ਅਸਗਾਹੁ॥**
**ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੧੧॥**

**ਪਦ-ਅਰਥ:- ਸਰਾ ਗੁਣਾ ਕੇ-**ਗੁਣਾਂ ਦੇ ਸਰੋਵਰਾਂ ਦੇ, ਬੇਅੰਤ ਗੁਣਾਂ ਦੇ। **ਗਾਹ**-ਗਾਹੁਣ ਵਾਲੇ, ਸੂਝ ਵਾਲੇ, ਵਾਕਫ਼ੀ ਵਾਲੇ।**ਅਸਗਾਹੁ**-ਡੂੰਘਾ ਸਮੁੰਦਰ, ਸੰਸਾਰ। **ਹਾਥ ਹੋਵੈ-**ਡੂੰਘਿਆਈ ਦਾ ਪਤਾ ਲੱਗ ਜਾਂਦਾ ਹੈ। ।੧੧।

**ਅਰਥ**:- ਪ੍ਰਭੂ ਦੇ ਨਾਮ ਵਿਚ ਸੁਰਤਿ ਜੋੜਨ ਸਦਕਾ ਸਾਧਾਰਨ ਮਨੁੱਖ ਬੇਅੰਤ ਗੁਣਾਂ ਦੀ ਸੂਝ ਵਾਲੇ ਹੋ ਜਾਂਦੇ ਹਨ। ਨਾਮ ਵਿਚ ਸੁਰਤਿ ਜੋੜਨ ਸਦਕਾ ਸਾਧਾਰਨ ਮਨੁੱਖ ਸ਼ੇਖ, ਪੀਰ ਤੇ ਪਾਤਿਸ਼ਾਹਾਂ ਦੀ ਪਦਵੀ ਪ੍ਰਾਪਤ ਕਰ ਲੈਂਦੇ ਹਨ। ਇਹ ਨਾਮ ਸੁਣਨ ਦੀ ਹੀ ਬਰਕਤਿ ਹੈ ਕਿ ਅੰਨ੍ਹੇ-ਗਿਆਨ-ਹੀਣ ਮਨੁੱਖ ਭੀ ਅਕਾਲ ਪੁਰਖ ਨੂੰ ਮਿਲਣ ਦਾ ਰਾਹ ਲੱਭ ਲੈਂਦੇ ਹਨ। ਅਕਾਲ ਪੁਰਖ ਦੇ ਨਾਮ ਵਿਚ ਜੁੜਨ ਦਾ ਸਦਕਾ ਇਸ ਡੂੰਘੇ ਸੰਸਾਰ-ਸਮੁੰਦਰ ਦੀ ਅਸਲੀਅਤ ਸਮਝ ਵਿਚ ਆ ਜਾਂਦੀ ਹੈ। ਹੇ ਨਾਨਕ! ਅਕਾਲ ਪੁਰਖ ਦੇ ਨਾਮ ਵਿਚ ਸੁਰਤਿ ਜੋੜਨ ਵਾਲੇ ਭਗਤ ਜਨਾਂ ਦੇ ਹਿਰਦੇ ਵਿਚ ਸਦਾ ਖਿੜਾਉ ਬਣਿਆ ਰਹਿੰਦਾ ਹੈ, ਕਿਉਂਕਿ ਅਕਾਲ ਪੁਰਖ ਦਾ ਨਾਮ ਸੁਣਨ ਨਾਲ ਮਨੁੱਖ ਦੇ ਦੁੱਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ। ।੧੧।

**ਉਚਾਰਨ:-**'ਸੁਣਿਐ' ਦਾ ਪਾਠ ਸੁਣੀਐ ਕਰਨਾ ਅਸ਼ੁੱਧ ਹੈ। 'ਪੋਹਿ' ਦਾ ਉਚਾਰਨ ਪੋਹ ਕਰਨਾ ਹੈ, ਪੋਹੇ ਨਹੀਂ। ਭਗਤਾਂ, ਪਾਵਹਿਂ, ਸਰਾਂ, ਗੁਣਾਂ, ਸ਼ਬਦ ਬਿੰਦੀ ਸਹਿਤ ਉਚਾਰਨੇ ਹਨ। ਆਕਾਸ਼, ਨਾਸ਼, ਈਸ਼ਰ, ਸ਼ਾਸਤ, ਇਸ਼ਨਾਨ, ਸ਼ੇਖ, ਪਾਤਸ਼ਾਹ, ਆਦਿ ਸ਼ਬਦਾਂ ਦੇ 'ਸ' ਦੇ ਪੈਰ ਵਿਚ ਬਿੰਦੀ ਲਗਾ ਕੇ ਉਚਾਰਨਾ ਹੈ। ਰਾਹੁ ਅਤੇ ਅਸਗਾਹੁ ਨੂੰ ਰਾਹ ਅਤੇ ਅਸਗਾਹ ਪੜ੍ਹਨਾ ਹੈ।

# ਸੁਣਿਐ ਵਾਲੀਆਂ ਪਉੜੀਆਂ ਦੀ ਸਮੁੱਚੀ ਸਿੱਖਿਆ

'ਸੁਣਿਐ' ਵਾਲੀਆਂ ਚਾਰ ਪਉੜੀਆਂ ਦਾ ਸਮੁੱਚਾ ਭਾਵ ਇਹ ਹੈ ਕਿ ਜੇ ਅਸੀਂ ਬਾਣੀ ਨੂੰ ਚੰਗੀ ਤਰ੍ਹਾਂ ਸੁਣੀਏ ਤਾਂ ਅਸੀਂ ਆਪਣੇ ਜੀਵਨ ਵਿਚ ਬਹੁਤ ਉੱਚੀਆਂ ਅਵਸਥਾਵਾਂ ਤੱਕ ਪਹੁੰਚ ਸਕਦੇ ਹਾਂ ਜਿਵੇਂ ਕਿ ਬਾਣੀ ਨੂੰ ਸੁਣ ਕੇ ਸਿੱਧਾਂ, ਪੀਰਾਂ, ਦੇਵਤਿਆਂ ਵਾਲੀ ਅਵਸਥਾ ਤੱਕ ਅੱਪੜ ਜਾਂਦਾ ਹੈ ਆਦਿ ਆਦਿ...।

'ਸੁਣਿਐ' ਦੀਆਂ ਚਾਰ ਪਉੜੀਆਂ ਵਿਚ ਹੇਠ ਲਿਖੀ ਇਹ ਪੰਕਤੀ ਚਾਰ ਵਾਰੀ ਆਈ ਹੈ :-

**"ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥"**

ਉਪਰ ਲਿਖੀ ਪੰਕਤੀ ਦਾ ਸਧਾਰਨ ਸ਼ਬਦਾਂ ਵਿਚ ਮਤਲਬ ਇਹ ਹੈ ਕਿ ਅਕਾਲ ਪੁਰਖੁ ਦੇ ਨਾਮ ਵਿਚ ਸੁਰਤਿ ਜੋੜਨ ਵਾਲੇ ਭਗਤ ਜਨਾਂ ਦੇ ਹਿਰਦੇ ਵਿਚ ਸਦਾ ਖਿੜਾਉ ਬਣਿਆ ਰਹਿੰਦਾ ਹੈ ਕਿਉਂਕਿ ਪਰਮਾਤਮਾ ਦੀ ਸਿਫਤਿ-ਸਾਲਾਹ ਸੁਣਨ ਕਰਕੇ ਮਨੁੱਖ ਦੇ ਦੁੱਖਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ ।

**ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਸੀਂ ਐਨੇ ਸਾਲਾਂ ਤੋਂ ਪਾਠ ਕਰ ਰਹੇ ਹਾਂ ਪਰ ਤਾਂ ਵੀ ਖਿਝਦੇ-ਕਰੁਝਦੇ ਰਹਿੰਦੇ ਹਾਂ ਅਤੇ ਸਾਡੇ ਹਿਰਦੇ ਵਿਚ ਖਿੜਾਉ ਕਿਉਂ ਨਹੀਂ ਬਣਦਾ ਅਤੇ ਸਾਡੇ ਦੁੱਖਾਂ ਪਾਪਾਂ ਦਾ ਨਾਸ਼ ਕਿਉਂ ਨਹੀਂ ਹੁੰਦਾ?**

ਇਸ ਦਾ ਮੁੱਢਲਾ ਕਾਰਨ ਜੋ ਸਮਝ ਵਿਚ ਆਉਂਦਾ ਹੈ ਉਹ ਇਹ ਹੈ ਕਿ ਪਾਠ ਤਾਂ ਆਪਾਂ ਰਸਨਾ ਨਾਲ ਬਹੁਤ ਕਰ ਰਹੇ ਹਾਂ ਪਰ ਆਪਣੇ ਕੀਤੇ ਪਾਠ ਨੂੰ ਅਸੀਂ ਸੁਣ ਨਹੀਂ ਰਹੇ। ਇਹ ਪਾਠ ਅਸੀਂ ਵੀਚਾਰਹੀਣ ਹੋ ਕੇ ਤੋਤਾ ਰਟਨ ਵਾਂਗੂੰ ਕਰ ਲੈਂਦੇ ਹਾਂ । ਇਸ ਸੰਬੰਧ ਵਿਚ ਤੁਹਾਡੇ ਨਾਲ ਇਕ ਕਹਾਣੀ ਸਾਂਝੀ ਕਰ ਰਿਹਾਂ ਹਾਂ।

ਇਕ ਵਾਰ ਇਕ ਸ਼ਿਕਾਰੀ ਜੰਗਲ ਵਿਚੋਂ ਤੋਤਿਆਂ ਨੂੰ ਜਾਲ ਵਿਚ ਪਾ ਕੇ ਲੈ ਕੇ ਜਾ ਰਿਹਾ ਸੀ। ਇਕ ਗੁਰਮੁਖ ਜਾਲ ਵਿਚ ਫਸੇ ਹੋਏ ਤੋਤਿਆਂ ਨੂੰ ਦੇਖਦੇ ਹਨ। ਉਨ੍ਹਾਂ ਦੇ ਮਨ ਵਿਚ ਆਉਂਦਾ ਹੈ ਕਿ ਇਹ ਸ਼ਿਕਾਰੀ ਇਨ੍ਹਾਂ ਤੋਤਿਆਂ ਨੂੰ ਪਿੰਜਰੇ ਵਿਚ ਪਾ ਕੇ ਕੈਦ ਕਰ ਲਵੇਗਾ ਤੇ ਅਲੱਗ ਅਲੱਗ ਕਰਕੇ ਵੇਚ ਦੇਵੇਗਾ। ਕਿਉਂ ਨਾ ਮੈਂ ਇਨ੍ਹਾਂ ਸਾਰੇ ਤੋਤਿਆਂ ਨੂੰ ਖਰੀਦ ਕੇ ਲੈ ਜਾਵਾਂ ਤੇ ਇਸ ਸ਼ਿਕਾਰੀ ਕੋਲੋਂ ਇਨ੍ਹਾਂ ਨੂੰ ਆਜ਼ਾਦ ਕਰਵਾ ਦੇਵਾਂ।

ਉਹ ਗੁਰਮੁਖ ਸ਼ਿਕਾਰੀ ਕੋਲੋਂ ਸਾਰੇ ਤੋਤੇ ਖਰੀਦ ਲੈਂਦੇ ਹਨ। ਤੋਤਿਆਂ ਨੂੰ ਉਹ ਆਪਣੇ ਘਰ ਲੈ ਆਉਂਦੇ ਹਨ ਤੇ ਰੋਜ਼ ਉਨ੍ਹਾਂ ਨੂੰ ਚੋਗਾ ਪਾਉਂਦੇ ਹਨ। ਤੋਤਿਆਂ ਨੂੰ ਰੋਜ਼ ਹੀ ਉਹ ਇਕ ਸਬਕ ਯਾਦ ਕਰਾਉਂਦੇ ਹਨ ਕਿ "ਸ਼ਿਕਾਰੀ ਆਏਗਾ, ਜਾਲ ਵਿਛਾਏਗਾ, ਚੋਗਾ ਪਾਏਗਾ ਪਰ ਚੋਗ ਨਹੀਂ ਚੁੱਗਣੀ ਨਹੀਂ ਤੇ ਫਸ ਜਾਵਾਂਗੇ।"

ਸਬਕ ਯਾਦ ਕਰਵਾਉਂਦੇ ਕਰਵਾਉਂਦੇ ਇਕ-ਦੋ ਮਹੀਨੇ ਬੀਤ ਜਾਂਦੇ ਹਨ ਤੇ ਸਾਰੇ ਤੋਤਿਆਂ ਨੂੰ ਸਬਕ ਵੀ ਯਾਦ ਹੋ ਜਾਂਦਾ ਹੈ ਕਿ "ਸ਼ਿਕਾਰੀ ਆਏਗਾ, ਜਾਲ ਵਿਛਾਏਗਾ, ਚੋਗਾ ਪਾਏਗਾ ਪਰ ਅਸੀਂ ਫਸਣਾ ਨਹੀਂ।" ਗੁਰਮੁਖ ਸੋਚਦੇ ਹਨ ਕਿ ਹੁਣ ਇਨ੍ਹਾਂ ਨੇ ਇਹ

ਸਬਕ ਯਾਦ ਕਰ ਲਿਆ ਹੈ ਤੇ ਹੁਣ ਇਹ ਆਜ਼ਾਦੀ ਨਾਲ ਜੰਗਲ ਵਿਚ ਰਹਿ ਸਕਦੇ ਹਨ। ਹੁਣ ਇਹ ਕਿਸੇ ਵੀ ਸ਼ਿਕਾਰੀ ਦੇ ਜਾਲ ਵਿਚ ਨਹੀਂ ਫਸਣਗੇ।

ਗੁਰਮੁਖ ਸਾਰੇ ਹੀ ਤੋਤਿਆਂ ਨੂੰ ਜੰਗਲ ਵਿਚ ਛੱਡ ਆਉਂਦੇ ਹਨ। ਹੁਣ ਉਹ ਤੋਤੇ ਗੁਰਮੁਖਾਂ ਵਲੋਂ ਸਿਖਾਇਆ ਹੋਇਆ ਸਬਕ ਹੀ ਬੋਲਦੇ ਰਹਿੰਦੇ ਹਨ। ਇਕ ਵਾਰ ਸ਼ਿਕਾਰੀ ਆਉਂਦਾ ਹੈ ਤਾਂ ਉਹ ਤੋਤਿਆਂ ਨੂੰ ਉਹੀ ਸਬਕ ਬੋਲਦੇ ਹੋਏ ਸੁਣਦਾ ਹੈ ਤਾਂ ਉਹ ਸੋਚਦਾ ਹੈ ਕਿ ਇਹ ਤੋਤੇ ਤਾਂ ਜਾਲ ਵਿਚ ਨਹੀਂ ਫਸਣਗੇ। ਪਰ ਉਹ ਜਾਲ ਵਿਛਾ ਕੇ, ਜਦ ਚੋਗਾ ਪਾਉਂਦਾ ਹੈ ਤਾਂ ਸਾਰੇ ਹੀ ਤੋਤੇ ਉੱਥੇ ਆ ਜਾਂਦੇ ਹਨ ਅਤੇ ਗੁਰਮੁਖਾਂ ਵਲੋਂ ਸਿਖਾਇਆ ਹੋਇਆ ਸਬਕ ਬੋਲ ਵੀ ਰਹੇ ਹੁੰਦੇ ਹਨ ਤੇ ਚੋਗਾ ਚੁੱਗਦੇ ਚੁੱਗਦੇ ਜਾਲ ਵਿਚ ਵੀ ਫਸ ਜਾਂਦੇ ਹਨ।

**ਸਾਡੀ ਵੀ ਹਾਲਤ ਇਨ੍ਹਾਂ ਤੋਤਿਆਂ ਵਰਗੀ ਹੀ ਹੈ। ਪਹਿਲੀ ਗੱਲ ਕਿ ਪਾਠ ਕਰਨ ਲੱਗਿਆਂ ਅਸੀਂ ਬਾਣੀ ਨੂੰ ਸੁਣਦੇ ਹੀ ਨਹੀਂ, ਦੂਜੀ ਗੱਲ ਇਹ ਹੈ ਕਿ ਸੁਣ ਕੇ ਸਮਝਦੇ ਹੀ ਨਹੀਂ ਅਤੇ ਨਾ ਹੀ ਵੀਚਾਰਦੇ ਹਾਂ। ਤੀਜੀ ਗੱਲ ਇਹ ਹੈ ਕਿ ਵੀਚਾਰ ਨੂੰ ਸਮਝ ਕੇ ਜੀਵਨ ਵਿਚ ਕਮਾਉਂਦੇ ਹੀ ਨਹੀਂ ।**

ਦੁੱਖਾਂ ਪਾਪਾਂ ਦਾ ਨਾਸ਼ ਉਸ ਦਿਨ ਹੋਣਾ ਸ਼ੁਰੂ ਹੋ ਜਾਏਗਾ ਜਿਸ ਦਿਨ ਤੋਂ ਅਸੀਂ ਬਾਣੀ ਦੇ ਉਪਦੇਸ਼ ਨੂੰ ਸੁਰਤਿ ਜੋੜ ਕੇ ਸੁਣਨਾ, ਸਮਝਣਾ ਤੇ ਵੀਚਾਰਨਾ ਸ਼ੁਰੂ ਕਰ ਦੇਵਾਂਗੇ । ਸਿੱਖ ਪਾਠ ਤਾਂ ਕਰਦਾ ਹੈ ਪਰ ਮਨ ਦੀ ਗ਼ੈਰਹਾਜ਼ਰੀ ਨਾਲ, ਸਿੱਖ ਦੀ ਜ਼ੁਬਾਨ ਤਾਂ ਪਾਠ ਪੜ੍ਹ ਰਹੀ ਹੈ ਪਰ ਮਨ ਹੋਰ-ਹੋਰ ਕੰਮਾਂ ਵਾਲੇ ਪਾਸੇ ਚਲਾ ਜਾਂਦਾ ਹੈ । ਇਸ ਸੰਬੰਧ ਵਿਚ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਮਾਜ਼ ਪੜ੍ਹਣ ਵਾਲੀ ਸਾਖੀ ਹਮੇਸ਼ਾ ਯਾਦ ਰਖਣੀ ਚਾਹੀਦੀ ਹੈ ਜੋ ਕਿ ਸਫ਼ਾ ਨੰਬਰ 129 ਤੇ ਦਿੱਤੀ ਗਈ ਹੈ। ਇਸ ਸਾਖੀ ਤੋਂ ਇਹੀ ਸਿੱਖਿਆ ਮਿਲਦੀ ਹੈ ਕਿ ਜੇਕਰ ਪਾਠ ਕਰਨ ਲਗਿਆਂ ਮਨ ਦੀ ਗੈਰ-ਹਾਜ਼ਰੀ ਹੈ, ਤਾਂ ਪੂਰਨ ਤੌਰ ਤੇ ਲਾਭ ਨਹੀਂ ਹੁੰਦਾ ।

**ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਉਹ ਕੀ ਤਰੀਕਾ ਹੈ ਜਿਸ ਨਾਲ ਮਨ ਪੜ੍ਹੇ ਹੋਏ ਪਾਠ ਨੂੰ ਸੁਣਨਾ ਵੀ ਸ਼ੁਰੂ ਕਰ ਦੇਵੇ ?**

ਇਸ ਸੰਬੰਧ ਵਿਚ ਗੁਰਮੁਖ ਪਿਆਰੇ 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲਿਆਂ ਦੀ ਦੱਸੀ ਹੋਈ ਜੁਗਤਿ ਜੇ ਅਸੀਂ ਅਪਨਾ ਲਈਏ ਤਾਂ ਮਨ ਨੂੰ ਬਾਣੀ ਪੜ੍ਹਣ-ਸੁਣਨ ਦੀ ਜਾਚ ਆ ਜਾਏਗੀ । ਇਹ ਜੁਗਤਿ ਹੈ ਕਿ ਪਾਠ ਕਰਨ ਲਗਿਆਂ ਮਨ ਨੂੰ ਪੁੱਛਣਾ ਹੈ ਕਿ, "ਕੀ ਤੂੰ ਬਾਣੀ ਨੂੰ ਸੁਣ ਲਿਆ ਹੈ ?" ਅਗਰ ਮਨ ਨੇ ਉਹ ਪੰਕਤੀ ਨਹੀਂ ਸੁਣੀ ਤਾਂ ਸਿੱਖ ਉਹ ਪੰਕਤੀ ਉਨੀ ਦੇਰ ਤੱਕ ਵਾਰ ਵਾਰ ਪੜ੍ਹੀ ਜਾਵੇ ਜਿੰਨੀ ਦੇਰ ਤੱਕ ਮਨ ਉਸ ਪੰਕਤੀ ਨੂੰ ਨਹੀਂ ਸੁਣਦਾ । ਅਗਲੀ ਪੰਕਤੀ ਉਦੋਂ ਹੀ ਪੜ੍ਹੀ ਜਾਵੇ ਜਦ ਮਨ ਪਿਛਲੀ ਪੰਕਤੀ ਨੂੰ ਸੁਣ ਕੇ, ਸਮਝ ਕੇ, ਵਿਚਾਰ ਕਰ ਲਵੇ । ਗੁਰਦੇਵ ਪਿਤਾ ਦੀ ਕਿਰਪਾ ਦਾ ਸਦਕਾ ਜੇ ਸਾਨੂੰ ਇਹ ਅਭਿਆਸ ਪੱਕ ਜਾਵੇ ਤਾਂ ਮਨ ਨੂੰ ਸੁਣਨ ਦੀ ਆਦਤ ਪੈ ਜਾਵੇਗੀ ।

**ਆਪਾਂ ਹਮੇਸ਼ਾ ਯਾਦ ਰੱਖੀਏ ਕਿ :**

**ਬਾਣੀ ਕਿਉਂ ਪੜ੍ਹਣੀ ਹੈ..........ਸੁਣਨ ਲਈ ।**
**ਬਾਣੀ ਕਿਉਂ ਸੁਣਨੀ ਹੈ........ਸਮਝਣ ਲਈ ।**
**ਬਾਣੀ ਕਿਉਂ ਸਮਝਣੀ ਹੈ... ਵੀਚਾਰਨ ਲਈ ।**
**ਬਾਣੀ ਕਿਉਂ ਵਿਚਾਰਨੀ ਹੈ...ਕਮਾਉਣ ਲਈ ।**

## ਬਾਰ੍ਹਵੀਂ ਪਉੜੀ

**ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥**
**ਕਾਗਦਿ ਕਲਮ ਨ ਲਿਖਣਹਾਰੁ॥ ਮੰਨੇ ਕਾ ਬਹਿ ਕਰਨਿ ਵੀਚਾਰੁ॥**
**ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥੧੨॥**

**ਪਦ-ਅਰਥ**:- **ਮੰਨੇ ਕੀ**-ਮੰਨਣ ਵਾਲੇ ਦੀ। **ਗਤਿ**-ਅਵਸਥਾ। ।੧੨।

**ਅਰਥ**:- ਉਸ ਮਨੁੱਖ ਦੀ ਉੱਚੀ ਆਤਮਕ ਅਵਸਥਾ ਦੱਸੀ ਨਹੀਂ ਜਾ ਸਕਦੀ, ਜਿਸ ਨੇ ਅਕਾਲ ਪੁਰਖ ਦੇ ਨਾਮ ਨੂੰ ਮੰਨ ਲਿਆ ਹੈ; ਭਾਵ, ਜਿਸ ਦੀ ਲਗਨ ਨਾਮ ਵਿਚ ਲੱਗ ਗਈ ਹੈ। ਜੇ ਕੋਈ ਮਨੁੱਖ ਬਿਆਨ ਕਰੇ ਭੀ, ਤਾਂ ਉਹ ਪਿਛੋਂ ਪਛਤਾਉਂਦਾ ਹੈ ਕਿ ਮੈਂ ਹੋਛਾ ਜਤਨ ਕੀਤਾ ਹੈ। ਮਨੁੱਖ ਰਲ ਕੇ ਨਾਮ ਵਿਚ ਪਤੀਜੇ ਹੋਏ ਦੀ ਆਤਮਕ ਅਵਸਥਾ ਦਾ ਅੰਦਾਜ਼ਾ ਲਾਂਦੇ ਹਨ ਪਰ ਕਾਗਜ਼ ਉੱਤੇ ਕਲਮ ਨਾਲ ਕੋਈ ਮਨੁੱਖ ਲਿਖਣ ਦੇ ਸਮਰੱਥ ਨਹੀਂ ਹੈ। ਅਕਾਲ ਪੁਰਖ ਦਾ ਨਾਮ ਬਹੁਤ ਉੱਚਾ ਹੈ ਤੇ ਮਾਇਆ ਦੇ ਪਰਭਾਵ ਤੋਂ ਪਰੇ ਹੈ, ਇਸ ਵਿਚ ਜੁੜਨ ਵਾਲਾ ਭੀ ਉੱਚੀ ਆਤਮਕ ਅਵਸਥਾ ਵਾਲਾ ਹੋ ਜਾਂਦਾ ਹੈ, ਪਰ ਇਹ ਗੱਲ ਤਾਂ ਹੀ ਸਮਝ ਵਿੱਚ ਆਉਂਦੀ ਹੈ ਜੇ ਕੋਈ ਮਨੁੱਖ ਆਪਣੇ ਅੰਦਰ ਲਗਨ ਲਾ ਕੇ ਵੇਖੇ ।੧੨।

## ਤੇਰ੍ਹਵੀਂ ਪਉੜੀ

**ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ॥**
**ਮੰਨੈ ਮੁਹਿ ਚੋਟਾ ਨਾ ਖਾਇ॥ ਮੰਨੈ ਜਮ ਕੈ ਸਾਥਿ ਨ ਜਾਇ॥**
**ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥੧੩॥**

**ਪਦ ਅਰਥ:- ਮੰਨੈ**-ਮੰਨਣ ਕਰਕੇ। **ਬੁਧਿ**-ਜਾਗ੍ਰਤ। **ਮੁਹਿ**-ਮੂੰਹ ਉੱਤੇ। ।੧੩।

**ਅਰਥ**:- ਜੇ ਮਨੁੱਖ ਦੇ ਮਨ ਵਿਚ ਪ੍ਰਭੂ ਦੇ ਨਾਮ ਦੀ ਲਗਨ ਲੱਗ ਜਾਏ, ਤਾਂ ਉਸ ਦੀ ਸੁਰਤਿ ਉੱਚੀ ਹੋ ਜਾਂਦੀ ਹੈ, ਉਸ ਦੇ ਮਨ ਵਿਚ ਜਾਗ੍ਰਤ ਆ ਜਾਂਦੀ ਹੈ; ਭਾਵ, ਮਾਇਆ ਵਿਚ ਸੁੱਤਾ ਮਨ ਜਾਗ ਪੈਂਦਾ ਹੈ, ਸਾਰੇ ਭਵਨਾਂ ਦੀ ਉਸ ਨੂੰ ਸੋਝੀ ਹੋ ਜਾਂਦੀ ਹੈ ਕਿ ਹਰ ਥਾਂ ਪ੍ਰਭੂ ਵਿਆਪਕ ਹੈ। ਮਨੁੱਖ ਸੰਸਾਰ ਦੇ ਵਿਕਾਰਾਂ ਦੀਆਂ ਸੱਟਾਂ ਮੂੰਹ ਉੱਤੇ ਨਹੀਂ ਖਾਂਦਾ; ਭਾਵ, ਸੰਸਾਰਕ ਵਿਕਾਰ ਉਸ ਉੱਤੇ ਦਬਾ ਨਹੀਂ ਪਾ ਸਕਦੇ ਅਤੇ ਜਮਾਂ ਨਾਲ ਉਸ ਦਾ ਵਾਹ ਨਹੀਂ ਪੈਂਦਾ, ਉਹ ਜਨਮ ਮਰਨ ਦੇ ਗੇੜ ਵਿਚੋਂ ਬਚ ਜਾਂਦਾ ਹੈ । ਅਕਾਲ ਪੁਰਖ ਦਾ ਨਾਮ, ਜੋ ਮਾਇਆ ਦੇ ਪਰਭਾਵ ਤੋਂ ਪਰੇ ਹੈ, ਇੱਡਾ ਉੱਚਾ ਹੈ ਕਿ ਇਸ ਵਿਚ ਜੁੜਨ ਵਾਲਾ ਭੀ ਉੱਚੀ ਆਤਮਕ ਅਵਸਥਾ ਵਾਲਾ ਹੋ ਜਾਂਦਾ ਹੈ, ਪਰ ਇਹ ਗੱਲ ਤਾਂ ਹੀ ਸਮਝ ਵਿਚ ਆਉਂਦੀ ਹੈ, ਜੇ ਕੋਈ ਮਨੁੱਖ ਆਪਣੇ ਮਨ ਵਿਚ ਹਰਿ-ਨਾਮ ਦੀ ਲਗਨ ਪੈਦਾ ਕਰ ਲਏ ।੧੩।

# ਚੌਂਦਵੀਂ ਪਉੜੀ

**ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥**
**ਮੰਨੈ ਮਗੁ ਨ ਚਲੈ ਪੰਥੁ॥ ਮੰਨੈ ਧਰਮ ਸੇਤੀ ਸਨਬੰਧੁ॥**
**ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥੧੪॥**

**ਪਦ-ਅਰਥ:- ਠਾਕ**-ਰੋਕ। **ਪਤਿ**-ਇੱਜ਼ਤ। **ਪਰਗਟੁ**-ਪਰਸਿੱਧ ਹੋ ਕੇ ।।੧੪।

**ਅਰਥ**:- ਜੇ ਮਨੁੱਖ ਦਾ ਮਨ ਨਾਮ ਵਿਚ ਪਤੀਜ ਜਾਏ ਤਾਂ ਜ਼ਿੰਦਗੀ ਦੇ ਸਫ਼ਰ ਵਿਚ ਵਿਕਾਰਾਂ ਆਦਿਕ ਦੀ ਕੋਈ ਰੋਕ ਨਹੀਂ ਪੈਂਦੀ, ਉਹ ਸੰਸਾਰ ਵਿਚ ਸ਼ੋਭਾ ਖੱਟ ਕੇ ਇੱਜ਼ਤ ਨਾਲ ਜਾਂਦਾ ਹੈ। ਉਸ ਮਨੁੱਖ ਦਾ ਧਰਮ ਨਾਲ ਸਿੱਧਾ ਜੋੜ ਬਣ ਜਾਂਦਾ ਹੈ, ਉਹ ਫਿਰ ਦੁਨੀਆਂ ਦੇ ਵੱਖੋ-ਵੱਖਰੇ ਮਜ਼ਹਬਾਂ ਦੇ ਦੱਸੇ ਰਸਤਿਆਂ ਤੇ ਨਹੀਂ ਤੁਰਦਾ । ਅਕਾਲ ਪੁਰਖ ਦਾ ਨਾਮ ਜੋ ਮਾਇਆ ਦੇ ਪ੍ਰਭਾਵ ਤੋਂ ਪਰ੍ਹੇ ਹੈ, ਏਡਾ ਉੱਚਾ ਹੈ, ਕਿ ਇਸ ਵਿਚ ਜੁੜਨ ਵਾਲਾ ਭੀ ਉੱਚੀ ਆਤਮਕ ਅਵਸਥਾ ਵਾਲਾ ਹੋ ਜਾਂਦਾ ਹੈ, ਪਰ ਇਹ ਗੱਲ ਤਾਂ ਹੀ ਸਮਝ ਵਿਚ ਆਉਂਦੀ ਹੈ, ਜੇ ਕੋਈ ਮਨੁੱਖ ਆਪਣੇ ਮਨ ਵਿਚ ਹਰਿ-ਨਾਮ ਦੀ ਲਗਨ ਪੈਦਾ ਕਰ ਲਏ।੧੪।

# ਪੰਦਰਵੀਂ ਪਉੜੀ

**ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥**
**ਮੰਨੈ ਤਰੈ ਤਾਰੇ ਗੁਰੁ ਸਿਖ॥ ਮੰਨੈ ਨਾਨਕ ਭਵਹਿ ਨ ਭਿਖ॥**
**ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥੧੫॥**

**ਪਦ-ਅਰਥ**:- **ਮੋਖੁ ਦੁਆਰੁ**-ਮੁਕਤੀ ਭਾਵ ਕੂੜ ਤੋਂ ਖ਼ਲਾਸੀ ਪਾਉਣ ਦਾ ਰਾਹ। **ਸਾਧਾਰੁ**-ਅਕਾਲ ਪੁਰਖ ਦਾ ਆਸਰਾ ਦ੍ਰਿੜ ਕਰਵਾਉਂਦਾ ਹੈ। **ਭਿਖ**-ਭਿਖਿਆ।।੧੫।

**ਅਰਥ**:- ਜੇ ਮਨ ਵਿਚ ਪ੍ਰਭੂ ਦੇ ਨਾਮ ਦੀ ਲਗਨ ਲੱਗ ਜਾਏ, ਤਾਂ ਮਨੁੱਖ 'ਕੂੜ' ਤੋਂ ਖ਼ਲਾਸੀ ਪਾਣ ਦਾ ਰਾਹ ਲੱਭ ਲੈਂਦੇ ਹਨ। ਇਹੋ ਜਿਹਾ ਮਨੁੱਖ ਆਪਣੇ ਪਰਿਵਾਰ ਨੂੰ ਭੀ ਅਕਾਲ ਪੁਰਖ ਦੀ ਟੇਕ ਦ੍ਰਿੜ੍ਹ ਕਰਾਉਂਦਾ ਹੈ। ਨਾਮ ਵਿਚ ਮਨ ਪਤੀਜਣ ਕਰਕੇ ਹੀ, ਸਤਿਗੁਰੂ ਆਪ ਭੀ ਸੰਸਾਰ-ਸਾਗਰ ਤੋਂ ਪਾਰ ਲੰਘ ਜਾਂਦਾ ਹੈ ਤੇ ਸਿੱਖਾਂ ਨੂੰ ਪਾਰ ਲੰਘਾਉਂਦਾ ਹੈ। ਨਾਮ ਵਿਚ ਮਨ ਜੁੜਨ ਕਰ ਕੇ, ਹੇ ਨਾਨਕ! ਮਨੁੱਖ ਧਿਰ ਧਿਰ ਦੀ ਮੁਥਾਜੀ ਨਹੀਂ ਕਰਦੇ ਫਿਰਦੇ। ਅਖਰਲੀਆਂ ਦੋ ਪੰਕਤੀਆਂ ਦੇ ਅਰਥ ਉਪਰ ਹੋ ਚੁੱਕੇ ਹਨ।੧੫।

**ਉਚਾਰਨ:-** (1)'ਮੰਨੇ' ਤੇ 'ਮੰਨੈ' ਵੇਲੇ ਲਾਂ ਤੇ ਦੁਲਾਵਾਂ ਦਾ ਧਿਆਨ ਰੱਖਣਾ ਹੈ।

(2) 'ਮੰਨੇ ਕਾ, ਬਹਿ ਕਰਨਿ ਵੀਚਾਰੁ' ਤੁਕ ਵਿਚ 'ਮੰਨੇ ਕਾਬਹਿ' ਪਾਠ ਕਰਨਾ ਅਸ਼ੁੱਧ ਹੈ।
(3) 'ਮੁਹਿ ਚੋਟਾ' ਦਾ ਉਚਾਰਨ **ਮੂੰਹ ਚੋਟਾਂ** ਕਰਨਾ ਹੈ। ਇਸ ਨੂੰ ਮੋਹ ਚੋਟਾ ਨਹੀ ਪੜਨਾ।
(4) 'ਜੇ ਕੋ ਮੰਨਿ ਜਾਣੈ ਮਨਿ ਕੋਇ' ਤੁਕ ਵਿਚ **ਮੰਨਿ** ਤੇ **ਮਨਿ** ਦੇ ਉਚਾਰਨ ਦਾ ਫਰਕ ਰੱਖ ਕੇ ਪਾਠ ਕਰਨਾ ਹੈ।'ਮੰਨਿ' ਦਾ ਉਚਾਰਨ ਮੰਨ ਤੇ 'ਮਨਿ' ਦਾ ਉਚਾਰਨ ਟਿੱਪੀ ਤੋਂ ਬਿਨਾਂ 'ਮਨ' ਕਰਨਾ ਹੈ।
(5) ਸਿਉਂ, ਪਾਵਹਿਂ, ਭਾਵਹਿਂ ਸ਼ਬਦ ਬਿੰਦੀ ਸਹਿਤ ਉਚਾਰਨੇ ਹਨ।
(6) ਕੈ ਦਾ ਉਚਾਰਨ ਦੁਲਾਵਾਂ ਨਾਲ 'ਕੈ' ਕਰਨਾ ਹੈ, 'ਕੇ' ਨਹੀਂ।

# ਮੰਨੇ ਦੀਆਂ ਪਉੜੀਆਂ ਦੀ ਸਮੁੱਚੀ ਸਿੱਖਿਆ

**ਮੰਨੇ ਦਾ ਭਾਵ ਹੈ** : ਮੰਨੇ ਹੋਏ ਮਨੁੱਖ ਦਾ।

**ਮੰਨੈ ਦਾ ਭਾਵ ਹੈ :** ਜੇ ਮੰਨ ਲਈਏ ।

ਮੰਨੇ ਦੀਆਂ ਕੁੱਲ ਚਾਰ ਪਉੜੀਆਂ ਹਨ। 'ਮੰਨੇ' ਦੀ ਪਹਿਲੀ ਪਉੜੀ ਵਿਚ ਉਨ੍ਹਾਂ ਗੁਰਸਿਖਾਂ ਦੀ ਅਵਸਥਾ ਦਾ ਜ਼ਿਕਰ ਹੈ ਜਿਨ੍ਹਾਂ ਨੇ ਗੁਰੂ ਦੀ ਸਿੱਖਿਆ ਨੂੰ ਮੰਨ ਕੇ ਆਪਣੇ ਜੀਵਨ ਨੂੰ ਉਸੇ ਅਨੁਸਾਰ ਢਾਲ ਲਿਆ ਜਦਕਿ ਮੰਨੈ ਦੀਆਂ ਬਾਕੀ ਤਿੰਨ ਪਉੜੀਆਂ ਵਿਚ ਇਹ ਦਸਿਆ ਗਿਆ ਹੈ ਕਿ ਜੇ ਅਸੀਂ ਗੁਰੂ ਦੀ ਸਿੱਖਿਆ ਨੂੰ ਮੰਨ ਲਈਏ ਤਾਂ ਸਾਡੇ ਜੀਵਨ ਵਿਚ ਕਿਸ-ਕਿਸ ਤਰ੍ਹਾਂ ਦੀ ਤਬਦੀਲੀ ਆਏਗੀ।

ਅਸਲ ਮਾਇਨੇ ਵਿਚ ਸਿੱਖ ਉਦੋਂ ਹੀ ਸਿੱਖ ਕਹਾਉਂਦਾ ਹੈ ਜਦੋਂ ਉਹ ਗੁਰੂ ਦੀ ਗੱਲ ਨੂੰ ਮੰਨ ਕੇ ਆਪਣੇ ਜੀਵਨ ਵਿਚ ਉਤਾਰ ਲੈਂਦਾ ਹੈ । ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ (ਸੇਵਕ) ਦੀਆਂ ਨਿਸ਼ਾਨੀਆਂ ਦੱਸਦਿਆਂ ਹੋਇਆ ਫੁਰਮਾਇਆ ਹੈ ਕਿ ਸੇਵਕ ਦੀ ਸਭ ਤੋਂ ਪਹਿਲੀ ਨਿਸ਼ਾਨੀ ਹੈ ਕਿ ਉਹ ਆਗਿਆਕਾਰੀ ਹੁੰਦਾ ਹੈ ਅਤੇ ਮਨ ਦੀ ਮਰਜ਼ੀ ਨਹੀਂ ਕਰਦਾ। ਆਗਿਆਕਾਰੀ ਹੀ ਪੁਜਾਰੀ ਹੁੰਦਾ ਹੈ, ਮਨ ਪਿੱਛੇ ਲੱਗਣ ਵਾਲਾ ਨਹੀਂ।
ਇਸ ਸੰਬੰਧ ਵਿਚ ਫੁਰਮਾਨ ਹੈ :-

**"ਠਾਕੁਰ ਕਾ ਸੇਵਕੁ ਆਗਿਆਕਾਰੀ॥**
**ਠਾਕੁਰ ਕਾ ਸੇਵਕੁ ਸਦਾ ਪੂਜਾਰੀ॥ "**

**(ਅੰਗ:285)**

ਅਗਰ ਅਸੀਂ ਸਿੱਖ ਇਤਿਹਾਸ ਨੂੰ ਵੀਚਾਰੀਏ ਤਾਂ ਇਹ ਗੱਲ ਸਪੱਸ਼ਟ ਤੌਰ ਤੇ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਸਿੱਖਾਂ ਨੂੰ ਹੀ ਸਤਿਕਾਰ ਮਿਲਿਆ ਹੈ ਜਿਨ੍ਹਾਂ ਨੇ ਗੁਰੂ ਦੀ ਗੱਲ ਨੂੰ ਮੰਨ ਲਿਆ ਜਿਵੇਂ ਕਿ ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਲਈਆਂ ਗਈਆਂ ਪ੍ਰੀਖਿਆਵਾਂ ਵਿਚ ਗੁਰੂ ਜੀ ਦੀ ਗੱਲ 100% ਮੰਨੀ। ਉਦਾਹਰਣ ਵਜੋਂ-ਗੰਦੇ ਪਾਣੀ ਵਿਚੋਂ ਕਟੋਰਾ ਕੱਢਣਾ, ਚਿੱਕੜ ਨਾਲ ਭਰੀਆਂ ਘਾਹ ਦੀਆਂ ਪੰਡਾਂ ਸਿਰ ਤੇ ਚੁੱਕਣਾ, ਧਰਮਸ਼ਾਲਾ ਵਿਚੋਂ ਮੋਈ ਹੋਈ ਚੂਹੀ ਚੁੱਕ ਕੇ ਬਾਹਰ ਸੁੱਟਣਾ, ਸਿਆਲ ਦੀ ਰੁੱਤੇ ਰਾਤ ਨੂੰ ਢੱਠੀ ਹੋਈ ਕੰਧ ਨੂੰ ਦੁਬਾਰਾ ਉਸਾਰਨਾ, ਸਿਆਲ ਦੀ ਰੁੱਤੇ ਅੱਧੀ ਰਾਤ ਨੂੰ ਵਸਤਰ ਧੋਣ ਦਾ ਹੁਕਮ, ਰਾਵੀ ਇਸ਼ਨਾਨ ਦੀ ਵਾਰਤਾ-ਜਿਸ ਵੇਲੇ ਵਰਦੇ ਮੀਂਹ ਵਿਚ ਭਾਈ ਲਹਿਣਾ ਜੀ ਗੁਰੂ ਜੀ ਦੇ ਵਸਤਰਾਂ ਨੂੰ ਹਿੱਕ ਨਾਲ ਲਾਈ ਬੈਠੇ ਰਹੇ, ਰਾਤ ਵੇਲੇ ਇਹ ਪ੍ਰਸ਼ਨ ਕਰਨਾ ਕਿ ਦੱਸੋ ਕਿਤਨੀ ਰਾਤ ਗੁਜ਼ਰ ਗਈ ?, ਮੁਰਦਾ ਖਾਣ ਦਾ ਹੁਕਮ ਮੰਨਣਾ ਆਦਿ। **ਭਾਈ ਲਹਿਣਾ ਜੀ ਇਨ੍ਹਾਂ ਸਾਰੀਆਂ ਪ੍ਰੀਖਿਆਵਾਂ ਵਿਚੋਂ ਗੁਰੂ ਜੀ ਦੀ ਗੱਲ ਨੂੰ ਮੰਨਣ ਕਰਕੇ ਪਾਸ ਹੋਏ ਤੇ ਤਾਂ ਹੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਭਾਈ ਲਹਿਣਾ ਤੋਂ ਗੁਰੂ ਅੰਗਦ ਭਾਵ ਆਪਣੇ ਸਰੀਰ ਦਾ ਹਿੱਸਾ ਕਹਿ ਕੇ ਸਤਿਕਾਰਿਆ।**

**ਗੁਰੂ ਅਮਰਦਾਸ ਜੀ ਨੇ ਵੀ ਕਰੜੀ ਘਾਲਣਾ ਘਾਲਦੇ ਹੋਏ 12 ਸਾਲ ਲਗਾਤਾਰ ਅਣਥੱਕ ਸੇਵਾ ਕੀਤੀ, ਗੁਰੂ ਜੀ ਦੇ ਸਾਰੇ ਬਚਨਾਂ ਨੂੰ ਮੰਨਿਆ ਅਤੇ ਗੁਰੂ ਅੰਗਦ ਦੇਵ ਜੀ ਦਾ ਹੀ ਰੂਪ ਹੋ ਗਏ ।** ਆਪ ਦਾ ਨਿੱਤ ਦਾ ਨੇਮ ਖੁਦ ਇਸ਼ਨਾਨ ਕਰਕੇ, ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਕਰਨ ਲਈ ਜਲ ਭਰ ਕੇ ਲਿਆਉਣਾ ਸੀ । ਇਸ ਦੌਰਾਨ ਹਨ੍ਹੇਰੇ ਵਿਚ ਬਿਰਧ ਅਵਸਥਾ

ਹੋਣ ਕਰਕੇ ਕਈ ਵਾਰ ਠੇਡੇ ਵੀ ਲੱਗਦੇ ਤੇ ਲੋਕ ਵੀ ਹਾਸਾ ਮਖੌਲ ਕਰਦੇ ਪਰ ਬਾਬਾ ਅਮਰਦਾਸ ਜੀ ਇਨ੍ਹਾਂ ਗੱਲਾਂ ਦੀ ਪਰਵਾਹ ਕੀਤੇ ਬਿਨਾਂ ਆਪਣੇ ਪਿਆਰੇ ਗੁਰੂ ਦੀ ਸੇਵਾ ਵਿਚ ਹੀ ਜੁਟੇ ਰਹਿੰਦੇ । ਆਪ ਜੀ ਖਡੂਰ ਸਾਹਿਬ ਵਿਖੇ ਦਿਨ ਰਾਤ ਮੂੰਹ ਤੋਂ ਗੁਰੂ ਦੀ ਬਾਣੀ ਦਾ ਪਾਠ ਜਾਂ ਸਤਿ ਨਾਮੁ ਦਾ ਜਾਪ ਕਰਦੇ ਹੋਏ ਲੰਗਰ ਦੀ ਸੇਵਾ, ਭਾਂਡੇ ਮਾਂਜਣ ਦੀ ਸੇਵਾ, ਖੂਹ ਵਿਚੋਂ ਪਾਣੀ ਕੱਢ ਕੇ ਲਿਆਉਣ ਦੀ ਸੇਵਾ, ਸੰਗਤਾਂ ਨੂੰ ਇਸ਼ਨਾਨ ਕਰਵਾਉਣ ਦੀ ਸੇਵਾ, ਗਰਮੀਆਂ ਵਿਚ ਸੰਗਤਾਂ ਨੂੰ ਪੱਖਾ ਝੱਲਣ ਦੀ ਸੇਵਾ ਕਰਦੇ ਸਨ। **ਇਸੇ ਸੇਵਾ ਦਾ ਸਦਕਾ ਹੀ ਆਪ ਜੀ ਨੂੰ ਗੁਰਗੱਦੀ ਦੀ ਦਾਤਿ ਪ੍ਰਾਪਤ ਹੋਈ।**

**ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਰਾਮਾ ਜੀ ਅਤੇ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਦੀ ਥੜ੍ਹੇ ਬਣਾਉਣ ਦੀ ਪ੍ਰੀਖਿਆ ਲਈ ਤਾਂ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੇ ਗੁਰੂ ਦੇ ਹੁਕਮ ਨੂੰ ਜਿਉਂ ਦਾ ਤਿਉਂ ਕਰਕੇ ਮੰਨਿਆ ਅਤੇ ਭਾਈ ਜੇਠਾ ਜੀ ਤੋਂ ਗੁਰੂ ਰਾਮਦਾਸ ਜੀ ਬਣ ਗਏ।** (ਇਸ ਸੰਬੰਧ ਵਿਚ ਵੇਖੋ ਸਾਖੀ ਪੰਨਾ ਨੰਬਰ 130 ਤੇ)

ਮੰਨਣ ਪ੍ਰਤੀ ਤੁਹਾਡੇ ਨਾਲ ਦੋ ਹੋਰ ਗੱਲਾਂ ਵੀ ਸਾਂਝੀਆਂ ਕਰ ਰਿਹਾ ਹਾਂ, **ਪਹਿਲੀ ਗੱਲ–** ਇਕ ਵਾਰ ਇਕ ਵਿਅਕਤੀ ਨੇ ਆਪਣੇ ਪੁੱਤਰ ਨੂੰ ਕਿਹਾ ਕਿ ਬੇਟਾ ਮੈਨੂੰ ਪਿਆਸ ਲੱਗੀ ਹੈ, ਮੈਨੂੰ ਇਕ ਗਲਾਸ ਪਾਣੀ ਲਿਆ ਕੇ ਦੇ । ਪੁੱਤਰ ਨੇ ਆਪਣੇ ਪਿਤਾ ਦੀ ਗੱਲ ਨੂੰ ਸੁਣ ਤਾਂ ਲਿਆ ਪਰ ਉਠਿਆ ਨਹੀਂ । ਪਿਤਾ ਨੇ ਫਿਰ ਕਿਹਾ ਕਿ ਮੈਨੂੰ ਪਿਆਸ ਲੱਗੀ ਹੈ, ਮੈਨੂੰ ਇਕ ਗਲਾਸ ਪਾਣੀ ਲਿਆ ਕੇ ਦੇ, ਉਹ ਤਾਂ ਵੀ ਨਹੀਂ ਉਠਿਆ। ਜਦ ਪਿਤਾ ਨੇ ਤੀਜੀ ਵਾਰ ਕਿਹਾ ਤਾਂ ਬੇਟੇ ਨੇ ਕਿਹਾ ਕਿ ਪਿਤਾ ਜੀ ਮੈਂ ਤੁਹਾਡੀ ਗੱਲ ਨੂੰ ਚੰਗੀ ਤਰ੍ਹਾਂ ਸੁਣ ਲਿਆ ਹੈ। ਪਿਤਾ ਨੇ ਕਿਹਾ, "ਕੀ ਫਾਇਦਾ ਗੱਲ ਨੂੰ ਚੰਗੀ ਤਰ੍ਹਾਂ ਸੁਣਨ ਦਾ ਜੇ ਤੂੰ ਗੱਲ ਨੂੰ ਮੰਨਿਆ ਨਹੀਂ।"

**ਦੂਜੀ ਗੱਲ**–ਇਹ ਉਸ ਜ਼ਮਾਨੇ ਦੀ ਗੱਲ ਹੈ ਜਦ ਮੋਬਾਇਲ ਜਾਂ ਟੈਲੀਫੋਨ ਨਹੀਂ ਹੁੰਦੇ ਸੀ। ਉਸ ਵਕਤ ਇਕ ਵਿਅਕਤੀ ਕਿਸੇ Hill Station ਤੇ ਗਿਆ ਹੋਇਆ ਸੀ। ਉੱਥੇ ਇਕਦਮ ਠੰਡ ਬਹੁਤ ਵੱਧ ਗਈ। ਇਸ ਲਈ ਉਸਨੇ ਆਪਣੇ ਦੋਨੋਂ ਬੇਟਿਆਂ ਨੂੰ ਚਿੱਠੀ ਭੇਜੀ ਕਿ ਮੈਨੂੰ ਗਰਮ ਕੱਪੜੇ ਜਲਦੀ ਤੋਂ ਜਲਦੀ ਭਿਜਵਾ ਦੇਵੋ ਕਿਉਂਕਿ ਇੱਥੇ ਇਕਦਮ ਠੰਡ ਬਹੁਤ ਵੱਧ ਗਈ ਹੈ। ਇਕ ਬੇਟੇ ਨੂੰ ਜਦ ਚਿੱਠੀ ਮਿਲੀ ਤਾਂ ਉਸਨੇ ਚਿੱਠੀ ਨੂੰ ਬਹੁਤ ਹੀ ਪਿਆਰ ਨਾਲ ਸੰਭਾਲ ਕੇ ਅਲਮਾਰੀ ਵਿਚ ਰੇਸ਼ਮੀ ਕੱਪੜੇ ਵਿਚ ਲਪੇਟ ਕੇ ਰੱਖ ਦਿੱਤਾ ਕਿ ਇਹ ਮੇਰੇ ਪਿਤਾ ਜੀ ਦੀ ਚਿੱਠੀ ਹੈ ਪਰ ਉਸਨੇ ਕੱਪੜੇ ਨਹੀਂ ਭੇਜੇ। ਪਿਤਾ ਨੇ ਉਡੀਕ ਕਰਨ ਤੋਂ ਬਾਅਦ ਦੂਜੇ ਬੇਟੇ ਨੂੰ ਚਿੱਠੀ ਭੇਜੀ ਕਿ ਮੈਨੂੰ ਗਰਮ ਕੱਪੜਿਆਂ ਦੀ ਜ਼ਰੂਰਤ ਹੈ, ਜਲਦੀ ਕੱਪੜੇ ਭੇਜ ਦਿਓ। ਦੂਜੇ ਬੇਟੇ ਨੇ ਚਿੱਠੀ ਮਿਲਦੇ ਸਾਰ ਹੀ ਆਪਣੇ ਪਿਤਾ ਦੀ ਗੱਲ ਨੂੰ ਮੰਨਦੇ ਹੋਏ ਉਸੇ ਵਕਤ ਕੱਪੜੇ ਭੇਜ ਦਿੱਤੇ। ਜਦੋਂ ਉਨ੍ਹਾਂ ਦਾ ਪਿਤਾ ਵਾਪਿਸ ਆਇਆ ਤਾਂ ਉਸ ਨੇ ਆਪਣੇ ਪਹਿਲੇ ਬੇਟੇ ਨੂੰ ਪੁੱਛਿਆ ਕਿ, "ਕੀ ਤੈਨੂੰ ਮੇਰੀ ਚਿੱਠੀ ਨਹੀਂ ਮਿਲੀ ਸੀ ?" ਉਸ ਨੇ ਕਿਹਾ ਕਿ ਪਿਤਾ ਜੀ ਮੈਨੂੰ ਚਿੱਠੀ ਤਾਂ ਮਿਲ ਗਈ ਸੀ ਅਤੇ ਆਓ ਤੁਹਾਨੂੰ ਦਿਖਾਵਾਂ ਕਿ ਮੈਂ ਉਸ ਚਿੱਠੀ ਦਾ ਕਿੰਨਾ ਸਤਿਕਾਰ ਕੀਤਾ ਹੈ ਅਤੇ ਕਿੰਨਾ ਸੰਭਾਲ ਕੇ ਰੱਖਿਆ ਹੋਇਆ ਹੈ। ਤਾਂ ਉਸ ਦੇ ਪਿਤਾ ਨੇ ਕਿਹਾ ਕਿ "ਕੀ ਫਾਇਦਾ ਚਿੱਠੀ ਨੂੰ ਸੰਭਾਲ ਕੇ ਰੱਖਣ ਦਾ ਜੇ ਤੂੰ ਉਸ ਵਿਚ ਜੋ ਲਿਖਿਆ ਸੀ ਉਸ ਤੇ ਅਮਲ ਹੀ ਨਹੀਂ ਕੀਤਾ।"

**'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ ਖੰਨੇ ਵਾਲੇ ਜਿਨ੍ਹਾਂ ਨੇ ਭਾਈ ਵੀਰ ਸਿੰਘ ਅਕੈਡਮੀ ਦੀ ਸਥਾਪਨਾ ਕੀਤੀ, ਅਕਸਰ ਕਿਹਾ ਕਰਦੇ ਸਨ ਕਿ ਅੱਜ ਦਾ ਸਿੱਖ ਵੀ ਬਿਲਕੁਲ ਇਸੇ ਤਰ੍ਹਾਂ ਹੀ ਕਰ ਰਿਹਾ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ**

**ਤਾਂ ਟੇਕਦਾ ਹੈ, ਗੁਰੂ ਵੀ ਮੰਨਦਾ ਹੈ ਪਰ ਗੁਰੂ ਦੀ ਗੱਲ, ਗੁਰੂ ਦੀ ਬਾਣੀ ਦੁਆਰਾ ਕੀਤੇ ਉਪਦੇਸ਼ ਨੂੰ ਨਹੀਂ ਮੰਨਦਾ। ਲਾਭ ਤਾਂ ਉਦੋਂ ਹੀ ਹੋਏਗਾ ਜਦੋਂ ਸਿੱਖ ਗੁਰੂ ਦੀ ਗੱਲ ਨੂੰ ਸੁਣ ਕੇ ਮੰਨਣਾ ਸ਼ੁਰੂ ਕਰ ਦੇਵੇਗਾ।**

ਜਿਹੜੇ ਸਿੱਖ ਗੁਰੂ ਦੀ ਗੱਲ ਨੂੰ ਸੁਣ ਕੇ ਮੰਨਦੇ ਨਹੀਂ, ਉਨ੍ਹਾਂ ਬਾਰੇ ਗੁਰਬਾਣੀ ਦਾ ਫੁਰਮਾਨ ਹੈ:-

**"ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥**
**ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥" (ਅੰਗ:474)**

**ਭਾਵ:** ਜੋ ਮਨੁੱਖ ਆਪਣੇ ਮਾਲਕ ਪ੍ਰਭੂ ਦੇ ਹੁਕਮ ਅੱਗੇ ਸਿਰ ਤਾਂ ਨਿਵਾਉਂਦਾ ਹੈ ਪਰ ਉਸ ਦੇ ਕੀਤੇ ਹੁਕਮ ਦਾ ਮੰਨਣ ਨਹੀਂ ਕਰਦਾ, ਉਹ ਮਾਲਕ ਦੀ ਰਜ਼ਾ ਦੇ ਰਾਹ ਉੱਤੇ ਤੁਰਨ ਤੋਂ ਉੱਕਾ ਹੀ ਖੁੰਝਿਆ ਰਹਿ ਜਾਂਦਾ ਹੈ। ਹੇ ਨਾਨਕ! ਅਜਿਹੇ ਮਨੁੱਖ ਦਾ ਸਿਰ ਨਿਵਾਉਣਾ ਅਤੇ ਹੁਕਮ ਨਾ ਮੰਨਣਾ ਦੋਵੇਂ ਹੀ ਝੂਠੇ ਹਨ ਅਤੇ ਇਨ੍ਹਾਂ ਦੋਹਾਂ ਵਿਚੋਂ ਕੋਈ ਗੱਲ ਵੀ ਮਾਲਕ ਦੇ ਦਰ ਤੇ ਕਬੂਲ ਨਹੀਂ ਹੁੰਦੀ। ਇਸ ਸੰਬੰਧ ਵਿਚ ਇਕ ਹੋਰ ਫੁਰਮਾਨ ਵੀ ਇਸ ਤਰ੍ਹਾਂ ਹੈ:

**"ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥" (ਅੰਗ:601)**

**ਭਾਵ:** ਹੇ ਭਾਈ! ਉਹੀ ਮਨੁੱਖ ਗੁਰੂ ਦਾ ਸਿੱਖ ਹੈ, ਗੁਰੂ ਦਾ ਮਿੱਤਰ ਹੈ, ਗੁਰੂ ਦਾ ਰਿਸ਼ਤੇਦਾਰ ਹੈ, ਜਿਹੜਾ ਗੁਰੂ ਦੀ ਰਜ਼ਾ ਵਿਚ ਤੁਰਦਾ ਹੈ। ਪਰ ਜਿਹੜਾ ਮਨੁੱਖ ਆਪਣੀ ਮਰਜ਼ੀ ਅਨੁਸਾਰ ਤੁਰਦਾ ਹੈ, ਉਹ ਪ੍ਰਭੂ ਤੋਂ ਵਿੱਛੜ ਕੇ ਦੁੱਖ ਸਹਾਰਦਾ ਹੈ।

# ਸੋਲ੍ਹਵੀਂ ਪਉੜੀ

**ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥**
**ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥**
**ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ॥**
**ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥**
**ਜੇ ਕੋ ਬੁਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ॥**
**ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥**
**ਜੀਅ ਜਾਤਿ ਰੰਗਾ ਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ॥**
**ਏਹੁ ਲੇਖਾ ਲਿਖਿ ਜਾਣੈ ਕੋਇ॥ ਲੇਖਾ ਲਿਖਿਆ ਕੇਤਾ ਹੋਇ॥**
**ਕੇਤਾ ਤਾਣੁ ਸੁਆਲਿਹੁ ਰੂਪੁ॥ ਕੇਤੀ ਦਾਤਿ ਜਾਣੈ ਕੌਣੁ ਕੂਤੁ॥**
**ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥**
**ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ॥**
**ਤੂ ਸਦਾ ਸਲਾਮਤਿ ਨਿਰੰਕਾਰ॥੧੬॥**

**ਪਦ-ਅਰਥ**:- **ਪੰਚ**-ਉਹ ਮਨੁੱਖ ਜਿਨ੍ਹਾਂ ਨੇ ਨਾਮ ਸੁਣਿਆ ਹੈ ਤੇ ਮੰਨਿਆ ਹੈ, ਉਹ ਮਨੁੱਖ ਜਿਨ੍ਹਾਂ ਦੀ ਸੁਰਤਿ ਨਾਮ ਵਿਚ ਜੁੜੀ ਹੈ ਤੇ ਜਿਨ੍ਹਾਂ ਦੇ ਅੰਦਰ ਪਰਤੀਤ ਆ ਗਈ ਹੈ। **ਸੋਹਹਿ**-ਸੋਭਦੇ ਹਨ। **ਵੀਚਾਰੁ**-ਕੁਦਰਤ ਦੇ ਲੇਖੇ ਦੀ ਵੀਚਾਰ। **ਕਰਤੇ ਕੈ ਕਰਣੈ**-ਕਰਤਾਰ ਦੀ ਕੁਦਰਤ ਦਾ। **ਸੁਮਾਰੁ**-ਹਿਸਾਬ, ਲੇਖਾ। **ਧੌਲੁ**-ਬਲਦ। **ਦਇਆ ਕਾ ਪੂਤੁ**-ਦਇਆ ਦਾ ਪੁੱਤਰ, ਧਰਮ ਦਇਆ ਤੋਂ ਪੈਦਾ ਹੁੰਦਾ ਹੈ । **ਥਾਪਿ ਰਖਿਆ**-ਟਿਕਾਅ ਰੱਖਿਆ। **ਸੂਤਿ**-ਸੂਤਰ ਵਿਚ। **ਬੁਝੈ**-ਸਮਝ ਲਏ। **ਸਚਿਆਰੁ**-ਸੱਚ ਦਾ ਪਰਕਾਸ਼ ਹੋਣ ਲਈ ਯੋਗ। **ਕੇਤਾ ਭਾਰੁ**-ਬੇਅੰਤ ਭਾਰ। **ਧਰਤੀ ਹੋਰੁ**-ਧਰਤੀ ਦੇ ਹੇਠਾਂ ਹੋਰ ਬਲਦ। **ਪਰੈ**-ਉਸ ਤੋਂ ਹੇਠਾਂ। **ਤਿਸ ਤੇ**-ਉਸ ਬਲਦ ਤੋਂ। **ਤਲੈ**-ਉਸ ਬਲਦ ਦੇ ਹੇਠਾਂ। **ਕਵਣੁ ਜੋਰੁ**-ਕਿਹੜਾ ਸਹਾਰਾ। **ਜੀਅ**-ਜੀਵ ਜੰਤ। **ਕੇ ਨਾਵ**-ਕਈ ਨਾਵਾਂ ਦੇ। **ਵੁੜੀ ਕਲਾਮ**-ਚਲਦੀ ਕਲਮ ਨਾਲ । **ਲਿਖਿ ਜਾਣੈ**-ਲਿਖਣਾ ਜਾਣਦਾ ਹੈ। **ਕੋਇ**-ਕੋਈ ਵਿਰਲਾ। **ਲੇਖਾ ਲਿਖਿਆ**-ਲਿਖਿਆ ਹੋਇਆ ਲੇਖਾ। **ਕੇਤਾ ਹੋਇ**-ਕੇਡਾ ਵੱਡਾ ਹੋ ਜਾਏ। **ਪਸਾਉ**-ਪਸਾਰਾ। **ਕਵਾਉ**-ਹੁਕਮ। **ਤਿਸ ਤੇ**-ਉਸ ਹੁਕਮ ਤੋਂ। **ਲਖ ਦਰੀਆਉ**-ਲੱਖਾਂ ਦਰਿਆ। **ਸੁਆਲਿਹੁ**-ਸੁੰਦਰ। **ਕੂਤੁ**-ਅੰਦਾਜ਼ਾ। **ਕੁਦਰਤਿ**-ਤਾਕਤ। **ਵਾਰਿਆ ਨਾ ਜਾਵਾ**-ਸਦਕੇ ਨਹੀਂ ਹੋ ਸਕਦਾ। **ਸਾਈ ਕਾਰ**-ਉਹੋ ਕੰਮ। **ਸਲਾਮਤਿ**-ਅਟੱਲ। **ਨਿਰੰਕਾਰ**-ਹੇ ਹਰੀ! ।੧੬।

**ਅਰਥ:-** ਜਿਨ੍ਹਾਂ ਮਨੁੱਖਾਂ ਦੀ ਸੁਰਤ ਨਾਮ ਵਿਚ ਜੁੜੀ ਰਹਿੰਦੀ ਹੈ ਤੇ ਜਿਨ੍ਹਾਂ ਦੇ ਅੰਦਰ ਪ੍ਰਭੂ ਵਾਸਤੇ ਲਗਨ ਬਣ ਜਾਂਦੀ ਹੈ ਉਹੀ ਮਨੁੱਖ ਇੱਥੇ ਜਗਤ ਵਿਚ ਮੰਨੇ-ਪ੍ਰਮੰਨੇ ਰਹਿੰਦੇ ਹਨ ਅਤੇ ਸਭ ਦੇ ਆਗੂ ਹੁੰਦੇ ਹਨ, ਅਕਾਲ ਪੁਰਖ ਦੀ ਦਰਗਾਹ ਵਿਚ ਭੀ ਉਹ ਪੰਚ ਜਨ ਹੀ ਆਦਰ ਪਾਂਦੇ ਹਨ । ਰਾਜ-ਦਰਬਾਰਾਂ ਵਿਚ ਭੀ ਉਹ ਪੰਚ ਜਨ ਹੀ ਸੋਭਦੇ ਹਨ। ਇਹਨਾਂ ਪੰਚ ਜਨਾਂ ਦੀ ਸੁਰਤ ਦਾ ਨਿਸ਼ਾਨਾ ਕੇਵਲ ਇਕ ਗੁਰੂ ਹੀ ਹੈ,ਭਾਵ, ਇਹਨਾਂ ਦੀ ਸੁਰਤਿ ਗੁਰ-ਸ਼ਬਦ ਵਿਚ ਹੀ ਰਹਿੰਦੀ ਹੈ, ਗੁਰ-ਸ਼ਬਦ ਵਿਚ ਜੁੜੇ ਰਹਿਣਾ ਹੀ ਇਹਨਾਂ ਦਾ ਅਸਲ ਨਿਸ਼ਾਨਾ ਹੈ।

ਪਰ ਗੁਰ-ਸ਼ਬਦ ਵਿਚ ਜੁੜੇ ਰਹਿਣ ਦਾ ਸਿੱਟਾ ਇਹ ਨਹੀਂ ਨਿਕਲ ਸਕਦਾ ਕਿ ਕੋਈ ਮਨੁੱਖ ਪ੍ਰਭੂ ਦੀ ਰਚੀ ਸ੍ਰਿਸ਼ਟੀ ਦਾ ਅੰਤ ਪਾ ਸਕੇ। ਅਕਾਲ-ਪੁਰਖ ਦੀ ਕੁਦਰਤ ਦਾ ਕੋਈ ਲੇਖਾ ਹੀ ਨਹੀਂ ਭਾਵ, ਅੰਤ ਨਹੀਂ ਪੈ ਸਕਦਾ, ਭਾਵੇਂ ਕੋਈ ਕਥਨ ਕਰ ਕੇ ਵੇਖੇ ਤੇ ਵਿਚਾਰ ਕਰ ਲਏ। ਪਰਮਾਤਮਾ ਤੇ ਉਸ ਦੀ ਕੁਦਰਤ ਦਾ ਅੰਤ ਲੱਭਣਾ ਮਨੁੱਖ ਦੀ ਜ਼ਿੰਦਗੀ ਦਾ ਮਨੋਰਥ ਹੋ ਹੀ ਨਹੀਂ ਸਕਦਾ।

ਅਕਾਲ ਪੁਰਖ ਦਾ ਧਰਮ-ਰੂਪੀ ਬੱਝਵਾਂ ਨਿਯਮ ਹੀ ਬਲਦ ਹੈ ਜੋ ਸ੍ਰਿਸ਼ਟੀ ਨੂੰ ਕਾਇਮ ਰੱਖ ਰਿਹਾ ਹੈ। ਇਹ ਧਰਮ ਦਇਆ ਦਾ ਪੁੱਤਰ ਹੈ; ਭਾਵ, ਅਕਾਲ ਪੁਰਖ ਨੇ ਆਪਣੀ ਮਿਹਰ ਕਰ ਕੇ ਸ੍ਰਿਸ਼ਟੀ ਨੂੰ ਟਿਕਾ ਰੱਖਣ ਲਈ 'ਧਰਮ'-ਰੂਪ ਨਿਯਮ ਬਣਾ ਦਿੱਤਾ ਹੈ। ਇੰਝ ਧਰਮ ਨੇ ਆਪਣੀ ਮਰਯਾਦਾ ਅਨੁਸਾਰ ਸੰਤੋਖੁ ਨੂੰ ਜਨਮ ਦੇ ਦਿੱਤਾ ਹੈ। ਜੇ ਕੋਈ ਮਨੁੱਖ ਇਸ ਉਪਰ-ਦੱਸੀ ਵਿਚਾਰ ਨੂੰ ਸਮਝ ਲਏ, ਤਾਂ ਉਹ ਇਸ ਯੋਗ ਹੋ ਜਾਂਦਾ ਹੈ ਕਿ ਉਸ ਦੇ ਅੰਦਰ ਅਕਾਲ ਪੁਰਖ ਦਾ ਪ੍ਰਕਾਸ਼ ਹੋ ਜਾਏ। ਨਹੀਂ ਤਾਂ ਖ਼ਿਆਲ ਤਾਂ ਕਰੋ ਕਿ ਬਲਦ ਉੱਤੇ ਧਰਤੀ ਦਾ ਕਿਤਨਾ ਕੁ ਬੇਅੰਤ ਭਾਰ ਹੈ, ਉਹ ਵਿਚਾਰਾ ਇਤਨੇ ਭਾਰ ਨੂੰ ਚੁੱਕ ਕਿਵੇਂ ਸਕਦਾ ਹੈ?, ਦੂਜੀ ਵਿਚਾਰ ਹੋਰ ਹੈ ਕਿ ਜੇ ਧਰਤੀ ਦੇ ਹੇਠ ਬਲਦ ਹੈ, ਉਸ ਬਲਦ ਨੂੰ ਸਹਾਰਾ ਦੇਣ ਲਈ ਹੇਠ ਹੋਰ ਧਰਤੀ ਹੋਈ, ਉਸ ਧਰਤੀ ਦੇ ਹੇਠ ਹੋਰ ਬਲਦ, ਉਸ ਤੋਂ ਹੇਠਾਂ ਧਰਤੀ ਦੇ ਹੇਠ ਹੋਰ ਬਲਦ, ਫੇਰ ਹੋਰ ਬਲਦ, ਫੇਰ ਹੋਰ ਬਲਦ, ਇਸੇ ਤਰ੍ਹਾਂ ਅਖ਼ੀਰਲੇ ਬਲਦ ਤੋਂ ਭਾਰ ਸਹਾਰਨ ਲਈ ਉਸ ਦੇ ਹੇਠ ਕਿਹੜਾ ਆਸਰਾ ਹੋਵੇਗਾ?

ਸ੍ਰਿਸ਼ਟੀ ਵਿਚ ਕਈ ਜ਼ਾਤਾਂ ਦੇ, ਕਈ ਕਿਸਮਾਂ ਦੇ ਅਤੇ ਕਈ ਨਾਵਾਂ ਦੇ ਜੀਵ ਹਨ। ਇਹਨਾਂ ਸਭਨਾਂ ਦੇ ਮੱਥੇ ਤੇ ਇਕ-ਤਾਰ ਚਲਦੀ ਕਲਮ ਨਾਲ ਅਕਾਲ ਪੁਰਖ ਦੀ ਕੁਦਰਤ ਦਾ ਲੇਖਾ ਲਿਖਿਆ ਹੈ ਪਰ ਕੋਈ ਵਿਰਲਾ ਮਨੁੱਖ ਇਹ ਲੇਖਾ ਲਿਖਣਾ ਜਾਣਦਾ ਹੈ ਭਾਵ, ਪਰਮਾਤਮਾ ਦੀ ਕੁਦਰਤ ਦਾ ਅੰਤ ਕੋਈ ਭੀ ਜੀਵ ਨਹੀਂ ਪਾ ਸਕਦਾ। ਜੇ ਲੇਖਾ ਲਿਖਿਆ ਭੀ ਜਾਏ ਤਾਂ ਇਹ ਅੰਦਾਜ਼ਾ ਨਹੀਂ ਲੱਗ ਸਕਦਾ ਕਿ ਲੇਖਾ ਕੇਡਾ ਵੱਡਾ ਹੋ ਜਾਏ। ਅਕਾਲ ਪੁਰਖ ਦਾ ਬੇਅੰਤ ਬਲ ਹੈ, ਬੇਅੰਤ ਸੁੰਦਰ ਸਰੂਪ ਹੈ, ਬੇਅੰਤ ਉਸ ਦੀ ਦਾਤ ਹੈ-ਇਸ ਦਾ ਕੌਣ ਅੰਦਾਜ਼ਾ ਲਾ ਸਕਦਾ ਹੈ? ਅਕਾਲ ਪੁਰਖ ਨੇ ਆਪਣੇ ਹੁਕਮ ਨਾਲ ਸਾਰਾ ਸੰਸਾਰ ਬਣਾ ਦਿੱਤਾ, ਉਸ ਹੁਕਮ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ।

ਸੋ ਮੇਰੀ ਕੀ ਤਾਕਤ ਹੈ ਕਿ ਕਰਤਾਰ ਦੀ ਕੁਦਰਤ ਦੀ ਵਿਚਾਰ ਕਰ ਸਕਾਂ? ਹੇ ਅਕਾਲ ਪੁਰਖ! ਮੈਂ ਤਾਂ ਤੇਰੇ ਉੱਤੋਂ ਇਕ ਵਾਰੀ ਭੀ ਸਦਕੇ ਹੋਣ ਜੋਗਾ ਨਹੀਂ ਹਾਂ; ਭਾਵ, ਮੇਰੀ ਹਸਤੀ ਬਹੁਤ ਹੀ ਤੁੱਛ ਹੈ। ਹੇ ਨਿਰੰਕਾਰ! ਤੂੰ ਸਦਾ ਅਟੱਲ ਰਹਿਣ ਵਾਲਾ ਹੈਂ । ਜੋ ਤੈਨੂੰ ਚੰਗਾ ਲੱਗਦਾ ਹੈ, ਉਹ ਕੰਮ ਭਲਾ ਹੈ, ਭਾਵ, ਤੇਰੀ ਰਜ਼ਾ ਵਿਚ ਰਹਿਣਾ ਹੀ ਠੀਕ ਹੈ ।੧੬।

**ਨੋਟ:-** ਉਸ ਵੇਲੇ ਆਮ ਲੋਕਾਂ ਨੇ ਇਹ ਮਿੱਥਿਆ ਹੋਇਆ ਸੀ ਕਿ ਅਸਾਡੀ ਧਰਤੀ ਨੂੰ ਇਕ ਬਲਦ ਨੇ ਚੁੱਕਿਆ ਹੋਇਆ ਹੈ। ਇਹ ਮਿਸਾਲ ਲੈ ਕੇ ਸਤਿਗੁਰੂ ਜੀ ਇਸ ਦੀ ਨਿਖੇਧੀ ਕਰਦੇ ਹਨ।

**ਉਚਾਰਨ:-**ਪਾਵਹਿੰ, ਸੋਹਹਿੰ, ਪੰਚਾਂ, ਰੰਗਾਂ, ਨਾਂਵ, ਕਹਾਂ, ਜਾਵਾਂ ਆਦਿ ਸ਼ਬਦ ਬਿੰਦੀ ਸਹਿਤ ਉਚਾਰਨ ਕਰਨੇ ਹਨ। ਕਹੈ, ਕਰੈ, ਕੈ, ਬੁਝੈ, ਧਵਲੈ, ਪਰੈ, ਤਲੈ, ਕਰਣੈ, ਭਾਵੈ ਆਦਿ ਸ਼ਬਦ ਦੁਲਾਵਾਂ ਸਹਿਤ ਉਚਾਰਨੇ ਹਨ।ਆਮ ਤੌਰ ਤੇ ਅਸੀਂ ਇਕ ਲਾਂਵ ਲੱਗੀ ਸਮਝ ਕੇ ਗਲਤ ਉਚਾਰਨ ਕਰਦੇ ਹਾਂ। 'ਏਹੁ' ਸ਼ਬਦ ਦਾ ਉਚਾਰਨ ਔਂਕੜ ਤੋਂ ਬਿਨਾਂ 'ਏਹ' ਕਰਨਾ ਹੈ। ਔਂਕੜ ਇਕ-ਵਚਨ ਸਰੂਪ ਪ੍ਰਗਟ ਕਰਨ ਲਈ ਹੈ। ਜਦੋਂ 'ਏਹੋ' ਉਚਾਰਨ ਕਰਨਾ ਹੁੰਦਾ ਹੈ ਤਾਂ ਸ਼ਬਦ ਦਾ ਸਰੂਪ ਵੀ ਏਹੋ ਹੁੰਦਾ ਹੈ ਜਿਵੇਂ "ਗੁਣੁ ਏਹੋ ਹੋਰੁ ਨਾਹੀ ਕੋਇ॥"

# ਸੋਲ੍ਹਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

**"ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥**
**ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥"**

'ਪੰਚ' ਦਾ ਅੱਖਰੀਂ ਅਰਥ ਹੈ ਸ੍ਰੇਸ਼ਟ। ਸ੍ਰੇਸ਼ਟ ਉਨ੍ਹਾਂ ਮਨੁੱਖਾਂ ਨੂੰ ਕਿਹਾ ਗਿਆ ਹੈ ਜਿਨ੍ਹਾਂ ਨੇ ਨਾਮ ਨੂੰ ਸੁਣ ਕੇ, ਮੰਨ ਕੇ, ਜੀਵਨ ਵਿਚ ਉਤਾਰ ਲਿਆ ਹੈ ਤੇ ਇਨ੍ਹਾਂ ਪੰਚਾਂ ਦੀ ਇਕ ਨਿਸ਼ਾਨੀ ਬੜੀ ਵਿਲੱਖਣ ਹੈ ਕਿ ਉਨ੍ਹਾਂ ਦਾ ਹਰ ਵੇਲੇ ਧਿਆਨ ਇਕ ਅਕਾਲ ਪੁਰਖੁ ਵਿਚ ਰਹਿੰਦਾ ਹੈ। **ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਗਰ ਅਸੀਂ ਜੀਵਨ ਵਿਚ 'ਪੰਚ' ਦੀ ਪਦਵੀ ਤੇ ਪਹੁੰਚਣਾ ਚਾਹੁੰਦੇ ਹਾਂ ਤਾਂ ਸਾਨੂੰ ਸਾਰੇ ਕੰਮ ਕਾਰ ਕਰਦਿਆਂ ਹੋਇਆਂ ਇਕ ਅਕਾਲ ਪੁਰਖੁ ਵਿਚ ਹੀ ਧਿਆਨ ਜੋੜਨਾ ਪਵੇਗਾ ਕਿਉਂਕਿ ਸਤਿਗੁਰੂ ਜੀ ਨੇ ਫੁਰਮਾਇਆ ਹੈ- "ਪੰਚਾ ਕਾ ਗੁਰੁ ਏਕੁ ਧਿਆਨੁ॥"**

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਸੀਂ ਸਾਰੇ ਕੰਮ ਕਾਰ ਕਰਦੇ ਹੋਏ ਇਕ ਅਕਾਲ ਪੁਰਖੁ ਵਿਚ ਕਿਵੇਂ ਧਿਆਨ ਟਿਕਾ ਸਕਦੇ ਹਾਂ ਤਾਂ ਇਸ ਦਾ ਜਵਾਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਨਾਮਦੇਵ ਜੀ ਦੀਆਂ ਉਚਾਰੀਆਂ ਹੇਠ ਲਿਖੀਆਂ ਪੰਕਤੀਆਂ ਵਿਚ ਬੜੇ ਹੀ ਸੁੰਦਰ ਢੰਗ ਨਾਲ ਅੰਕਿਤ ਕੀਤਾ ਗਿਆ ਹੈ-

**ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ॥**
**ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ॥**
**(ਅੰਗ:972)**

**ਭਾਵ:** ਹੇ ਤ੍ਰਿਲੋਚਨ! ਵੇਖ, ਮੁੰਡਾ ਕਾਗ਼ਜ਼ ਲਿਆਉਂਦਾ ਹੈ, ਉਸ ਦੀ ਗੁੱਡੀ ਬਣਾਉਂਦਾ ਹੈ ਤੇ ਗੁੱਡੀ ਨੂੰ ਅਸਮਾਨ ਵਿਚ ਉਡਾਉਂਦਾ ਹੈ, ਸਾਥੀਆਂ ਨਾਲ ਗੱਪਾਂ ਭੀ ਮਾਰੀ ਜਾਂਦਾ ਹੈ, ਪਰ ਉਸ ਦਾ ਮਨ (ਗੁੱਡੀ ਦੀ) ਡੋਰ ਵਿਚ ਟਿਕਿਆ ਰਹਿੰਦਾ ਹੈ ।

**ਉਪਰ ਲਿਖੀ ਇਸ ਜੁਗਤ ਨੂੰ ਅਗਰ ਅਸੀਂ ਵੀ ਜੀਵਨ ਵਿਚ ਅਪਨਾ ਲਈਏ ਤਾਂ ਸਾਰੇ ਕੰਮ ਕਾਰ ਕਰਦੇ ਹੋਇਆਂ ਵੀ ਸਾਡੀ ਸੁਰਤਿ ਪ੍ਰਮੇਸ਼ਰ ਵਿਚ ਜੁੜੀ ਰਹੇਗੀ ਅਤੇ ਗੁਰੂ ਦੀ ਬਖਸ਼ਸ਼ ਸਦਕਾ ਅਸੀਂ ਵੀ 'ਪੰਚ' ਦੀ ਪਦਵੀ ਤੇ ਪਹੁੰਚ ਸਕਦੇ ਹਾਂ।**

## ਦੂਜੀ ਸਿੱਖਿਆ

**"ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ॥"**

ਕੋਈ ਬੰਦਾ ਭਾਵੇਂ ਪੰਚ ਵੀ ਬਣ ਜਾਵੇ ਤਾਂ ਕੀ ਉਹ ਅਕਾਲ ਪੁਰਖੁ ਦਾ ਅੰਤ ਪਾ ਸਕਦਾ ਹੈ? ਇਸਦਾ ਜਵਾਬ ਗੁਰੂ ਸਾਹਿਬ ਨੇ ਉੱਪਰ ਲਿਖੀ ਪੰਕਤੀ ਵਿਚ ਸਪੱਸ਼ਟ ਰੂਪ ਵਿਚ ਦਿੱਤਾ ਹੈ ਕਿ ਅਕਾਲ ਪੁਰਖੁ ਦਾ ਅੰਤ ਪਾਉਣਾ ਤਾਂ ਬੜੀ ਦੂਰ ਦੀ ਗੱਲ ਹੈ, ਅਸੀਂ ਉਸਦੀ ਰਚੀ ਕੁਦਰਤ ਦਾ ਵੀ ਅੰਤ ਨਹੀਂ ਪਾ ਸਕਦੇ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਕਦੀ ਵੀ ਅਕਾਲ ਪੁਰਖੁ

ਜਾਂ ਉਸਦੀ ਰਚੀ ਰਚਨਾ ਦਾ ਅੰਤ ਪਾਉਣ ਦਾ ਯਤਨ ਨਹੀਂ ਕਰਨਾ ਕਿਉਂਕਿ ਜਪੁ ਜੀ ਸਾਹਿਬ ਵਿਚ ਅੱਗੇ ਜਾ ਕੇ ਗੁਰੂ ਨਾਨਕ ਦੇਵ ਜੀ ਨੇ 24ਵੀਂ ਪਉੜੀ ਵਿਚ ਇਸ ਗੱਲ ਨੂੰ ਫਿਰ ਦ੍ਰਿੜ ਕਰਵਾਇਆ ਹੈ ਹੈ- **"ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ॥ "**

## ਤੀਜੀ ਸਿੱਖਿਆ

**"ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ "**

ਅਕਾਲ ਪੁਰਖ ਦਾ ਧਰਮ ਰੂਪੀ ਬੱਝਵਾਂ ਨਿਯਮ ਹੀ ਬਲਦ ਹੈ ਜੋ ਸ੍ਰਿਸ਼ਟੀ ਨੂੰ ਕਾਇਮ ਰੱਖ ਰਿਹਾ ਹੈ। ਇਹ ਧਰਮ ਦਇਆ ਦਾ ਪੁੱਤਰ ਹੈ ਅਤੇ ਇਸਨੇ ਸੰਤੋਖ ਧਾਰਨ ਕੀਤਾ ਹੋਇਆ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਜੇ ਅਸੀਂ ਧਰਮ ਦੀ ਰਾਹ ਤੇ ਤੁਰ ਕੇ ਕੁਝ ਪ੍ਰਾਪਤੀ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਜੀਵਨ ਵਿਚ ਦੋ ਗੱਲਾਂ ਧਾਰਨ ਕਰਨੀਆਂ ਪੈਣਗੀਆਂ-'ਦਇਆ' ਅਤੇ 'ਸੰਤੋਖ'।

'ਦਇਆ' ਦੇ ਪ੍ਰਤੀ ਗੁਰਬਾਣੀ ਫੁਰਮਾਨ ਹਨ:-

**"ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥ " (ਅੰਗ:322)**

**"ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥**
**ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥ " (ਅੰਗ:136)**

'ਸੰਤੋਖ' ਬਾਰੇ ਵੀ ਗੁਰਬਾਣੀ ਵਿਚ ਇਉਂ ਫੁਰਮਾਨ ਆਉਂਦਾ ਹੈ:-

**"ਸਤੁ ਸੰਤੋਖੁ ਹੋਵੈ ਅਰਦਾਸਿ॥**
**ਤਾ ਸੁਣਿ ਸਦਿ ਬਹਾਲੇ ਪਾਸਿ॥ " (ਅੰਗ:878)**

**ਭਾਵ:** ਹੇ ਭਾਈ ਜਿਸ ਮਨੁੱਖ ਦੇ ਜੀਵਨ ਵਿਚ ਸਤ, ਸੰਤੋਖ ਹੋਵੇ ਅਤੇ ਆਪਣੇ ਜੀਵਨ ਨੂੰ ਉਸ ਨੇ ਇਸੇ ਮਰਯਾਦਾ ਵਿਚ ਹੀ ਢਾਲਿਆ ਹੋਵੇ ਤਾਂ ਅਜਿਹਾ ਮਨੁੱਖ ਜਦੋਂ ਪ੍ਰਭੂ ਦੇ ਦਰ ਤੇ ਅਰਦਾਸ ਕਰਦਾ ਹੈ ਤਾਂ ਪ੍ਰਭੂ ਅਰਦਾਸ ਸੁਣ ਕੇ ਉਸ ਨੂੰ ਆਪਣੇ ਕੋਲ ਬਿਠਾ ਲੈਂਦਾ ਹੈ ਅਤੇ ਪੁੱਛਦਾ ਹੈ ਦੱਸ ਤੈਨੂੰ ਕੀ ਚਾਹੀਦਾ ਹੈ ਅਰਥਾਤ ਅਜਿਹੇ ਮਨੁੱਖ ਦੀ ਅਰਦਾਸ ਸਤਿਗੁਰੂ ਜੀ ਦੇ ਦਰਬਾਰ ਵਿਚ ਪ੍ਰਵਾਨ ਹੋ ਜਾਂਦੀ ਹੈ।

## ਚੌਥੀ ਸਿੱਖਿਆ

**"ਵਾਰਿਆ ਨ ਜਾਵਾ ਏਕ ਵਾਰ॥ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥ "**

ਗੁਰੂ ਨਾਨਕ ਸਾਹਿਬ ਨੇ ਉੱਪਰ ਲਿਖੀਆਂ ਪੰਕਤੀਆਂ ਜਪੁ ਜੀ ਸਾਹਿਬ ਵਿਚ ਇਕ ਵਾਰ ਨਹੀਂ, ਦੋ ਵਾਰ ਨਹੀਂ ਬਲਕਿ ਚਾਰ ਵਾਰ ਦਰਜ਼ ਕੀਤੀਆਂ ਹਨ ਤਾਂ ਕਿ ਸਾਨੂੰ ਇਹ ਦ੍ਰਿੜ ਹੋ ਜਾਵੇ ਕਿ ਅਸੀਂ ਅਕਾਲ ਪੁਰਖੁ ਤੋਂ ਇਕ ਵਾਰ ਵੀ ਵਾਰੇ ਨਹੀਂ ਜਾ ਸਕਦੇ। ਜੋ ਕੁਝ ਹੋ ਰਿਹਾ ਹੈ ਉਸਦੇ ਹੁਕਮ ਵਿਚ ਹੀ ਹੋ ਰਿਹਾ ਹੈ ਅਤੇ ਸਿੱਖ ਨੇ **"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ"** ਵਾਲੀ ਜੁਗਤਿ ਨੂੰ ਜੀਵਨ ਵਿਚ ਅਪਨਾ ਕੇ ਹੀ ਸਚਿਆਰਾ ਬਣਨਾ ਹੈ।

# ਸਤਾਰ੍ਹਵੀਂ ਪਉੜੀ

**ਅਸੰਖ ਜਪ ਅਸੰਖ ਭਾਉ॥ ਅਸੰਖ ਪੂਜਾ ਅਸੰਖ ਤਪ ਤਾਉ॥**
**ਅਸੰਖ ਗਰੰਥ ਮੁਖਿ ਵੇਦ ਪਾਠ॥ ਅਸੰਖ ਜੋਗ ਮਨਿ ਰਹਹਿ ਉਦਾਸ॥**
**ਅਸੰਖ ਭਗਤ ਗੁਣ ਗਿਆਨ ਵੀਚਾਰ॥ ਅਸੰਖ ਸਤੀ ਅਸੰਖ ਦਾਤਾਰ॥**
**ਅਸੰਖ ਸੂਰ ਮੁਹ ਭਖ ਸਾਰ॥ ਅਸੰਖ ਮੋਨਿ ਲਿਵ ਲਾਇ ਤਾਰ॥**
**ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ॥**
**ਤੂ ਸਦਾ ਸਲਾਮਤਿ ਨਿਰੰਕਾਰ॥੧੭॥**

**ਪਦ-ਅਰਥ:-** **ਅਸੰਖ**-ਅਨਗਿਣਤ। **ਭਾਉ**-ਪਿਆਰ। **ਤਪ-ਤਾਉ**-ਤਪਾਂ ਦਾ ਤਪਣਾ। **ਮੁਖਿ**-ਮੂੰਹ ਨਾਲ। **ਗਰੰਥ ਵੇਦ**-ਵੇਦਾਂ ਅਤੇ ਹੋਰ ਧਾਰਮਿਕ ਪੁਸਤਕਾਂ ਦੇ ਪਾਠ। **ਜੋਗ**-ਜੋਗ ਧਾਰਨ ਕਰਨ ਵਾਲੇ। **ਮਨਿ**-ਮਨ ਵਿਚ। **ਰਹਹਿ ਉਦਾਸ**-ਉਪਰਾਮ ਰਹਿੰਦੇ ਹਨ। **ਸਤੀ**-ਦਾਨੀ ਮਨੁੱਖ। **ਦਾਤਾਰ**-ਦਾਤਾਂ ਦੇਣ ਵਾਲੇ, ਬਖ਼ਸ਼ਸ਼ ਕਰਨ ਵਾਲੇ। **ਸੂਰ**-ਸੂਰਮੇ। **ਮੁਹ**-ਮੂੰਹ ਉੱਤੇ। **ਭਖ ਸਾਰ**-ਸ਼ਾਸਤਰਾਂ ਦੇ ਵਾਰ ਸਹਿਣ ਵਾਲੇ। **ਮੋਨਿ**-ਚੁੱਪ ਰਹਿਣ ਵਾਲੇ। **ਲਿਵ ਲਾਇ ਤਾਰ**-ਇਕ-ਰਸ ਬ੍ਰਿਤੀ ਜੋੜ ਕੇ।।੧੭।

**ਅਰਥ:-** ਅਕਾਲ ਪੁਰਖ ਦੀ ਰਚਨਾ ਵਿਚ ਅਨਗਿਣਤ ਜੀਵ ਜਪ ਕਰਦੇ ਹਨ, ਬੇਅੰਤ ਜੀਵ ਹੋਰਨਾਂ ਨਾਲ ਪਿਆਰ ਦਾ ਵਰਤਾਉ ਕਰ ਰਹੇ ਹਨ। ਕਈ ਜੀਵ ਪੂਜਾ ਕਰ ਰਹੇ ਹਨ ਅਤੇ ਅਨਗਿਣਤ ਹੀ ਜੀਵ ਤਪ ਸਾਧਨਾ ਕਰ ਰਹੇ ਹਨ। ਬੇਅੰਤ ਜੀਵ ਵੇਦਾਂ ਅਤੇ ਹੋਰ ਧਾਰਮਿਕ ਪੁਸਤਕਾਂ ਦੇ ਪਾਠ ਮੂੰਹ ਨਾਲ ਕਰ ਰਹੇ ਹਨ। ਜੋਗ ਦੇ ਸਾਧਨ ਕਰਨ ਵਾਲੇ ਬੇਅੰਤ ਮਨੁੱਖ ਆਪਣੇ ਮਨ ਵਿਚ ਮਾਇਆ ਵਲੋਂ ਉਪਰਾਮ ਰਹਿੰਦੇ ਹਨ। ਅਕਾਲ ਪੁਰਖ ਦੀ ਕੁਦਰਤ ਵਿਚ ਅਣਗਿਣਤ ਭਗਤ ਹਨ, ਜੋ ਅਕਾਲ ਪੁਰਖ ਦੇ ਗੁਣਾਂ ਅਤੇ ਗਿਆਨ ਦੀ ਵਿਚਾਰ ਕਰ ਰਹੇ ਹਨ, ਅਨੇਕਾਂ ਹੀ ਦਾਨੀ ਤੇ ਦਾਤੇ ਬਣੇ ਹੋਏ ਹਨ। ਅਕਾਲ ਪੁਰਖ ਦੀ ਰਚਨਾ ਵਿਚ ਬੇਅੰਤ ਸੂਰਮੇ ਹਨ, ਜੋ ਆਪਣੇ ਮੂੰਹਾਂ ਉੱਤੇ ਭਾਵ ਸਨਮੁਖ ਹੋ ਕੇ ਸ਼ਸਤ੍ਰਾਂ ਦੇ ਵਾਰ ਸਹਿੰਦੇ ਹਨ। ਅਨੇਕਾਂ ਮੋਨੀ ਹਨ, ਜੋ ਇਕ-ਰਸ ਬ੍ਰਿਤੀ ਜੋੜ ਕੇ ਬੈਠੇ ਰਹਿੰਦੇ ਹਨ। ਮੇਰੀ ਕੀ ਤਾਕਤ ਹੈ ਕਿ ਕਰਤਾਰ ਦੀ ਕੁਦਰਤ ਦੀ ਵਿਚਾਰ ਕਰ ਸਕਾਂ? ਹੇ ਅਕਾਲ ਪੁਰਖ! ਮੈਂ ਤਾਂ ਤੇਰੇ ਉੱਤੋਂ ਇਕ ਵਾਰੀ ਭੀ ਸਦਕੇ ਹੋਣ ਜੋਗਾ ਨਹੀਂ ਹਾਂ; ਭਾਵ, ਮੇਰੀ ਹਸਤੀ ਬਹੁਤ ਹੀ ਤੁੱਛ ਹੈ। ਹੇ ਨਿਰੰਕਾਰ! ਤੂੰ ਸਦਾ ਅਟੱਲ ਰਹਿਣ ਵਾਲਾ ਹੈਂ, ਜੋ ਤੈਨੂੰ ਚੰਗਾ ਲਗਦਾ ਹੈ, ਉਹੀ ਕੰਮ ਭਲਾ ਹੈ; ਭਾਵ, ਤੇਰੀ ਰਜ਼ਾ ਵਿਚ ਰਹਿਣਾ ਹੀ ਠੀਕ ਹੈ।੧੭।

**ਉਚਾਰਨ ਪਾਠ:-** ਰਹਹਿੰ, ਮੁੰਹ, ਕਹਾਂ, ਜਾਵਾਂ, ਆਦਿ ਸ਼ਬਦ ਬਿੰਦੀ ਸਹਿਤ ਉਚਾਰਨੇ ਹਨ ।

# ਸਤਾਰ੍ਹਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

**"ਅਸੰਖ ਜਪ ਅਸੰਖ ਭਾਉ॥ ਅਸੰਖ ਪੂਜਾ ਅਸੰਖ ਤਪ ਤਾਉ॥
ਅਸੰਖ ਗਰੰਥ ਮੁਖਿ ਵੇਦ ਪਾਠ॥ ਅਸੰਖ ਜੋਗ ਮਨਿ ਰਹਹਿ ਉਦਾਸ॥
ਅਸੰਖ ਭਗਤ ਗੁਣ ਗਿਆਨ ਵੀਚਾਰ॥ ਅਸੰਖ ਸਤੀ ਅਸੰਖ ਦਾਤਾਰ॥
ਅਸੰਖ ਸੂਰ ਮੁਹ ਭਖ ਸਾਰ॥ ਅਸੰਖ ਮੋਨਿ ਲਿਵ ਲਾਇ ਤਾਰ॥"**

ਅਰਥਾਤ ਅਸੰਖ ਬੰਦੇ ਹੀ ਨਾਮ ਜਪਣ ਵਾਲੇ ਹਨ, ਅਸੰਖ ਹੀ ਉਸ ਦੀ ਪੂਜਾ ਕਰਨ ਵਾਲੇ ਹਨ, ਅਸੰਖ ਹੀ ਉਸ ਨੂੰ ਪ੍ਰਸੰਨ ਕਰਨ ਲਈ ਤਪ ਕਰਦੇ ਹਨ ਆਦਿ..ਆਦਿ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਗਰ ਸਾਡੇ ਕੋਲੋਂ ਕੋਈ ਚੰਗਾ ਕੰਮ ਹੋ ਰਿਹਾ ਹੈ ਤਾਂ ਇਹ ਉਸਦੀ ਕਿਰਪਾ ਦੁਆਰਾ ਹੀ ਹੋ ਰਿਹਾ ਹੈ ਅਤੇ ਅਸੀਂ ਇਸਦਾ ਕੋਈ ਹੰਕਾਰ ਨਹੀਂ ਕਰਨਾ ਬਲਕਿ ਪਰਮਾਤਮਾ ਦਾ ਸ਼ੁਕਰ ਕਰਨਾ ਹੈ ਕਿ ਉਹ ਸਾਡੇ ਕੋਲੋਂ ਚੰਗਾ ਕੰਮ ਕਰਵਾ ਰਿਹਾ ਹੈ। ਅਗਰ ਪਰਮਾਤਮਾ ਚਾਹੁੰਦਾ ਤਾਂ ਸਾਨੂੰ ਮੂਰਖਾਂ ਤੇ ਨਿੰਦਕਾਂ ਵਾਲੀ ਸ਼੍ਰੇਣੀ ਵਿਚ ਵੀ ਖੜ੍ਹਾ ਕਰ ਸਕਦਾ ਸੀ। ਇਹ ਉਸ ਦੀ ਵਡਿਆਈ ਹੀ ਹੈ ਕਿ ਉਹ ਸਾਡੇ ਤੇ ਮਿਹਰਬਾਨ ਹੋ ਕੇ ਸਾਡੇ ਕੋਲੋਂ ਚੰਗੇ ਕੰਮ ਕਰਵਾ ਰਿਹਾ ਹੈ।

## ਦੂਜੀ ਸਿੱਖਿਆ

**"ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥"**

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਕਾਲ ਪੁਰਖੁ ਦਾ ਅੰਤ ਪਾਉਣਾ ਤਾਂ ਬਹੁਤ ਦੂਰੇਡੇ ਦੀ ਗੱਲ ਹੈ ਅਸੀਂ ਤਾਂ ਉਸ ਦੀ ਬਣਾਈ ਹੋਈ ਕੁਦਰਤ ਦਾ ਵੀ ਅੰਤ ਨਹੀਂ ਪਾ ਸਕਦੇ ਅਤੇ ਸਾਡੀ ਕੋਈ ਤਾਕਤ ਨਹੀਂ, ਬੁੱਧੀ ਨਹੀਂ ਕਿ ਅਸੀਂ ਅਕਾਲ ਪੁਰਖੁ ਤੋਂ ਇਕ ਵਾਰ ਵੀ ਵਾਰੇ ਜਾ ਸਕੀਏ। ਜੋ ਕੁਝ ਹੋ ਰਿਹਾ ਹੈ ਉਸਦੇ ਹੁਕਮ ਵਿਚ ਹੀ ਹੋ ਰਿਹਾ ਹੈ ਅਤੇ ਸਿੱਖ ਨੇ **"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ"** ਵਾਲੀ ਜੁਗਤਿ ਨੂੰ ਜੀਵਨ ਵਿਚ ਅਪਨਾ ਕੇ ਹੀ ਸਚਿਆਰਾ ਬਣਨਾ ਹੈ।

# ਅਠਾਰ੍ਹਵੀਂ ਪਉੜੀ

**ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥**
**ਅਸੰਖ ਅਮਰ ਕਰਿ ਜਾਹਿ ਜੋਰ॥**
**ਅਸੰਖ ਗਲਵਢ ਹਤਿਆ ਕਮਾਹਿ॥ ਅਸੰਖ ਪਾਪੀ ਪਾਪੁ ਕਰਿ ਜਾਹਿ॥**
**ਅਸੰਖ ਕੂੜਿਆਰ ਕੂੜੇ ਫਿਰਾਹਿ॥ ਅਸੰਖ ਮਲੇਛ ਮਲੁ ਭਖਿ ਖਾਹਿ॥**
**ਅਸੰਖ ਨਿੰਦਕ ਸਿਰਿ ਕਰਹਿ ਭਾਰੁ॥ ਨਾਨਕੁ ਨੀਚੁ ਕਹੈ ਵੀਚਾਰੁ॥**
**ਵਾਰਿਆ ਨ ਜਾਵਾ ਏਕ ਵਾਰ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ॥**
**ਤੂ ਸਦਾ ਸਲਾਮਤਿ ਨਿਰੰਕਾਰ॥੧੮॥**

**ਪਦ-ਅਰਥ:- ਮੂਰਖ ਅੰਧ ਘੋਰ**-ਮਹਾਂ ਮੂਰਖ। **ਹਰਾਮਖੋਰ**-ਪਰਾਇਆ ਮਾਲ ਖਾਣ ਵਾਲੇ। **ਅਮਰ**-ਹੁਕਮ। **ਜੋਰ**-ਧੱਕੇ। **ਗਲਵਢ**-ਗਲਾ ਵੱਢਣ ਵਾਲੇ। **ਹਤਿਆ ਕਮਾਹਿ**-ਦੂਜਿਆਂ ਦਾ ਗਲ ਵੱਢਦੇ ਹਨ।**ਕੂੜਿਆਰ**- ਝੂਠ ਦੇ ਸੁਭਾਉ ਵਾਲੇ। **ਕੂੜੇ**-ਝੂਠ ਵਿਚ ਹੀ। **ਫਿਰਾਹਿ**-ਰੁੱਝੇ ਹੋਏ ਹਨ। **ਮਲੇਛ**-ਮਲੀਨ ਮਤ ਵਾਲੇ। **ਖਾਹਿ**-ਖਾਂਦੇ ਹਨ। **ਸਿਰਿ ਕਰਹਿ ਭਾਰੁ**-ਆਪਣੇ ਸਿਰ ਉੱਤੇ ਭਾਰ ਚੁਕਦੇ ਹਨ।੧੮।

**ਅਰਥ:-** ਨਿਰੰਕਾਰ ਦੀ ਸ੍ਰਿਸ਼ਟੀ ਵਿਚ ਅਨੇਕਾਂ ਹੀ ਮਹਾਂ ਮੂਰਖ ਹਨ, ਅਨੇਕਾਂ ਹੀ ਚੋਰ ਹਨ, ਜੋ ਪਰਾਇਆ ਮਾਲ ਚੁਰਾ ਚੁਰਾ ਕੇ ਵਰਤ ਰਹੇ ਹਨ ਅਤੇ ਅਨੇਕਾਂ ਹੀ ਇਹੋ ਜਿਹੇ ਮਨੁੱਖ ਹਨ, ਜੋ ਦੂਜਿਆਂ ਉੱਤੇ ਹੁਕਮ ਤੇ ਵਧੀਕੀਆਂ ਕਰ ਕਰ ਕੇ ਅੰਤ ਨੂੰ ਇਸ ਸੰਸਾਰ ਤੋਂ ਚਲੇ ਜਾਂਦੇ ਹਨ।ਅਨੇਕਾਂ ਹੀ ਖ਼ੂਨੀ ਮਨੁੱਖ ਦੂਜਿਆਂ ਦੇ ਗਲ ਵੱਢ ਰਹੇ ਹਨ ਅਤੇ ਅਨੇਕਾਂ ਹੀ ਪਾਪੀ ਮਨੁੱਖ ਪਾਪ ਕਮਾ ਕੇ ਆਖ਼ਰ ਇਸ ਦੁਨੀਆ ਤੋਂ ਤੁਰ ਜਾਂਦੇ ਹਨ।ਅਨੇਕਾਂ ਹੀ ਝੂਠ ਬੋਲਣ ਦੇ ਸੁਭਾਉ ਵਾਲੇ ਮਨੁੱਖ ਝੂਠ ਵਿਚ ਹੀ ਰੁੱਝੇ ਪਏ ਹਨ ਅਤੇ ਅਨੇਕਾਂ ਹੀ ਖੋਟੀ ਬੁੱਧੀ ਵਾਲੇ ਮਨੁੱਖ ਮਲ ਭਾਵ, ਅਖਾਜ ਹੀ ਖਾਈ ਜਾ ਰਹੇ ਹਨ। ਅਨੇਕਾਂ ਹੀ ਨਿੰਦਕ ਨਿੰਦਿਆ ਕਰ ਕਰ ਕੇ ਆਪਣੇ ਸਿਰ ਉੱਤੇ ਨਿੰਦਿਆ ਦਾ ਭਾਰ ਚੁੱਕ ਰਹੇ ਹਨ। (ਹੇ ਨਿਰੰਕਾਰ! ਅਨੇਕਾਂ ਹੋਰ ਜੀਵ ਕਈ ਹੋਰ ਕੁਕਰਮਾਂ ਵਿਚ ਫਸੇ ਪਏ ਹੋਣਗੇ, ਮੇਰੀ ਕੀ ਤਾਕਤ ਹੈ ਕਿ ਤੇਰੀ ਕੁਦਰਤ ਦੀ ਪੂਰਨ ਵਿਚਾਰ ਕਰ ਸਕਾਂ?) ਨਾਨਕ ਵਿਚਾਰਾ ਤਾਂ ਇਹ ਉਪਰਲੀ ਤੁੱਛ ਜਿਹੀ ਵਿਚਾਰ ਪੇਸ਼ ਕਰਦਾ ਹੈ। ਹੇ ਅਕਾਲ ਪੁਰਖ! ਮੈਂ ਤਾਂ ਤੇਰੇ ਉੱਤੋਂ ਇਕ ਵਾਰੀ ਭੀ ਸਦਕੇ ਹੋਣ ਜੋਗਾ ਨਹੀਂ ਹਾਂ; ਭਾਵ, ਮੈਂ ਤੇਰੀ ਬੇਅੰਤ ਕੁਦਰਤ ਦੀ ਪੂਰਨ ਵਿਚਾਰ ਕਰਨ ਜੋਗਾ ਨਹੀਂ ਹਾਂ। ਹੇ ਨਿਰੰਕਾਰ! ਤੂੰ ਸਦਾ-ਥਿਰ ਰਹਿਣ ਵਾਲਾ ਹੈਂ। ਜੋ ਤੈਨੂੰ ਚੰਗਾ ਲੱਗਦਾ ਹੈ, ਉਹੀ ਕੰਮ ਭਲਾ ਹੈ; ਭਾਵ, ਤੇਰੀ ਰਜ਼ਾ ਵਿਚ ਹੀ ਰਹਿਣਾ ਠੀਕ ਹੈ, ਤੇਰੀ ਸਿਫ਼ਤਿ-ਸਾਲਾਹ ਕਰ ਕੇ ਅਸਾਂ ਜੀਵਾਂ ਲਈ ਇਹੀ ਭਲੀ ਗੱਲ ਹੈ ਕਿ ਤੇਰੀ ਰਜ਼ਾ ਵਿਚ ਰਹੀਏ।੧੮।

**ਉਚਾਰਨ ਪਾਠ:-** ਜਾਹਿੰ, ਕਮਾਹਿੰ, ਫਿਰਾਹਿੰ, ਖਾਹਿੰ, ਕਰਹਿੰ, ਆਦਿ ਸ਼ਬਦ ਬਿੰਦੀ ਸਹਿਤ ਉਚਾਰਨੇ ਹਨ। 'ਨਾਨਕੁ ਨੀਚੁ ਕਹੈ ਵੀਚਾਰੁ' ਤੁਕ ਵਿਚ 'ਨੀਚ' ਸ਼ਬਦ ਤੋਂ ਬਾਅਦ ਬਿਸਰਾਮ ਦੇਣਾ ਹੈ, ਨਾਨਕੁ ਤੋਂ ਬਾਅਦ ਨਹੀਂ। 'ਨੀਚ' ਪਦ ਗੁਰੂ ਸਾਹਿਬ ਨੇ ਆਪਣੇ ਲਈ ਨਿਮਰਤਾ ਭਾਵ ਵਿਚ ਵਰਤਿਆ ਹੈ।

# ਅਠਾਰ੍ਹਵੀ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

### "ਨਾਨਕੁ ਨੀਚੁ ਕਹੈ ਵੀਚਾਰੁ"

ਇਸ ਪਉੜੀ ਵਿਚ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚੋਰਾਂ, ਮੂਰਖਾਂ, ਅਗਿਆਨੀਆਂ ਦੀ ਗੱਲ ਕੀਤੀ ਤਾਂ ਅਖੀਰ ਵਿਚ **"ਨਾਨਕੁ ਨੀਚੁ ਕਹੈ ਵੀਚਾਰੁ"** ਉਚਾਰ ਕੇ ਸਾਨੂੰ ਇਹ ਸਿੱਖਿਆ ਦਿੱਤੀ ਹੈ ਕਿ ਭਾਵੇਂ ਸਾਡੇ ਵਿਚ ਜਿੰਨੇ ਮਰਜ਼ੀ ਗੁਣ ਹੋਣ ਤਾਂ ਵੀ ਅਸੀਂ ਉਨ੍ਹਾਂ ਗੁਣਾਂ ਦਾ ਮਾਣ ਨਹੀਂ ਕਰਨਾ ਅਤੇ ਨਿਮਰਤਾ ਦੇ ਘਰ ਵਿਚ ਰਹਿਣਾ ਹੈ। ਇਸ ਗੱਲ ਨੂੰ ਦ੍ਰਿੜ ਕਰਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਜੋ ਆਪ ਸਾਰੀ ਕਾਇਨਾਤ ਦੇ ਮਾਲਕ ਹਨ ਅਤੇ ਸਭ ਤੋਂ ਉੱਚੇ ਸੁੱਚੇ ਹਨ ਤਾਂ ਵੀ ਉਨ੍ਹਾਂ ਨੇ ਆਪਣੇ ਨਾਮ ਦੇ ਨਾਲ 'ਨੀਚ' ਅੱਖਰ ਨੂੰ ਇਸਤੇਮਾਲ ਕੀਤਾ। **ਅਸੀਂ ਇਸ ਤੋਂ ਇਹ ਸਿੱਖਿਆ ਲੈਣੀ ਹੈ** ਕਿ ਅਸੀਂ ਕਦੀ ਵੀ ਕਿਸੇ ਦੇ ਔਗੁਣਾਂ ਵੱਲ ਧਿਆਨ ਨਹੀਂ ਦੇਣਾ ਅਤੇ ਆਪਣੇ ਗੁਣਾਂ ਦਾ ਹੰਕਾਰ ਨਹੀਂ ਕਰਨਾ। ਗੁਰਬਾਣੀ ਫੁਰਮਾਨ ਹੈ:-

**"ਹਮ ਨਹੀ ਚੰਗੇ ਬੁਰਾ ਨਹੀ ਕੋਇ॥**
**ਪ੍ਰਣਵਤਿ ਨਾਨਕੁ ਤਾਰੇ ਸੋਇ॥" (ਅੰਗ:728)**

**ਭਾਵ:** ਜੋ ਮਨੁੱਖ ਹਉਮੈ ਦਾ ਤਿਆਗ ਕਰਦਾ ਹੈ ਤੇ ਸਮਝਦਾ ਹੈ ਕਿ ਮੈਂ ਹੋਰਨਾਂ ਨਾਲੋਂ ਚੰਗਾ ਨਹੀਂ ਤੇ ਕੋਈ ਮੈਥੋਂ ਮਾੜਾ ਨਹੀਂ । ਨਾਨਕ ਬੇਨਤੀ ਕਰਦਾ ਹੈ-ਅਜਿਹੇ ਸੇਵਕ ਨੂੰ ਪਰਮਾਤਮਾ ਸੰਸਾਰ ਸਮੁੰਦਰ ਦੀਆਂ ਵਿਕਾਰ ਲਹਿਰਾਂ ਤੋਂ ਪਾਰ ਲੰਘਾ ਲੈਂਦਾ ਹੈ।

## ਦੂਜੀ ਸਿੱਖਿਆ

### "ਜੋ ਤੁਧੁ ਭਾਵੈ ਸਾਈ ਭਲੀ ਕਾਰ॥"

ਵਾਹਿਗੁਰੂ ਜੀ ਜੋ ਤੁਹਾਨੂੰ ਭਾਅ ਜਾਏ, ਉਹੀ ਚੰਗਾ ਕੰਮ ਹੈ। ਜਿਵੇਂ ਕਿ ਗੁਰਬਾਣੀ ਫੁਰਮਾਨ ਹੈ:-

**"ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥"**
**(ਅੰਗ:469)**

## ਤੀਜੀ ਸਿੱਖਿਆ

ਸੰਸਾਰ ਦੇ ਵਿਚ ਜਿਹੜੇ ਜੀਵ ਨੀਚ ਕੰਮ ਕਰ ਰਹੇ ਹਨ, ਉਨ੍ਹਾਂ ਵਾਸਤੇ ਹੇਠ ਲਿਖੇ ਗੁਰਬਾਣੀ ਫੁਰਮਾਨ ਅਨੁਸਾਰ ਇਹ ਅਰਦਾਸ ਕਰਨੀ ਹੈ-

**"ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥" (ਅੰਗ:853)**

# ਉਨ੍ਹੀਵੀਂ ਪਉੜੀ

**ਅਸੰਖ ਨਾਵ ਅਸੰਖ ਥਾਵ॥ ਅਗੰਮ ਅਗੰਮ ਅਸੰਖ ਲੋਅ॥**
**ਅਸੰਖ ਕਹਹਿ ਸਿਰਿ ਭਾਰੁ ਹੋਇ॥**
**ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ॥**
**ਅਖਰੀ ਲਿਖਣੁ ਬੋਲਣੁ ਬਾਣਿ॥ ਅਖਰਾ ਸਿਰਿ ਸੰਜੋਗੁ ਵਖਾਣਿ॥**
**ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥**
**ਜਿਵ ਫੁਰਮਾਏ ਤਿਵ ਤਿਵ ਪਾਹਿ॥**
**ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥**
**ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ॥**
**ਤੂ ਸਦਾ ਸਲਾਮਤਿ ਨਿਰੰਕਾਰ॥੧੯॥**

**ਪਦ-ਅਰਥ:- ਅਗੰਮ**-ਜਿਸ ਤਾਈਂ ਕਿਸੇ ਦੀ ਪਹੁੰਚ ਨ ਹੋ ਸਕੇ । **ਲੋਅ**-ਲੋਕ, ਭਵਣ। **ਗੁਣ ਗਾਹ**-ਗੁਣਾਂ ਦੇ ਵਾਕਫ਼। **ਲਿਖਣੁ ਬੋਲਣੁ ਬਾਣਿ** -ਬਾਣੀ ਦਾ ਲਿਖਣਾ। **ਸੰਜੋਗੁ**-ਭਾਗਾਂ ਦਾ ਲੇਖ। **ਵਖਾਣਿ**-ਵਖਾਣਿਆ ਜਾ ਸਕਦਾ ਹੈ। **ਤਿਸੁ ਸਿਰਿ**-ਉਸ ਅਕਾਲ ਪੁਰਖ ਦੇ ਮੱਥੇ ਉੱਤੇ। **ਫੁਰਮਾਏ**-ਅਕਾਲ ਪੁਰਖ ਹੁਕਮ ਕਰਦਾ ਹੈ। **ਪਾਹਿ**-ਭੋਗਦੇ ਹਨ। **ਜੇਤਾ ਕੀਤਾ**-ਇਹ ਸਾਰਾ ਸੰਸਾਰ ਜੋ ਅਕਾਲ ਪੁਰਖ ਨੇ ਪੈਦਾ ਕੀਤਾ ਹੈ। **ਤੇਤਾ**-ਉਹ ਸਾਰਾ।੧੯।

**ਅਰਥ:-** ਕੁਦਰਤ ਦੇ ਅਨੇਕ ਜੀਵਾਂ ਤੇ ਹੋਰ ਬੇਅੰਤ ਪਦਾਰਥਾਂ ਦੇ ਅਸੰਖਾਂ ਹੀ ਨਾਮ ਹਨ ਤੇ ਅਸੰਖਾਂ ਹੀ ਉਹਨਾਂ ਦੇ ਥਾਂ ਟਿਕਾਣੇ ਹਨ।ਕੁਦਰਤ ਵਿਚ ਅਸੰਖਾਂ ਹੀ ਭਵਣ ਹਨ ਜਿਨ੍ਹਾਂ ਤਕ ਮਨੁੱਖ ਦੀ ਪਹੁੰਚ ਹੀ ਨਹੀਂ ਹੋ ਸਕਦੀ। ਪਰ ਜੋ ਮਨੁੱਖ ਕੁਦਰਤ ਦਾ ਲੇਖਾ ਕਰਨ ਵਾਸਤੇ ਸ਼ਬਦ 'ਅਸੰਖ' ਭੀ ਆਖਦੇ ਹਨ, ਉਹਨਾਂ ਦੇ ਸਿਰ ਉੱਤੇ ਭੀ ਭਾਰ ਹੁੰਦਾ ਹੈ।ਭਾਵੇਂ ਅਕਾਲ ਪੁਰਖ ਦੀ ਕੁਦਰਤ ਦਾ ਲੇਖਾ ਲਫ਼ਜ਼ 'ਅਸੰਖ' ਤਾਂ ਕਿਤੇ ਰਿਹਾ, ਕੋਈ ਭੀ ਸ਼ਬਦ ਕਾਫ਼ੀ ਨਹੀਂ ਹੈ, ਪਰ ਅਕਾਲ ਪੁਰਖ ਦਾ ਨਾਮ ਭੀ ਅੱਖਰਾਂ ਰਾਹੀਂ ਹੀ ਲਿਆ ਜਾ ਸਕਦਾ ਹੈ, ਉਸ ਦੀ ਸਿਫ਼ਤਿ-ਸਾਲਾਹ ਭੀ ਅੱਖਰਾਂ ਰਾਹੀਂ ਹੀ ਕੀਤੀ ਜਾ ਸਕਦੀ ਹੈ। ਅਕਾਲ ਪੁਰਖ ਦਾ ਗਿਆਨ ਭੀ ਅੱਖਰਾਂ ਰਾਹੀਂ ਹੀ ਵਿਚਾਰਿਆ ਜਾ ਸਕਦਾ ਹੈ। ਅੱਖਰਾਂ ਰਾਹੀਂ ਹੀ ਉਸਦੇ ਗੀਤ ਅਤੇ ਗੁਣਾਂ ਦਾ ਵਾਕਫ਼ ਹੋ ਸਕੀਦਾ ਹੈ। ਬੋਲੀ ਦਾ ਲਿਖਣਾ ਤੇ ਬੋਲਣਾ ਭੀ ਅੱਖਰਾਂ ਰਾਹੀਂ ਹੀ ਦੱਸਿਆ ਜਾ ਸਕਦਾ ਹੈ।ਉਂਝ ਜਿਸ ਅਕਾਲ ਪੁਰਖ ਨੇ ਜੀਵਾਂ ਦੇ ਸੰਜੋਗ ਦੇ ਇਹ ਅੱਖਰ ਲਿਖੇ ਹਨ, ਉਸ ਦੇ ਸਿਰ ਉੱਤੇ ਕੋਈ ਲੇਖ ਨਹੀਂ ਹੈ। ਜਿਸ ਜਿਸ ਤਰ੍ਹਾਂ ਉਹ ਅਕਾਲ ਪੁਰਖ ਕਰਦਾ ਹੈ ਉਸੇ ਤਰ੍ਹਾਂ ਜੀਵ ਆਪਣੇ ਸੰਜੋਗ ਭੋਗਦੇ ਹਨ।ਇਹ ਸਾਰਾ ਸੰਸਾਰ, ਜੋ ਅਕਾਲ ਪੁਰਖ ਨੇ ਬਣਾਇਆ ਹੈ, ਇਹ ਉਸ ਦਾ ਸਰੂਪ ਹੈ ।ਕੋਈ ਥਾਂ ਅਕਾਲ ਪੁਰਖ ਦੇ ਸਰੂਪ ਤੋਂ ਖ਼ਾਲੀ ਨਹੀਂ ਹੈ; ਭਾਵ, ਜਿਹੜੀ ਥਾਂ ਜਾਂ ਪਦਾਰਥ ਵੇਖੀਏ ਉਹੀ ਅਕਾਲ ਪੁਰਖ ਦਾ ਸਰੂਪ ਦਿੱਸਦਾ ਹੈ, ਸ੍ਰਿਸ਼ਟੀ ਦਾ ਜ਼ੱਰਾ ਜ਼ੱਰਾ ਅਕਾਲ ਪੁਰਖ ਦਾ ਸਰੂਪ ਹੈ।ਮੇਰੀ ਕੀ ਤਾਕਤ ਹੈ ਕਿ ਕਰਤਾਰ ਦੀ ਕੁਦਰਤ ਦੀ ਵੀਚਾਰ ਕਰ ਸਕਾਂ? ਹੇ ਅਕਾਲ ਪੁਰਖ! ਮੈਂ ਤਾਂ ਤੇਰੇ ਉਤੋਂ ਇਕ ਵਾਰੀ ਭੀ ਸਦਕੇ ਹੋਣ ਜੋਗਾ ਨਹੀਂ ਹਾਂ; ਭਾਵ, ਮੇਰੀ ਹਸਤੀ ਬਹੁਤ ਹੀ ਤੁੱਛ ਹੈ । ਹੇ ਨਿਰੰਕਾਰ! ਤੂੰ ਸਦਾ-ਥਿਰ ਰਹਿਣ ਵਾਲਾ ਹੈਂ, ਜੋ ਤੈਨੂੰ ਚੰਗਾ ਲੱਗਦਾ ਹੈ, ਉਹੀ ਕੰਮ ਭਲਾ ਹੈ।੧੯।

# ਉਨ੍ਹੀਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

**"ਅਸੰਖ ਨਾਵ ਅਸੰਖ ਥਾਵ॥ ਅਗੰਮ ਅਗੰਮ ਅਸੰਖ ਲੋਅ॥**
**ਅਸੰਖ ਕਹਹਿ ਸਿਰਿ ਭਾਰੁ ਹੋਇ॥"**

ਪਰਮੇਸ਼ਰ ਦੀ ਕੁਦਰਤ ਇਤਨੀ ਬੇਅੰਤ ਹੈ ਕਿ ਉਸਦਾ ਕੋਈ ਅੰਤ ਨਹੀਂ ਪਾ ਸਕਦਾ। ਇਸ ਪਉੜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਕੁਦਰਤ ਦੀ ਬੇਅੰਤਤਾ ਦੀ ਗੱਲ ਕਰਦਿਆਂ ਹੋਇਆਂ ਉਸ ਵਾਸਤੇ '**ਅਸੰਖ**' ਅੱਖਰ ਦੀ ਵਰਤੋਂ ਕਰਦੇ ਹਨ ਅਤੇ ਨਾਲ ਹੀ ਇਹ ਵੀ ਕਹਿ ਦਿੰਦੇ ਹਨ ਕਿ ਹੇ ਪਰਮਾਤਮਾ ! ਤੇਰੀ ਕੁਦਰਤ ਵਾਸਤੇ 'ਅਸੰਖ' ਅੱਖਰ ਦੀ ਵਰਤੋਂ ਕਰਨ ਵਾਲੇ ਨੂੰ ਵੀ ਆਪਣੇ ਸਿਰ ਤੇ ਭਾਰ ਅਨੁਭਵ ਹੁੰਦਾ ਹੈ ਕਿਉਂਕਿ ਤੇਰੀ ਰਚਨਾ 'ਅਸੰਖ' ਤੋਂ ਵੀ ਪਰ੍ਹੇ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਪਰਮਾਤਮਾ ਦਾ ਅੰਤ ਪਾਉਣਾ ਤਾਂ ਬਹੁਤ ਦੂਰ ਦੀ ਗੱਲ ਹੈ, ਅਸੀਂ ਉਸਦੀ ਕੁਦਰਤ ਦਾ ਵੀ ਅੰਤ ਨਹੀਂ ਪਾ ਸਕਦੇ।

## ਦੂਜੀ ਸਿੱਖਿਆ

**"ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥ ਜਿਵ ਫੁਰਮਾਏ ਤਿਵ ਤਿਵ ਪਾਹਿ॥"**

ਅਕਾਲ ਪੁਰਖੁ ਦੀ ਰਚੀ ਹੋਈ ਰਚਨਾ ਦੇ ਸਿਰ ਦੇ ਉਤੇ ਤਾਂ ਲੇਖ ਹਨ ਪਰ ਪਰਮਾਤਮਾ ਦੇ ਸਿਰ ਉਤੇ ਕੋਈ ਲੇਖਾ ਜੋਖਾ ਨਹੀਂ ਹੈ। ਉਹ ਅਕਾਲ ਪੁਰਖ ਏਨੀ ਵੱਡੀ ਹਸਤੀ ਹੈ ਕਿ ਉਹ ਆਪ ਲੇਖੇ ਜੋਖੇ ਤੋਂ ਪਰ੍ਹੇ ਹੈ। ਉਹ ਸਭ ਦਾ ਮਾਲਕ ਹੈ ਅਤੇ ਜਿਸ ਤਰ੍ਹਾਂ ਉਸ ਦਾ ਹੁਕਮ ਹੁੰਦਾ ਹੈ ਉਸੇ ਤਰ੍ਹਾਂ ਹੀ ਜੀਵਾਂ ਨੂੰ ਦਾਤਾਂ ਮਿਲਦੀਆਂ ਹਨ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਸਾਡੇ ਜੀਵਨ ਵਿਚ ਜੋ ਵੀ ਵਰਤ ਰਿਹਾ ਹੈ ਉਸਦੇ ਹੁਕਮ ਅਨੁਸਾਰ ਹੀ ਹੋ ਰਿਹਾ ਹੈ। ਅਸੀਂ ਇਸ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਹੈ ਤਾਂ ਹੀ ਪਰਮਾਤਮਾ ਦੇ ਘਰ ਵਿਚ ਪ੍ਰਵਾਨ ਹੋ ਸਕਾਂਗੇ।

## ਤੀਜੀ ਸਿੱਖਿਆ

**"ਜੇਤਾ ਕੀਤਾ ਤੇਤਾ ਨਾਉ ਵਿਣੁ ਨਾਵੈ ਨਾਹੀ ਕੋ ਥਾਉ॥"**

ਸਾਰੀ ਰਚਨਾ ਅਕਾਲ ਪੁਰਖ ਦੇ ਨਾਮ ਦਾ ਹੀ ਪਸਾਰਾ ਹੈ ਅਤੇ ਉਸਦੇ ਨਾਮ ਤੋਂ ਬਿਨਾਂ ਕੋਈ ਥਾਂ ਖਾਲੀ ਨਹੀਂ ਹੈ ਅਰਥਾਤ ਉਹ ਪਰਮੇਸ਼ਰ ਹਰ ਥਾਂ ਤੇ ਵਿਆਪਕ ਹੈ ਅਤੇ ਹਾਜ਼ਰਾ-ਹਜ਼ੂਰ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਉਹ ਪਰਮਾਤਮਾ ਹਰ ਥਾਂ, ਹਰ ਜਗ੍ਹਾ, ਹਰ ਸ਼ੈਅ ਵਿਚ ਮੌਜੂਦ ਹੈ । ਇਸ ਲਈ ਅਸੀਂ ਕਿਸੇ ਨੂੰ ਦੁੱਖ ਨਾ ਦੇਈਏ ਅਤੇ ਸਾਰੇ ਜੀਵ ਜੰਤੂਆਂ ਵਿਚ ਉਸੇ ਦੇ ਹੀ ਨੂਰ ਨੂੰ ਤੱਕੀਏ।
ਗੁਰਬਾਣੀ ਦਾ ਫੁਰਮਾਣ ਹੈ :

**"ਬਲਿਹਾਰੀ ਕੁਦਰਤਿ ਵਸਿਆ ॥**
**ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥**
**ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥"**

**(ਅੰਗ : 469)**

**ਭਾਵ :** ਹੇ ਕੁਦਰਤ ਵਿਚ ਵੱਸ ਰਹੇ ਕਰਤਾਰ ! ਮੈਂ ਤੈਥੋਂ ਸਦਕੇ ਹਾਂ, ਤੇਰਾ ਅੰਤ ਨਹੀਂ ਪਾਇਆ ਜਾ ਸਕਦਾ । ਸਾਰੀ ਸ੍ਰਿਸ਼ਟੀ ਵਿਚ ਤੇਰਾ ਹੀ ਨੂਰ ਵੱਸ ਰਿਹਾ ਹੈ, ਸਾਰੇ ਜੀਵਾਂ ਵਿਚ ਤੇਰਾ ਹੀ ਪ੍ਰਕਾਸ਼ ਹੈ, ਤੂੰ ਸਭ ਥਾਈਂ ਇਕ-ਰਸ ਵਿਆਪਕ ਹੈਂ ।

**"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥"**

**(ਅੰਗ:1349)**

**ਭਾਵ**: ਸਭ ਤੋਂ ਪਹਿਲਾਂ ਖੁਦਾ ਦਾ ਨੂਰ ਹੀ ਹੈ ਜਿਸ ਨੇ ਜਗਤ ਪੈਦਾ ਕੀਤਾ ਹੈ, ਇਹ ਸਾਰੇ ਜੀਅ ਜੰਤ ਰੱਬ ਦੀ ਕੁਦਰਤ ਦੇ ਹੀ ਬਣਾਏ ਹੋਏ ਹਨ। ਇਕ ਪ੍ਰਭੂ ਦੀ ਹੀ ਜੋਤ ਤੋਂ ਸਾਰਾ ਜਗਤ ਪੈਦਾ ਹੋਇਆ ਹੈ। ਤਾਂ ਫਿਰ ਕਿਸੇ ਜਾਤ ਮਜ਼ਹਬ ਦੇ ਭੁਲੇਖੇ ਵਿਚ ਪੈ ਕੇ ਕਿਸੇ ਨੂੰ ਚੰਗਾ ਤੇ ਕਿਸੇ ਨੂੰ ਮੰਦਾ ਨਾ ਸਮਝੋ।

# ਵੀਹਵੀਂ ਪਉੜੀ

**ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥**
**ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥**
**ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥**
**ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥**
**ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥੨੦॥**

**ਪਦ-ਅਰਥ:-** **ਉਤਰਸੁ**-ਉਤਰ ਜਾਂਦੀ ਹੈ। **ਦੇ ਸਾਬੂਣੁ**-ਸਾਬਣ ਲਾ ਕੇ। **ਮਤਿ**-ਬੁੱਧ। **ਧੋਪੈ**-ਧੋਇਆ ਜਾ ਸਕਦਾ ਹੈ। **ਨਾਵੈ ਕੈ ਰੰਗਿ**-ਅਕਾਲ ਪੁਰਖ ਦੇ ਨਾਮ ਦੇ ਪ੍ਰੇਮ ਨਾਲ। **ਕਰਿ ਕਰਿ ਕਰਣਾ**-ਜਿਹੋ ਜਿਹੇ ਕਰਮ ਕਰੋਗੇ। **ਲਿਖਿ**-ਤਿਹੋ ਜਿਹੇ ਸੰਸਕਾਰ ਅਪਣੇ ਮਨ ਵਿਚ ਉੱਕਰ ਕੇ। **ਹੁਕਮੀ**-ਅਕਾਲ ਪੁਰਖ ਦੇ ਹੁਕਮ ਵਿਚ। **ਆਵਹੁ ਜਾਹੁ**-ਜਨਮ ਮਰਨ ਵਿਚ ਪਿਆ ਰਹੇਂਗਾ।੨੦।

**ਅਰਥ:-** ਜੇ ਹੱਥ ਜਾਂ ਪੈਰ ਜਾਂ ਸਰੀਰ ਲਿੱਬੜ ਜਾਏ ਤਾਂ ਪਾਣੀ ਨਾਲ ਧੋਤਿਆਂ, ਉਹ ਮੈਲ ਉਤਰ ਜਾਂਦੀ ਹੈ।ਜੇ ਕੋਈ ਕੱਪੜਾ ਮੂਤਰ ਨਾਲ ਗੰਦਾ ਹੋ ਜਾਏ, ਤਾਂ ਸਾਬਣ ਲਾ ਕੇ ਉਸ ਨੂੰ ਧੋ ਲਈਦਾ ਹੈ। ਪਰ ਜੇ ਮਨੁੱਖ ਦੀ ਬੁੱਧੀ ਪਾਪਾਂ ਨਾਲ ਮਲੀਨ ਹੋ ਜਾਏ, ਤਾਂ ਉਹ ਪਾਪ ਅਕਾਲ ਪੁਰਖ ਦੇ ਨਾਮ ਵਿਚ ਪਿਆਰ ਕਰਨ ਨਾਲ ਹੀ ਧੋਏ ਜਾ ਸਕਦੇ ਹਨ। ਹੇ ਨਾਨਕ! 'ਪੁੰਨੀ' ਜਾਂ 'ਪਾਪ' ਨਿਰਾ ਨਾਮ ਹੀ ਨਹੀਂ ਹੈ; ਭਾਵ, ਨਿਰਾ ਕਹਿਣ-ਮਾਤਰ ਨਹੀਂ ਹੈ, ਸੱਚ-ਮੁੱਚ ਹੀ ਤੂੰ ਜਿਹੋ ਜਿਹੇ ਕਰਮ ਕਰੇਂਗਾ, ਤਿਹੋ ਜਿਹੇ ਸੰਸਕਾਰ ਆਪਣੇ ਅੰਦਰ ਉੱਕਰ ਕੇ ਨਾਲ ਲੈ ਜਾਏਂਗਾ। ਜੋ ਕੁਝ ਤੂੰ ਬੀਜੇਂਗਾ, ਉਸ ਦਾ ਫਲ ਆਪ ਹੀ ਖਾਏਂਗਾ। ਆਪਣੇ ਬੀਜੇ ਅਨੁਸਾਰ ਅਕਾਲ ਪੁਰਖ ਦੇ ਹੁਕਮ ਵਿਚ ਜਨਮ ਮਰਨ ਦੇ ਗੇੜ ਵਿਚ ਪਿਆ ਰਹੇਂਗਾ।੨੦।

**ਨੋਟ:-**ਪਹਿਲੀ ਪਉੜੀ ਵਿਚ ਤੁਕ ਆਈ ਹੈ, 'ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ'। ਦੂਜੀ ਪਉੜੀ ਵਿਚ ਜ਼ਿਕਰ ਆਇਆ ਹੈ, 'ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖੁ ਸੁਖੁ ਪਾਈਅਹਿ'। ਹੁਣ ਇਸ ਪਉੜੀ ਵਿਚ ਉਪਰਲੀਆਂ ਤੁਕਾਂ ਵਾਲਾ ਖ਼ਿਆਲ ਬਿਲਕੁਲ ਸਾਫ਼ ਕੀਤਾ ਗਿਆ ਹੈ।**ਸਾਰੀ ਸ੍ਰਿਸ਼ਟੀ ਅਕਾਲ ਪੁਰਖ ਦੇ ਖ਼ਾਸ ਨਿਯਮਾਂ ਵਿਚ ਚੱਲ ਰਹੀ ਹੈ। ਇਹਨਾਂ ਨਿਯਮਾਂ ਦਾ ਨਾਮ ਸਤਿਗੁਰੂ ਜੀ ਨੇ 'ਹੁਕਮ' ਰੱਖਿਆ ਹੈ। ਉਹ ਨਿਯਮ ਇਹ ਹਨ ਕਿ ਮਨੁੱਖ ਜਿਹੋ ਜਿਹਾ ਕਰਮ ਕਰਦਾ ਹੈ, ਤਿਹੋ ਜਿਹਾ ਫਲ ਪਾਂਦਾ ਹੈ। ਉਸ ਦੇ ਆਪਣੇ ਧੁਰ ਅੰਦਰ ਉਹੋ ਜਿਹੇ ਹੀ ਚੰਗੇ-ਮੰਦੇ ਸੰਸਕਾਰ ਬਣ ਜਾਂਦੇ ਹਨ ਅਤੇ ਉਹਨਾਂ ਦੇ ਅਨੁਸਾਰ ਹੀ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ, ਜਾਂ ਅਕਾਲ ਪੁਰਖ ਦੀ ਰਜ਼ਾ ਵਿਚ ਤੁਰ ਕੇ ਆਪਣਾ ਜਨਮ ਸਫਲ ਕਰ ਲੈਂਦਾ ਹੈ ।**

**ਉਚਾਰਨ ਪਾਠ:-** (1) 'ਉਤਰਸੁ ਖੇਹ' ਨੂੰ 'ਉਤਰ ਸੁ ਖੇਹ' ਪੜ੍ਹਨਾ ਅਸ਼ੁੱਧ ਹੈ। (2) ਨਾਵੈਂ, ਨਾਹਿੰ, ਹੁਕਮੀਂ, ਪਾਪਾਂ, ਆਦਿ ਸ਼ਬਦ ਬਿੰਦੀ ਸਹਿਤ ਉਚਾਰਨੇ ਹਨ। (3) 'ਸਾਬੂਣੁ' ਦਾ ਉਚਾਰਨ 'ਸਾਬਣ' ਕਰਨਾ ਅਸ਼ੁੱਧ ਹੈ।(4) 'ਜਾਹੁ' ਅਤੇ 'ਖਾਹੁ' ਕ੍ਰਿਆਵਾਚੀ ਸ਼ਬਦਾਂ ਦੇ ਹਾਹੇ ਨੂੰ ਲੱਗਾ ਔਂਕੜ ਉਚਾਰਨਾ ਹੈ। ਉਚਾਰਨ ਜਾਹੋ ਤੇ ਖਾਹੋ ਹੋੜੇ ਦੀ ਹਲਕੀ ਆਵਾਜ਼ ਨਾਲ ਹੋਵੇਗਾ।

# ਵੀਹਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

**"ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥**
**ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥**
**ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥"**

ਇਸ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਸਾਨੂੰ ਸਮਝਾਉਂਦੇ ਹਨ ਕਿ ਜੇ ਸਰੀਰ ਤੇ ਮਿੱਟੀ ਲੱਗ ਜਾਏ ਤਾਂ ਅਸੀਂ ਪਾਣੀ ਪਾ ਕੇ ਸਾਫ਼ ਕਰ ਲੈਂਦੇ ਹਾਂ ਅਤੇ ਜੇਕਰ ਸਾਡੇ ਕੱਪੜੇ ਮਲ ਮੂਤਰ ਨਾਲ ਅਪਵਿੱਤਰ ਹੋ ਜਾਣ ਤਾਂ ਅਸੀਂ ਉਨ੍ਹਾਂ ਨੂੰ ਸਾਬੁਣ ਲਾ ਕੇ ਧੋ ਲੈਂਦੇ ਹਾਂ। ਫਿਰ ਇਸ ਤੋਂ ਬਾਅਦ ਗੁਰੂ ਜੀ ਫੁਰਮਾਉਂਦੇ ਹਨ ਕਿ ਸਾਡੀ ਮੱਤ ਵੀ ਕਈ ਜਨਮਾਂ ਤੋਂ ਮੈਲੀ ਹੋ ਚੁੱਕੀ ਹੈ ਯਥਾ "**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥ ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥**" **(ਅੰਗ: 651)**

ਫਿਰ ਸਵਾਲ ਪੈਦਾ ਹੁੰਦਾ ਹੈ ਕਿ ਮਨ ਤੋਂ ਮੈਲ ਨੂੰ ਕਿਵੇਂ ਉਤਾਰਿਆ ਜਾਵੇ ਤਾਂ ਇਸਦੇ ਜੁਆਬ ਵਿਚ **ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਮਨ ਨੂੰ ਸਾਫ਼ ਕਰਨ ਦਾ ਕੇਵਲ ਤੇ ਕੇਵਲ ਇਕ ਹੀ ਤਰੀਕਾ ਹੈ ਅਤੇ ਉਹ ਹੈ-ਪਰਮੇਸ਼ਰ ਦੇ ਨਾਮ ਨੂੰ ਭਿੱਜ ਕੇ ਜਪਣਾ, ਸਮਝਣਾ, ਵੀਚਾਰ ਕਰਕੇ ਜੀਵਨ ਵਿਚ ਉਤਾਰਨਾ।**

**ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਸੀਂ ਨਾਮ ਤਾਂ ਜਪਦੇ ਹਾਂ ਪਰ ਤਾਂ ਵੀ ਸਾਡੇ ਮਨ ਤੋਂ ਮੈਲ ਨਹੀਂ ਉਤਰਦੀ** ਤਾਂ ਇਸਦਾ ਜੁਆਬ ਹੈ ਕਿ ਅਸੀਂ ਨਾਮ ਨੂੰ ਪ੍ਰੇਮ ਨਾਲ ਨਹੀਂ ਜਪਦੇ ਅਤੇ ਨਾ ਹੀ ਉਸ ਦੀ ਵੀਚਾਰ ਦੇ ਅਨੁਸਾਰ ਜੀਵਨ ਬਣਾਉਂਦੇ ਹਾਂ। ਇਕ ਗੱਲ ਯਾਦ ਰੱਖਣੀ ਪਏਗੀ ਕਿ ਜਿਵੇਂ ਕੱਪੜਾ ਇਕੱਲੇ ਸਾਬੁਣ ਲਗਾਉਣ ਨਾਲ ਸਾਫ਼ ਨਹੀਂ ਕੀਤਾ ਜਾ ਸਕਦਾ, ਸਾਬੁਣ ਦੇ ਨਾਲ ਸਾਨੂੰ ਪਾਣੀ ਦੀ ਜ਼ਰੂਰਤ ਪੈਂਦੀ ਹੈ **ਉਸੇ ਹੀ ਤਰ੍ਹਾਂ ਮਨ ਦੀ ਮੈਲ ਉਤਾਰਨ ਦੇ ਲਈ ਨਾਮ ਦੇ ਨਾਲ ਪ੍ਰੀਤ ਵੀ ਅਤਿ ਜ਼ਰੂਰੀ ਹੈ ਤੇ ਪ੍ਰਤੀਤ ਵੀ।**

## ਦੂਜੀ ਸਿੱਖਿਆ

"**ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥**
**ਆਪੇ ਬੀਜਿ ਆਪੇ ਹੀ ਖਾਹੁ॥**"

'ਪੁੰਨੀ' ਤੇ 'ਪਾਪੀ' ਮੂੰਹ ਜ਼ਬਾਨੀ ਕਹਿਣ ਨਾਲ ਨਹੀਂ ਬਣਦੇ ਸਗੋਂ ਬਾਰੰ ਬਾਰ ਕੀਤੇ ਹੋਏ ਕਰਮ ਜਦੋਂ ਦਿਲ ਉਤੇ ਉਕਰ ਜਾਂਦੇ ਹਨ ਤਾਂ ਉਹ ਸਾਡੇ ਮਨ ਤੇ ਹੌਲੀ ਹੌਲੀ ਕਰਕੇ ਪ੍ਰਭਾਵ ਪਾਂਦੇ ਰਹਿੰਦੇ ਹਨ ਜਿਸ ਦਾ ਸਦਕਾ ਕੋਈ ਬੰਦਾ ਪੁੰਨੀ ਤੇ ਕੋਈ ਪਾਪੀ ਬਣ ਜਾਂਦਾ ਹੈ।

ਇਸ ਲਈ ਸਾਨੂੰ ਸਾਰੇ ਕੰਮ ਬਹੁਤ ਸੋਚ ਵਿਚਾਰ ਕੇ ਧਿਆਨ ਨਾਲ ਕਰਨੇ

ਚਾਹੀਦੇ ਹਨ ਕਿਉਂਕਿ ਉਸ ਕੀਤੇ ਹੋਏ ਕੰਮ ਦਾ ਨਤੀਜਾ ਵੀ ਸਾਨੂੰ ਹੀ ਭੋਗਣਾ ਪੈਂਦਾ ਹੈ । ਅਸੀਂ ਜੋ ਬੀਜਾਂਗੇ ਉਹੀ ਸਾਨੂੰ ਖਾਣਾ ਪੈਂਦਾ ਹੈ-

**"ਆਪੇ ਬੀਜਿ ਆਪੇ ਹੀ ਖਾਹੁ॥"**

ਇਸ ਸੰਬੰਧ ਵਿਚ ਹੇਠ ਲਿਖੇ ਗੁਰਬਾਣੀ ਦੇ ਫੁਰਮਾਣ ਵੀ ਇਸ ਗੱਲ ਨੂੰ ਦ੍ਰਿੜ ਕਰਵਾਉਂਦੇ ਹਨ ਕਿ ਬੰਦਾ ਜੋ ਬੀਜਦਾ ਹੈ ਉਸ ਨੂੰ ਉਹੀ ਭੋਗਣਾ ਪੈਂਦਾ ਹੈ

**"ਅਜੈ ਸੁ ਰੋਵੈ ਭੀਖਿਆ ਖਾਇ ॥"**

**(ਅੰਗ:953)**

**ਭਾਵ:** ਮਿਥਿਹਾਸਿਕ ਗਾਥਾ ਅਨੁਸਾਰ ਰਾਜਾ ਅਜੈ ਜੋ ਕਿ ਸ੍ਰੀ ਰਾਮ ਚੰਦ੍ਰ ਦਾ ਦਾਦਾ ਸੀ ਨੇ ਇਕ ਸਾਧੂ ਨੂੰ ਭਿੱਖਿਆ ਵਿਚ ਲਿੱਦ ਦਿੱਤੀ ਸੀ, ਜੋ ਪਿਛੋਂ ਉਸਨੂੰ ਖਾਣੀ ਪਈ। ਰਾਜਾ ਅਜੈ ਰੋਇਆ ਜਦੋਂ ਉਸਨੂੰ ਭਿੱਖਿਆ ਵਿਚ ਲਿੱਦ ਖਾਣੀ ਪਈ।

**"ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥"** **(ਅੰਗ:134)**

**ਭਾਵ**: ਇਹ ਸਰੀਰ ਮਨੁੱਖ ਦੇ ਕੀਤੇ ਕਰਮਾਂ ਦਾ ਖੇਤ ਹੈ, ਜੋ ਕੁਝ ਮਨੁੱਖ ਇਸ ਵਿਚ ਬੀਜਦਾ ਹੈ ਉਹੀ ਫਸਲ ਵੱਢਦਾ ਹੈ ਅਰਥਾਤ ਜੇਹੇ ਕਰਮ ਕਰਦਾ ਹੈ ਤੇਹੇ ਫਲ ਪਾਂਦਾ ਹੈ।

# ਇੱਕੀਵੀਂ ਪਉੜੀ

**ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥**
**ਸੁਣਿਆ ਮੰਨਿਆ ਮਨਿ ਕੀਤਾ ਭਾਉ॥**
**ਅੰਤਰਗਤਿ ਤੀਰਥਿ ਮਲਿ ਨਾਉ॥**
**ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥**
**ਸੁਅਸਤਿ ਆਥਿ ਬਾਣੀ ਬਰਮਾਉ॥**
**ਸਤਿ ਸੁਹਾਣੁ ਸਦਾ ਮਨਿ ਚਾਉ॥**
**ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥**
**ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥**
**ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥**
**ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥**
**ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥**
**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥**
**ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥**
**ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ॥**
**ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ॥**
**ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥੨੧॥**

**ਪਦ-ਅਰਥ:- ਜੇ ਕੋ ਪਾਵੈ**-ਜੇ ਕੋਈ ਮਨੁੱਖ ਪ੍ਰਾਪਤ ਕਰੇ। **ਤਿਲ ਕਾ**-ਤਿਲ ਮਾਤਰ। **ਦਤੁ**-ਦਿੱਤਾ ਹੋਇਆ।**ਸੁਣਿਆ**-ਜਿਸ ਮਨੁੱਖ ਨੇ ਅਕਾਲ ਪੁਰਖ ਦਾ ਨਾਮ ਸੁਣ ਲਿਆ ਹੈ।। **ਮੰਨਿਆ**-ਜਿਸ ਦਾ ਮਨ ਉਸ ਨਾਮ ਨੂੰ ਸੁਣ ਕੇ ਮੰਨ ਗਿਆ ਹੈ। **ਕੀਤਾ ਭਾਉ** -ਜਿਸ ਨੇ ਪ੍ਰੇਮ ਕੀਤਾ ਹੈ।**ਅੰਤਰਗਤਿ ਤੀਰਥਿ**-ਅੰਦਰਲੇ ਤੀਰਥ ਉੱਤੇ। **ਮਲਿ**-ਮਲ ਮਲ ਕੇ । **ਨਾਉ**-ਇਸ਼ਨਾਨ ਕੀਤਾ ਹੈ।**ਸਭਿ**-ਸਾਰੇ। **ਮੈ ਨਾਹੀ ਕੋਇ**-ਮੇਰੀ ਕੋਈ ਪਾਂਇਆਂ ਨਹੀਂ ਹੈ। **ਵਿਣੁ ਗੁਣ ਕੀਤੇ**-ਜੇ ਤੂੰ ਆਪਣੇ ਗੁਣ ਮੇਰੇ ਵਿਚ ਉਤਪੰਨ ਨਾ ਕਰੇਂ।**ਸੁਅਸਤਿ**- ਤੂੰ ਸਦਾ ਅਟੱਲ ਰਹੇਂ। **ਬਰਮਾਉ**-ਬ੍ਰਹਮਾ। **ਸਤਿ**-ਸਦਾ-ਥਿਰ। **ਸੁਹਾਣੁ**-ਸੋਹਣਾ। **ਮਨਿ ਚਾਉ**-ਮਨ ਵਿਚ ਖਿੜਾਉ। **ਵੇਲ ਨ ਪਾਈਆ**-ਸਮਾਂ ਨਾ ਲੱਭਾ। **ਪੰਡਤੀ**-ਪੰਡਤਾਂ ਨੇ। **ਜਿ**-ਨਹੀਂ ਤਾਂ।**ਲੇਖੁ**-ਮਜ਼ਮੂਨ। **ਲੇਖੁ ਪੁਰਾਣੁ**- ਇਸ ਲੇਖ ਵਾਲਾ ਪੁਰਾਣ। **ਨ ਪਾਇਓ**-ਨਾ ਲੱਭਾ। **ਕਾਦੀਆ**-ਕਾਜ਼ੀਆਂ ਨੇ। **ਲਿਖਨਿ**-(ਕਾਜ਼ੀ) ਲਿਖ ਦੇਂਦੇ। **ਲੇਖੁ ਕੁਰਾਣੁ**-ਕੁਰਾਨ ਵਰਗਾ ਲੇਖ । **ਜਾ ਕਰਤਾ**-ਜਿਹੜਾ ਕਰਤਾ। **ਸਿਰਠੀ ਕਉ**-ਜਗਤ ਨੂੰ। **ਸਾਜੇ**-ਪੈਦਾ ਕਰਦਾ ਹੈ। **ਆਪੇ ਸੋਈ**-ਉਹ ਆਪ ਹੀ। **ਕਿਵ ਕਰਿ**-ਕਿਸ ਤਰ੍ਹਾਂ? **ਆਖਾ**-ਮੈਂ ਆਖਾਂ। **ਸਾਲਾਹੀ**-ਮੈਂ ਅਕਾਲ ਪੁਰਖ ਦੀ ਵਡਿਆਈ ਕਰਾਂ।**ਵਰਨੀ**-ਮੈਂ ਵਰਣਨ ਕਰਾਂ। **ਸਭੁ ਕੋ**-ਹਰੇਕ ਜੀਵ। **ਆਖਣਿ ਆਖੈ**-ਆਖਣ ਨੂੰ ਤਾਂ ਆਖਦਾ ਹੈ। **ਇਕ ਦੂ ਇਕੁ ਸਿਆਣਾ**-ਇਕ ਦੂਜੇ ਤੋਂ ਸਿਆਣਾ ਬਣ ਬਣ ਕੇ।

**ਦੂ**-ਤੋਂ। **ਸਾਹਿਬੁ**-ਮਾਲਕ, ਅਕਾਲ ਪੁਰਖ। **ਨਾਈ**-ਵਡਿਆਈ। **ਕੀਤਾ ਜਾ ਕਾ ਹੋਵੈ**-ਜਿਸ ਹਰੀ ਦਾ ਸਭ ਕੁਝ ਕੀਤਾ ਹੁੰਦਾ ਹੈ। **ਜੇ ਕੋ**-ਜੇ ਕੋਈ ਮਨੁੱਖ। **ਆਪੌ**-ਆਪਣੀ ਅਕਲ ਦੇ ਬਲ ਤੋਂ। **ਨ ਸੋਹੈ**-ਸੋਭਦਾ ਨਹੀਂ। **ਅਗੈ ਗਇਆ**-ਅਕਾਲ ਪੁਰਖ ਦੇ ਦਰ 'ਤੇ ਜਾ ਕੇ।੨੧।

**ਅਰਥ:-** ਤੀਰਥ ਯਾਤਰਾ, ਤਪਾਂ ਦੀ ਸਾਧਨਾ, ਜੀਆਂ ਤੇ ਦਇਆ ਕਰਨੀ, ਦਿੱਤਾ ਹੋਇਆ ਦਾਨ-ਇਹਨਾਂ ਕਰਮਾਂ ਦੇ ਵੱਟੇ ਜੇ ਕਿਸੇ ਮਨੁੱਖ ਨੂੰ ਕੋਈ ਵਡਿਆਈ ਮਿਲ ਭੀ ਜਾਏ, ਤਾਂ ਰੱਤਾ-ਮਾਤਰ ਹੀ ਮਿਲਦੀ ਹੈ। ਪਰ ਜਿਸ ਮਨੁੱਖ ਨੇ ਅਕਾਲ ਪੁਰਖ ਦੇ ਨਾਮ ਵਿਚ ਸੁਰਤ ਜੋੜੀ ਹੈ, ਜਿਸ ਦਾ ਮਨ ਨਾਮ ਵਿਚ ਪਤੀਜ ਗਿਆ ਹੈ ਅਤੇ ਜਿਸ ਨੇ ਆਪਣੇ ਮਨ ਵਿਚ ਅਕਾਲ ਪੁਰਖ ਦਾ ਪਿਆਰ ਜਮਾਇਆ ਹੈ, ਉਸ ਮਨੁੱਖ ਨੇ ਮਾਨੋ ਆਪਣੇ ਅੰਦਰਲੇ ਤੀਰਥ ਵਿਚ ਮਲ ਮਲ ਕੇ ਇਸ਼ਨਾਨ ਕਰ ਲਿਆ ਹੈ ਭਾਵ, ਉਸ ਮਨੁੱਖ ਨੇ ਆਪਣੇ ਅੰਦਰ ਵੱਸ ਰਹੇ ਅਕਾਲ ਪੁਰਖ ਵਿਚ ਜੁੜ ਕੇ ਚੰਗੀ ਤਰ੍ਹਾਂ ਆਪਣੇ ਮਨ ਦੀ ਮੈਲ ਲਾਹ ਲਈ ਹੈ।

ਹੇ ਅਕਾਲ ਪੁਰਖ! ਜੇ ਤੂੰ ਆਪ ਆਪਣੇ ਗੁਣ ਮੇਰੇ ਵਿਚ ਪੈਦਾ ਨਾਹ ਕਰੇਂ ਤਾਂ ਮੈਥੋਂ ਤੇਰੀ ਭਗਤੀ ਨਹੀਂ ਹੋ ਸਕਦੀ। ਮੇਰੀ ਕੋਈ ਪਾਂਇਆਂ ਨਹੀਂ ਕਿ ਮੈਂ ਤੇਰੇ ਗੁਣ ਗਾ ਸਕਾਂ, ਇਹ ਸਭ ਤੇਰੀਆਂ ਹੀ ਵਡਿਆਈਆਂ ਹਨ। ਹੇ ਨਿਰੰਕਾਰ! ਤੇਰੀ ਸਦਾ ਜੈ ਹੋਵੇ! ਤੂੰ ਆਪ ਹੀ ਮਾਇਆ ਹੈਂ, ਤੂੰ ਆਪ ਹੀ ਬਾਣੀ ਹੈਂ, ਤੂੰ ਆਪ ਹੀ ਬ੍ਰਹਮਾ ਹੈਂ ਭਾਵ, ਇਸ ਸ੍ਰਿਸ਼ਟੀ ਨੂੰ ਬਣਾਨ ਵਾਲੇ ਮਾਇਆ, ਬਾਣੀ ਜਾਂ ਬ੍ਰਹਮਾ ਤੈਥੋਂ ਵੱਖਰੀ ਹਸਤੀ ਵਾਲੇ ਨਹੀਂ ਹਨ, ਜੋ ਲੋਕਾਂ ਨੇ ਮੰਨ ਰੱਖੇ ਹਨ, ਤੂੰ ਸਦਾ-ਥਿਰ ਹੈਂ, ਸੋਹਣਾ ਹੈਂ, ਤੇਰੇ ਮਨ ਵਿਚ ਸਦਾ ਖਿੜਾਉ ਹੈ, ਤੂੰ ਹੀ ਜਗਤ ਰਚਣ ਵਾਲਾ ਹੈਂ, ਤੈਨੂੰ ਹੀ ਪਤਾ ਹੈ ਤੂੰ ਕਦੋਂ ਬਣਾਇਆ। ਕਿਹੜਾ ਉਹ ਵੇਲਾ ਤੇ ਵਕਤ ਸੀ, ਕਿਹੜੀ ਥਿਤ ਸੀ, ਕਿਹੜਾ ਦਿਨ ਸੀ, ਕਿਹੜੀਆਂ ਉਹ ਰੁੱਤਾਂ ਸਨ ਅਤੇ ਕਿਹੜਾ ਉਹ ਮਹੀਨਾ ਸੀ, ਜਦੋਂ ਇਹ ਸੰਸਾਰ ਬਣਿਆ ਸੀ।

ਕਦੋਂ ਇਹ ਸੰਸਾਰ ਬਣਿਆ? ਉਸ ਸਮੇਂ ਦਾ ਪੰਡਤਾਂ ਨੂੰ ਭੀ ਪਤਾ ਨਾਹ ਲੱਗਾ ਨਹੀ ਤਾਂ ਉਨ੍ਹਾਂ ਨੇ ਵੀ ਇਸ ਮਜ਼ਮੂਨ ਉੱਤੇ ਇਕ ਪੁਰਾਣ ਲਿਖਿਆ ਹੁੰਦਾ । ਉਸ ਸਮੇਂ ਦੀ ਕਾਜ਼ੀਆਂ ਨੂੰ ਖ਼ਬਰ ਨਾਹ ਲੱਗ ਸਕੀ, ਨਹੀਂ ਤਾਂ ਉਹ ਲੇਖ ਲਿਖ ਦੇਂਦੇ ਜਿਵੇਂ ਉਹਨਾਂ ਆਇਤਾਂ ਇਕੱਠੀਆਂ ਕਰ ਕੇ ਕੁਰਾਨ ਲਿਖਿਆ ਸੀ।

ਜਦੋਂ ਜਗਤ ਬਣਿਆ ਸੀ ਤਦੋਂ ਕਿਹੜੀ ਥਿੱਤ ਸੀ, ਕਿਹੜਾ ਵਾਰ ਸੀ, ਇਹ ਗੱਲ ਕੋਈ ਜੋਗੀ ਭੀ ਨਹੀਂ ਜਾਣਦਾ। ਕੋਈ ਮਨੁੱਖ ਨਹੀਂ ਦੱਸ ਨਹੀਂ ਸਕਦਾ ਕਿ ਤਦੋਂ ਕਿਹੜੀ ਰੁੱਤ ਸੀ ਅਤੇ ਕਿਹੜਾ ਮਹੀਨਾ ਸੀ। ਜੋ ਸਿਰਜਣਹਾਰ ਇਸ ਜਗਤ ਨੂੰ ਪੈਦਾ ਕਰਦਾ ਹੈ, ਉਹ ਆਪ ਹੀ ਜਾਣਦਾ ਹੈ ਕਿ ਜਗਤ ਕਦੋਂ ਰਚਿਆ।

ਮੈਂ ਕਿਸ ਤਰ੍ਹਾਂ ਅਕਾਲ ਪੁਰਖ ਦੀ ਵਡਿਆਈ ਦੱਸਾਂ, ਕਿਸ ਤਰ੍ਹਾਂ ਅਕਾਲ ਪੁਰਖ ਦੀ ਸਿਫਤਿ-ਸਾਲਾਹ ਕਰਾਂ, ਕਿਸ ਤਰ੍ਹਾਂ ਅਕਾਲ ਪੁਰਖ ਦੀ ਵਡਿਆਈ ਵਰਣਨ ਕਰਾਂ ਅਤੇ ਕਿਸ ਤਰ੍ਹਾਂ ਸਮਝ ਸਕਾਂ? ਹੇ ਨਾਨਕ! ਹਰੇਕ ਜੀਵ ਆਪਣੇ ਆਪ ਨੂੰ ਦੂਜੇ ਨਾਲੋਂ ਸਿਆਣਾ ਸਮਝ ਕੇ ਅਕਾਲ ਪੁਰਖ ਦੀ ਵਡਿਆਈ ਦੱਸਣ ਦਾ ਜਤਨ ਕਰਦਾ ਹੈ, ਪਰ ਦੱਸ ਨਹੀਂ ਸਕਦਾ।

ਅਕਾਲ ਪੁਰਖ ਸਭ ਤੋਂ ਵੱਡਾ ਹੈ, ਉਸ ਦੀ ਵਡਿਆਈ ਉੱਚੀ ਹੈ। ਜੋ ਕੁਝ ਜਗਤ ਵਿਚ ਹੋ ਰਿਹਾ ਹੈ, ਉਸੇ ਦਾ ਕੀਤਾ ਹੋ ਰਿਹਾ ਹੈ। ਹੇ ਨਾਨਕ! ਜੇ ਕੋਈ ਮਨੁੱਖ ਆਪਣੀ ਅਕਲ ਦੇ ਆਸਰੇ ਪ੍ਰਭੂ ਦੀ ਵਡਿਆਈ ਦਾ ਅੰਤ ਪਾਣ ਦਾ ਜਤਨ ਕਰੇ, ਉਹ ਅਕਾਲ ਪੁਰਖ ਦੇ ਦਰ 'ਤੇ ਜਾ ਕੇ ਆਦਰ ਨਹੀਂ ਪਾਂਦਾ ।21।

**ਨੋਟ:-**ਲਫ਼ਜ਼ 'ਕਾਦੀਆਂ' ਪਦ-ਅਰਥ ਵਿਚ ਸਮਝਾਇਆ ਜਾ ਚੁੱਕਾ ਹੈ। ਲਫ਼ਜ਼

'ਵਖਤੁ' ਅਰਬੀ ਦਾ ਲਫ਼ਜ਼ 'ਵਕਤ' ਹੈ। ਹਿੰਦੂਆਂ ਦਾ ਜ਼ਿਕਰ ਕਰਦਿਆਂ ਲਫ਼ਜ਼ 'ਵੇਲਾ' ਵਰਤਿਆ ਹੈ। ਮੁਸਲਮਾਨਾਂ ਦੇ ਜ਼ਿਕਰ ਵਿਚ ਮੁਸਲਮਾਣੀ ਲਫ਼ਜ਼ 'ਵਕਤ' ਦਾ ਪੰਜਾਬੀ 'ਵਖਤੁ' ਵਰਤਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਕਿਤੇ ਭੀ ਇਹ ਲਫ਼ਜ ਆਇਆ ਹੈ, ਇਸ ਦਾ ਅਰਥ ਸਦਾ 'ਸਮਾਂ' ਹੀ ਹੈ । ਜਿਵੇਂ:-'ਜੇ ਵੇਲਾ ਵਖਤੁ ਵੀਚਾਰੀਐ, ਤਾ ਕਿਤੁ ਵੇਲਾ ਭਗਤਿ ਹੋਇ॥' 'ਇਕਨਾ ਵਖਤ ਖੁਆਈਅਹਿ, ਇਕਨ੍ਾ ਪੂਜਾ ਜਾਇ॥'

**ਉਚਾਰਨ ਪਾਠ:-** (1) 'ਤਿਲ ਕਾ ਮਾਨੁ' ਨੂੰ 'ਤਿਲਕਾ ਮਾਨੁ' ਪੜ੍ਹਨਾ ਅਸ਼ੁੱਧ ਹੈ। 'ਅੰਤਰਗਤਿ' ਸ਼ਬਦ ਨੂੰ ਅੰਤਰ ਗਤਿ ਵੱਖਰਾ ਵੱਖਰਾ ਉਚਾਰਨ ਨਹੀਂ ਕਰਨਾ।

(2) ਪੰਡਤੀਂ, ਕਾਦੀਆਂ, ਆਖਾਂ, ਸਾਲਾਹੀਂ, ਨਾਈਂ, ਗਇਆਂ ਆਦਿ ਸ਼ਬਦ ਬਿੰਦੀ ਸਹਿਤ ਉਚਾਰਨ ਕਰਨੇ ਹਨ।

(3) ਸ਼ਬਦ 'ਨਾਉ' ਦੇ ਨੰਨੇ ਅੱਖਰ ਵਿਚ ਪੈਰ ਵਾਲਾ ਅੱਧਾ ਹਾਹਾ ਲੁਪਤ ਹੈ ਇਸ ਲਈ ਇਸ ਦਾ ਉਚਾਰਨ **ਨ੍ਹਾਉ** ਕਰਨਾ ਹੈ।

(4) 'ਮਾਹੁ' ਸ਼ਬਦ ਦਾ ਉਚਾਰਨ **'ਮਾਹ'** ਕਰਨਾ ਹੈ, ਮਾਹੋ ਨਹੀਂ। ਹਾਹੇ ਨੂੰ ਲੱਗੀ ਔਂਕੜ ਕੇਵਲ ਇਕ ਵਚਨ ਦੀ ਲਖਾਇਕ ਹੈ।

(5) ਸਿਰਠੀ ਦਾ ਉਚਾਰਨ 'ਸ੍ਰਿਸ਼ਟੀ' ਨਹੀਂ ਕਰਨਾ।

# ਇੱਕੀਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

**"ਤੀਰਥੁ ਤਪੁ ਦਇਆ ਦਤੁ ਦਾਨੁ॥**
**ਜੇ ਕੋ ਪਾਵੈ ਤਿਲ ਕਾ ਮਾਨੁ॥**
**ਸੁਣਿਆ ਮੰਨਿਆ ਮਨਿ ਕੀਤਾ ਭਾਉ॥**
**ਅੰਤਰਗਤਿ ਤੀਰਥਿ ਮਲਿ ਨਾਉ॥"**

ਸਤਿਗੁਰੂ ਜੀ ਇਸ ਪਉੜੀ ਵਿਚ ਫੁਰਮਾਉਂਦੇ ਹਨ ਕਿ ਕਰਮ-ਕਾਂਡਾਂ ਦੇ ਅਧੀਨ ਕੀਤੇ ਹੋਏ ਤੀਰਥ, ਤਪੱਸਿਆ, ਰਹਿਮ ਅਤੇ ਗਰੀਬਾਂ ਨੂੰ ਦਾਨ ਦੇਣ ਨਾਲ ਕਿਸੇ ਬੰਦੇ ਨੂੰ ਥੋੜ੍ਹਾ ਜਿਹਾ ਮਾਣ ਤਾਂ ਮਿਲ ਸਕਦਾ ਹੈ ਪਰ ਇਸਦੇ ਨਾਲ ਉਸ ਦੇ ਮਨ ਦੀ ਮੈਲ ਲੱਥ ਨਹੀਂ ਸਕਦੀ ।

**ਤਾਂ ਫਿਰ ਸੁਆਲ ਪੈਦਾ ਹੁੰਦਾ ਹੈ ਕਿ ਮਨ ਦੀ ਮੈਲ ਉਤਾਰਨ ਦਾ ਕੀ ਤਰੀਕਾ ਹੈ ?** ਇਸਦੇ ਜਵਾਬ ਵਿਚ ਗੁਰੂ ਸਾਹਿਬ ਨੇ ਸਾਨੂੰ ਤਿੰਨ ਅਵਸਥਾਵਾਂ ਦੱਸੀਆਂ ਹਨ।

**ਪਹਿਲੀ–** ਜਿੰਨੀ ਬਾਣੀ ਪੜ੍ਹਣੀ ਹੈ ਉਸਨੂੰ ਧਿਆਨ ਨਾਲ ਸੁਣਨਾ ਤੇ ਵਿਚਾਰਨਾ।
**ਦੂਜੀ –** ਸੁਣ ਕੇ, ਸਮਝ ਕੇ, ਵਿਚਾਰੀ ਹੋਈ ਬਾਣੀ ਦਾ ਮੰਨਣ ਕਰਨਾ।
**ਤੀਜੀ –** ਸੁਣ ਕੇ, ਸਮਝ ਕੇ, ਵਿਚਾਰ ਕੇ, ਬਾਣੀ ਦਾ ਮੰਨਣ ਕਰਨ ਲਗਿਆਂ ਉਸਨੂੰ ਪ੍ਰੇਮ, ਪ੍ਰੀਤਿ ਅਤੇ ਪ੍ਰਤੀਤ ਨਾਲ ਜੀਵਨ ਵਿਚ ਕਮਾਉਣਾ। ਜਿਸ ਨੇ ਇੰਝ ਕਮਾਈ ਕੀਤੀ ਹੈ ਉਸ ਮਨੁੱਖ ਨੇ ਜਾਣੋ ਆਪਣੇ ਅੰਦਰ ਵੱਸਦੇ ਅਕਾਲ ਪੁਰਖੁ ਰੂਪੀ ਤੀਰਥ ਅਸਥਾਨ ਤੇ ਇਸ਼ਨਾਨ ਕਰਕੇ ਮਨ ਦੀ ਮੈਲ ਲਾਹ ਲਈ ਹੈ।

**ਅਸੀਂ ਇਸ ਤੋਂ ਇਹ ਸਿੱਖਿਆ ਲੈਣੀ ਹੈ ਕਿ** ਜੇ ਕੋਈ ਵੀ ਮਨੁੱਖ ਉਪਰ ਲਿਖੀਆਂ ਤਿੰਨ ਅਵਸਥਾਵਾਂ ਨੂੰ ਜੀਵਨ ਵਿਚ ਕਮਾ ਲੈਂਦਾ ਹੈ ਤਾਂ ਫਿਰ ਉਹ ਆਪਣੇ ਅੰਦਰ ਵੱਸ ਰਹੇ ਅਕਾਲ ਪੁਰਖ ਵਿਚ ਜੁੜ ਕੇ ਚੰਗੀ ਤਰ੍ਹਾਂ ਆਪਣੇ ਮਨ ਦੀ ਮੈਲ ਲਾਹ ਲੈਂਦਾ ਹੈ ।

## ਦੂਜੀ ਸਿੱਖਿਆ

**"ਸਭਿ ਗੁਣ ਤੇਰੇ ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥"**

ਗੁਰਦੇਵ ਪਿਤਾ ਵਿਚ ਗੁਣਾਂ ਦੇ ਭੰਡਾਰ ਹੋਣ ਦੇ ਬਾਵਜੂਦ ਇਤਨੀ ਜ਼ਿਆਦਾ ਨਿਮਰਤਾ ਹੈ ਕਿ ਉਹ ਫੁਰਮਾਉਂਦੇ ਹਨ ਕਿ ਮੇਰੀ ਕੋਈ ਪਾਂਇਆ ਨਹੀਂ ਕਿ ਮੈਂ ਤੇਰੇ ਗੁਣ ਗਾ ਸਕਾਂ। ਇਹ ਸਭ ਤੇਰੀਆਂ ਹੀ ਵਡਿਆਈਆਂ ਹਨ । ਹੇ ਅਕਾਲ ਪੁਰਖ ! ਜੇ ਤੂੰ ਆਪ ਆਪਣੇ ਗੁਣ ਮੇਰੇ ਵਿਚ ਪੈਦਾ ਨਾ ਕਰੇਂ ਤਾਂ ਮੈਥੋਂ ਤੇਰੀ ਭਗਤੀ ਨਹੀਂ ਹੋ ਸਕਦੀ।

**ਉਪਰ ਲਿਖੀਆਂ ਪੰਕਤੀਆਂ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਗਰ ਸਾਡੇ

ਵਿਚ ਅਨੇਕਾਂ ਗੁਣਾਂ ਦੇ ਭੰਡਾਰ ਅਤੇ ਪ੍ਰੇਮਾ ਭਗਤੀ ਵਾਲੇ ਗੁਣ ਪੈਦਾ ਹੋ ਵੀ ਜਾਣ ਤਾਂ ਵੀ ਅਸੀਂ ਨਿਮਰਤਾ ਵਿਚ ਹੀ ਰਹਿਣਾ ਹੈ ਅਤੇ ਹਉਮੈ ਨਹੀਂ ਕਰਨੀ। ਕਦੇ ਕੋਈ ਬੰਦਾ ਸਾਡੇ ਗੁਣਾਂ ਦੀ ਤਾਰੀਫ਼ ਕਰੇ ਤਾਂ ਸਾਡੇ ਮੂੰਹੋਂ ਇਹੀ ਨਿਕਲਣਾ ਚਾਹੀਦਾ ਹੈ ਕਿ :

"**ਮੈ ਨਿਰਗੁਨ ਗੁਣੁ ਨਾਹੀ ਕੋਇ॥**
**ਕਰਨ ਕਰਾਵਨਹਾਰ ਪ੍ਰਭ ਸੋਇ॥**" **(ਅੰਗ: 388)**

## ਤੀਜੀ ਸਿੱਖਿਆ

"**ਸੁਅਸਤਿ ਆਥਿ ਬਾਣੀ ਬਰਮਾਉ॥ ਸਤਿ ਸੁਹਾਣੁ ਸਦਾ ਮਨਿ ਚਾਉ॥**"

ਇਸ ਪਉੜੀ ਵਿਚ ਪਰਮਾਤਮਾ ਦੀ ਸਿਫਤਿ ਸਾਲਾਹ ਕਰਦਿਆਂ ਹੋਇਆਂ ਗੁਰਦੇਵ ਪਿਤਾ ਨੇ ਫੁਰਮਾਇਆ ਹੈ ਕਿ ਹੇ ਪਰਮਾਤਮਾ ! ਤੇਰੀ ਸਦਾ ਹੀ ਜੈ ਹੋਵੇ, ਤੈਨੂੰ ਮੇਰੀ ਨਮਸਕਾਰ ਹੈ, ਤੂੰ ਆਪ ਹੀ ਮਾਇਆ, ਆਪ ਹੀ ਬਾਣੀ (ਸ਼ਬਦ), ਆਪ ਹੀ ਬਰਮਾ ਆਦਿਕ ਸਭ ਕੁਝ ਆਪ ਹੀ ਹੈਂ। ਇਸਦੇ ਨਾਲ ਹੀ ਇਹ ਵੀ ਫੁਰਮਾਇਆ ਹੈ ਕਿ ਉਹ ਪਰਮੇਸ਼ਰ ਸੱਚ ਅਤੇ ਸੁੰਦਰਤਾ ਨਾਲ ਭਰਪੂਰ ਹੈ ਅਤੇ ਉਹ ਆਪ ਸਦੀਵ ਪਰਮ ਅਨੰਦ ਅਤੇ ਖੇੜੇ ਵਿਚ ਰਹਿੰਦਾ ਹੈ।

ਇਉਂ ਪ੍ਰਤੀਤ ਹੁੰਦਾ ਹੈ ਕਿ ਇੱਥੇ ਪਰਮਾਤਮਾ ਦੀ ਸਿਫਤਿ-ਸਾਲਾਹ ਕਰਨ ਲੱਗਿਆਂ ਗੁਰੂ ਨਾਨਕ ਦੇਵ ਜੀ ਨੇ ਆਪਣਾ ਤੇ ਪਰਮਾਤਮਾ ਦਾ ਰਿਸ਼ਤਾ ਇੰਝ ਬਣਾਇਆ ਹੈ ਜਿਵੇਂ ਕਿ ਜਜਮਾਨ ਅਤੇ ਬ੍ਰਾਹਮਣ ਦਾ ਹੁੰਦਾ ਹੈ। ਜਦੋਂ ਜਜਮਾਨ ਪੰਡਿਤ ਨੂੰ ਕੋਈ ਦਖਸ਼ਣਾ (ਦਾਨ ਵਜੋਂ ਕੋਈ ਚੀਜ਼) ਦਿੰਦਾ ਹੈ ਤਾਂ ਬ੍ਰਾਹਮਣ ਬਦਲੇ ਵਿਚ ਉਸ ਨੂੰ ਕੁਝ ਦੇਣ ਦੇ ਸਮਰੱਥ ਤਾਂ ਨਹੀਂ ਹੁੰਦਾ ਪਰ ਅਸੀਸ ਜ਼ਰੂਰ ਦਿੰਦਾ ਹੈ ਕਿ ਤੇਰਾ ਘਰ ਵੱਸਦਾ ਰਹੇ, ਤੇਰੀ ਸਦਾ ਹੀ ਜੈ ਹੋਵੇ ਆਦਿ। ਇੱਥੇ ਵੀ ਗੁਰੂ ਸਾਹਿਬ ਪਰਮਾਤਮਾ ਦਾ ਧੰਨਵਾਦ ਕਰਦੇ ਹੋਏ ਕਹਿੰਦੇ ਹਨ ਕਿ ਤੁਸੀਂ ਮੈਨੂੰ ਭਗਤੀ ਦੀ ਦਾਤਿ ਦਿੱਤੀ ਹੈ (ਕਿਉਂਕਿ ਇਨ੍ਹਾਂ ਪੰਕਤੀਆਂ ਤੋਂ ਇਕ ਦਮ ਪਹਿਲੀ ਵਾਲੀ ਪੰਕਤੀ ਹੈ **'ਵਿਣੁ ਗੁਣ ਕੀਤੇ ਭਗਤਿ ਨ ਹੋਇ॥',** ਇਸ ਲਈ ਤੇਰੀ ਸਦਾ ਹੀ ਜੈ ਹੋਵੇ, ਤੂੰ ਹੀ ਬਰਮਾ, ਮਾਇਆ ਹੈ ਆਦਿਕ ਸਭ ਕੁਝ ਆਪ ਹੀ ਹੈਂ।) ਅਰਥਾਤ ਉਸਦਾ ਸ਼ੁਕਰਾਨਾ ਕਰਦਿਆਂ ਹੋਇਆਂ ਉਸਦੀ ਸਿਫਤਿ ਸਾਲਾਹ ਕਰਦੇ ਹਨ। **ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਜਦੋਂ ਵੀ ਪਰਮਾਤਮਾ ਦੀ ਕਿਸੇ ਵੀ ਦਿੱਤੀ ਦਾਤਿ ਨੂੰ ਮਾਣੀਏ ਤਾਂ ਉਸਦੀ ਸਿਫਤਿ ਸਾਲਾਹ ਅਤੇ ਸ਼ੁਕਰਾਨਾ ਜ਼ਰੂਰ ਕਰੀਏ। ਜਿਵੇਂ ਜਿਵੇਂ ਸਾਡੇ ਹਿਰਦੇ ਵਿਚ ਸ਼ੁਕਰਾਨਾ ਵਧੇਗਾ, ਉਵੇਂ ਉਵੇਂ ਅਸੀਂ ਖੁਸ਼ੀਆਂ, ਖੇੜਿਆਂ ਨਾਲ ਭਰ ਜਾਵਾਂਗੇ ਅਤੇ ਉਸ ਦੀਆਂ ਹੋਰ ਰਹਿਮਤਾਂ ਮਿਲਣਗੀਆਂ।

## ਚੌਥੀ ਸਿੱਖਿਆ

"**ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥**
**ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥**
**ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥**
**ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥**
**ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥**
**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥**"

ਇਸ ਪਉੜੀ ਵਿਚ ਗੁਰਦੇਵ ਪਿਤਾ ਸ੍ਰਿਸ਼ਟੀ ਦੀ ਰਚਨਾ ਬਾਰੇ ਜ਼ਿਕਰ ਕਰਦਿਆਂ ਫੁਰਮਾਉਂਦੇ ਹਨ ਕਿ ਕੇਵਲ ਤੇ ਕੇਵਲ ਪਰਮਾਤਮਾ ਹੀ ਜਾਣਦਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਕਦੋਂ ਅਤੇ ਕਿਸ ਸਮੇਂ ਹੋਈ। ਸ੍ਰਿਸ਼ਟੀ ਦੀ ਰਚਨਾ ਬਾਰੇ ਵੱਡੇ-ਵੱਡੇ ਵਿਦਵਾਨ, ਪੰਡਤ, ਕਾਜ਼ੀ, ਅਤੇ ਜੋਗੀ ਆਦਿ ਅੰਦਾਜੇ ਲਾ ਲਾ ਕੇ ਥੱਕ ਗਏ ਹਨ ਪਰ ਇਸਦਾ ਭੇਤ ਨਹੀਂ ਪਾ ਸਕੇ। ਸ੍ਰਿਸ਼ਟੀ ਦੀ ਰਚਨਾ ਦਾ ਭੇਤ ਪਾਉਣਾ ਤਾਂ ਬੜੀ ਦੂਰ ਦੀ ਗੱਲ ਹੈ, ਅੱਜ ਤੱਕ ਇਸ ਗੱਲ ਦਾ ਭੇਤ ਵੀ ਨਹੀਂ ਪਾਇਆ ਜਾ ਸਕਿਆ ਕਿ ਮਾਤਾ ਦੇ ਪੇਟ ਵਿਚ ਪਲ ਰਹੇ ਬੱਚੇ ਵਿਚ ਉਸ ਅਕਾਲ ਪੁਰਖੁ ਦੀ ਜੋਤਿ ਕਦੋਂ ਪ੍ਰਵੇਸ਼ ਕਰ ਜਾਂਦੀ ਹੈ ਜਿਸ ਰਾਹੀਂ ਇਸ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਕਾਲ ਪੁਰਖੁ ਦਾ ਭੇਦ ਪਾਉਣਾ ਤਾਂ ਬਹੁਤ ਦੁਰੇਡੇ ਦੀ ਗੱਲ ਹੈ, ਉਸਦੀ ਰਚਨਾ ਦਾ ਵੀ ਭੇਤ ਨਹੀਂ ਪਾਇਆ ਜਾ ਸਕਦਾ। ਸਿਫਤਿ ਸਾਲਾਹ ਕਰਕੇ ਉਸ ਵਿਚ ਸਮਾਇਆ ਤਾਂ ਜਾ ਸਕਦਾ ਹੈ ਪਰ ਉਸਦੀ ਰਚਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ।

**ਦੂਜੀ ਗੱਲ**-ਹਿੰਦੂ ਲੋਕ ਅਕਸਰ ਪੰਡਤਾਂ ਕੋਲੋਂ ਟੇਵੇ ਆਦਿ ਬਣਵਾਉਂਦੇ ਹਨ। ਪੰਡਤ ਅਤੇ ਜੋਤਸ਼ੀ ਟੇਵੇ ਬਣਾਉਣ ਲੱਗਿਆਂ ਇਸ ਗੱਲ ਨੂੰ ਆਪਣਾ ਆਧਾਰ ਬਣਾਂਦੇ ਹਨ ਕਿ ਜੀਵ ਸ੍ਰਿਸ਼ਟੀ ਤੇ ਕਦੋਂ ਆਇਆ । ਜੀਵ ਆਤਮਾ ਤਾਂ ਸ੍ਰਿਸ਼ਟੀ ਤੇ ਉਦੋਂ ਹੀ ਆ ਜਾਂਦੀ ਹੈ ਜਦੋਂ ਉਹ ਮਾਤਾ ਦੇ ਗਰਭ ਵਿਚ ਪ੍ਰਵੇਸ਼ ਕਰ ਜਾਂਦੀ ਹੈ ਨਾ ਕਿ ਜਦੋਂ ਮਾਤਾ ਦੇ ਗਰਭ ਵਿਚੋਂ ਬਾਹਰ ਨਿਕਲਦੀ ਹੈ। ਤਾਂ ਤੇ ਫਿਰ ਜੋਤਸ਼ੀਆਂ ਪੰਡਤਾਂ ਦਾ ਟੇਵੇ ਬਣਾਉਣ ਦਾ ਆਧਾਰ ਬਿਲਕੁਲ ਗਲਤ ਸਾਬਤ ਹੁੰਦਾ ਹੈ ਕਿਉਂਕਿ ਜੀਵ ਆਤਮਾ ਦੀ ਮਾਤਾ ਨੂੰ ਵੀ ਨਹੀਂ ਪਤਾ ਲੱਗਦਾ ਕਿ ਉਹ ਜੋਤ ਕਦੋਂ ਗਰਭ ਵਿਚ ਪ੍ਰਵੇਸ਼ ਕਰ ਗਈ । **ਵੈਸੇ ਵੀ ਗੁਰੂ ਦਾ ਸੱਚਾ ਸਿੱਖ ਕਦੇ ਵੀ ਗ੍ਰਹਿ ਆਦਿ ਦੇ ਚੱਕਰ ਵਿਚ ਨਹੀਂ ਪੈਂਦਾ। ਸਿੱਖ ਉਸ ਅਕਾਲ ਪੁਰਖੁ ਦੀ ਪੂਜਾ ਕਰਦਾ ਹੈ ਜਿਸ ਕੋਲੋਂ ਧਰਤੀ, ਆਕਾਸ਼, ਸਾਰੇ ਗ੍ਰਹਿ ਅਤੇ ਨਖੁਤ੍ਰ ਆਦਿ ਡਰਦੇ ਹਨ।** ਗੁਰਬਾਣੀ ਫੁਰਮਾਨ ਹੈ :-

**"ਡਰਪੈ ਧਰਤਿ ਅਕਾਸੁ ਨਖੵਤ੍ਰਾ ਸਿਰ ਊਪਰਿ ਅਮਰੁ ਕਰਾਰਾ॥**
**ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੂ ਬਿਚਾਰਾ॥" (ਅੰਗ:998)**

"**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥**
**ਕੋਹ ਕਰੋੜੀ ਚਲਤ ਨ ਅੰਤੁ॥**" (**ਅੰਗ:464**)

## ਪੰਜਵੀਂ ਸਿੱਖਿਆ

"**ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ॥**
**ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥**"

ਇਸ ਪਉੜੀ ਦੀਆਂ ਅਖੀਰਲੀਆਂ ਪੰਕਤੀਆਂ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ ਹੈ ਕਿ ਦੁਨੀਆ ਦਾ ਮਾਲਕ ਸਭ ਤੋਂ ਵੱਡਾ ਹੈ ਅਤੇ ਉਸਦੀ ਵਡਿਆਈ ਵੀ ਸਭ ਤੋਂ ਵੱਡੀ ਹੈ। ਇਸ ਦੁਨੀਆ ਵਿਚ ਜੋ ਕੁਝ ਹੋ ਰਿਹਾ ਹੈ ਸਭ ਕੁਝ ਉਸਦੇ ਹੁਕਮ ਵਿਚ ਹੀ ਹੋ ਰਿਹਾ ਹੈ ਅਤੇ ਉਸਦੇ ਹੁਕਮ ਤੋਂ ਬਾਹਰ ਕੁਝ ਵੀ ਨਹੀਂ ਹੈ ਪਰ ਜੇਕਰ ਕੋਈ ਬੰਦਾ

ਇਹ ਮੰਨ ਲਵੇ ਕਿ ਉਹ ਬੰਦਾ ਆਪ ਹੀ ਸਭ ਕੁਝ ਕਰਨ ਯੋਗ ਹੈ, ਪਰਮਾਤਮਾ ਕੁਝ ਵੀ ਕਰਨਯੋਗ ਨਹੀਂ ਹੈ ਤਾਂ ਉਸਦੀ ਇਹ ਬਹੁਤ ਵੱਡੀ ਭੁੱਲ ਹੋਵੇਗੀ ਅਤੇ ਉਹ ਪਰਮਾਤਮਾ ਦੇ ਦਰ ਤੇ ਕਦੀ ਸ਼ੋਭਾ ਨਹੀਂ ਪਾ ਸਕਦਾ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਕਦੀ ਕਿਸੇ ਮਨੁੱਖ ਦੀ ਵਡਿਆਈ ਨਹੀਂ ਕਰਨੀ ਬਲਕਿ ਪਰਮਾਤਮਾ ਦੀ ਹੀ ਸਿਫਤਿ ਸਾਲਾਹ ਕਰਨੀ ਹੈ। ਬੰਦੇ ਦੀ ਕੀਤੀ ਵਡਿਆਈ ਉਸਦੇ ਮਰਨ ਤੋਂ ਬਾਅਦ ਮਰ ਜਾਂਦੀ ਹੈ। ਜਦਕਿ ਅਕਾਲ ਪੁਰਖੁ ਦੀ ਕੀਤੀ ਵਡਿਆਈ ਕਦੇ ਨਹੀਂ ਮਰਦੀ ਕਿਉਂਕਿ ਅਕਾਲ ਪੁਰਖੁ ਆਪ ਅਵਿਨਾਸ਼ੀ ਹੈ।

ਦੂਜੀ ਗੱਲ ਜੋ ਮਨੁੱਖ ਆਪਣੇ ਆਪ ਨੂੰ ਸਭ ਕੁਝ ਕਰਨਯੋਗ ਮੰਨਦੇ ਹਨ ਅਤੇ ਪਰਮਾਤਮਾ ਨੂੰ ਕਰਤਾ ਪੁਰਖੁ ਨਹੀਂ ਮੰਨਦੇ ਉਹ ਪਰਮਾਤਮਾ ਦੇ ਦਰ ਤੇ ਪ੍ਰਵਾਨ ਨਹੀਂ ਹੁੰਦੇ। ਅਜਿਹੇ ਮਨੁੱਖਾਂ ਬਾਰੇ ਗੁਰਬਾਣੀ ਦਾ ਫੁਰਮਾਨ ਹੈ :-

**"ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ॥**
**ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ॥" (ਅੰਗ:39)**

**"ਆਪਸ ਕਉ ਕਰਮਵੰਤੁ ਕਹਾਵੈ॥**
**ਜਨਮਿ ਮਰੈ ਬਹੁ ਜੋਨਿ ਭ੍ਰਮਾਵੈ॥" (ਅੰਗ:278)**

**ਭਾਵ:** ਜਿਹੜਾ ਆਪਣੇ ਆਪ ਨੂੰ ਕਰਨਹਾਰ ਅਖਵਾਉਂਦਾ ਹੈ, ਉਹ ਸਦਾ ਜੰਮਦਾ ਮਰਦਾ ਹੈ, ਕਈ ਜੂਨਾਂ ਵਿਚ ਭਟਕਦਾ ਫਿਰਦਾ ਹੈ।

ਇਸ ਤੋਂ ਉਲਟ ਅਜਿਹੇ ਮਨੁੱਖ ਵੀ ਹਨ ਜਿਹੜੇ ਸਭ ਕੁਝ ਕਰਨ ਕਾਰਨ ਪਰਮਾਤਮਾ ਨੂੰ ਹੀ ਮੰਨਦੇ ਹਨ ਅਤੇ ਕਦੀਂ ਵੀ ਉਨ੍ਹਾਂ ਕੋਲੋਂ ਚੰਗਾ ਕੰਮ ਹੋ ਜਾਏ ਤਾਂ ਮੈਂ-ਮੈਂ (ਹਉਮੈ) ਨਹੀਂ ਕਰਦੇ ਤਾਂ ਅਜਿਹੇ ਪ੍ਰਾਣੀ ਮੁਕਤ ਹੋ ਜਾਂਦੇ ਹਨ । ਇਸ ਸੰਬੰਧ ਵਿਚ ਗੁਰਬਾਣੀ ਦਾ ਫੁਰਮਾਨ ਹੈ :-

**"ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥**
**ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥" (ਅੰਗ:1427)**

ਇਸ ਸੰਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਕਬੀਰ ਜੀ ਦਾ ਵੀ ਇਉਂ ਫੁਰਮਾਨ ਹੈ:-

**"ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ॥**
**ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ॥" (ਅੰਗ:1367)**

# ਬਾਈਵੀਂ ਪਉੜੀ

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥**
**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥**
**ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥**
**ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥**
**ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥੨੨॥**

**ਪਦ-ਅਰਥ:- ਪਾਤਾਲਾ ਪਾਤਾਲ**-ਪਾਤਾਲਾਂ ਦੇ ਹੇਠ ਹੋਰ ਪਾਤਾਲ ਹਨ। **ਆਗਾਸਾ ਆਗਾਸ**-ਆਕਾਸ਼ਾਂ ਦੇ ਉੱਤੇ ਹੋਰ ਆਕਾਸ਼ ਹਨ। **ਓੜਕ**-ਅਖ਼ੀਰ, ਅੰਤ, ਅਖ਼ੀਰਲੇ ਬੰਨੇ। **ਭਾਲਿ ਥਕੇ**-ਭਾਲ ਭਾਲ ਕੇ ਥੱਕ ਗਏ ਹਨ। **ਕਹਨਿ**-ਆਖਦੇ ਹਨ। **ਇਕ ਵਾਤ**-ਇਕ ਗੱਲ, **ਇਕ**-ਜ਼ਬਾਨ ਹੋ ਕੇ। **ਸਹਸ ਅਠਾਰਹ**-ਅਠਾਰਾਂ ਹਜ਼ਾਰ ਆਲਮ। **ਕਤੇਬਾ**-ਈਸਾਈ ਮਤ ਤੇ ਇਸਲਾਮ ਆਦਿਕ ਦੀਆਂ ਚਾਰ ਕਿਤਾਬਾਂ: ਕੁਰਾਨ, ਅੰਜੀਲ, ਤੌਰੇਤ ਤੇ ਜ਼ੰਬੂਰ। **ਅਸੁਲੂ**-ਮੁੱਢ। **ਇਕੁ ਧਾਤੁ**-ਇੱਕ ਅਕਾਲ ਪੁਰਖ । **ਲੇਖਾ ਹੋਇ**-ਜੇ ਲੇਖਾ ਹੋ ਸਕੇ। **ਲਿਖੀਐ**-ਲਿਖ ਸਕੀਦਾ ਹੈ। **ਲੇਖੈ ਹੋਇ ਵਿਣਾਸੁ**-ਲੇਖੇ ਦਾ ਖ਼ਾਤਮਾ । **ਆਖੀਐ**-ਆਖੀਦਾ ਹੈ, ਜਿਸ ਅਕਾਲ ਪੁਰਖ ਨੂੰ। **ਆਪੇ**-ਉਹ ਅਕਾਲ ਪੁਰਖ ਆਪ ਹੀ। **ਜਾਣੈ**-ਜਾਣਦਾ ਹੈ। **ਆਪੁ**-ਆਪਣੇ ਆਪ ਨੂੰ ।੨੨।

**ਅਰਥ:-** "ਪਾਤਾਲਾਂ ਦੇ ਹੇਠ ਹੋਰ ਲੱਖਾਂ ਪਾਤਾਲ ਹਨ ਅਤੇ ਆਕਾਸ਼ਾਂ ਦੇ ਉੱਤੇ ਹੋਰ ਲੱਖਾਂ ਆਕਾਸ਼ ਹਨ, ਬੇਅੰਤ ਰਿਸ਼ੀ ਮੁਨੀ ਇਹਨਾਂ ਦੇ ਅਖ਼ੀਰਲੇ ਬੰਨਿਆਂ ਦੀ ਭਾਲ ਕਰਕੇ ਥੱਕ ਗਏ ਹਨ, ਪਰ ਲੱਭ ਨਹੀਂ ਸਕੇ"। ਇਹ ਗੱਲ ਸਾਰੇ ਵੇਦ ਇੱਕ-ਜ਼ਬਾਨ ਹੋ ਕੇ ਆਖਦੇ ਹਨ। ਮੁਸਲਮਾਨ ਤੇ ਈਸਾਈ ਆਦਿਕ ਧਰਮਾਂ ਦੀਆਂ ਚਾਰੇ ਕਤੇਬਾਂ ਆਖਦੀਆਂ ਹਨ, "ਕੁੱਲ ਅਠਾਰਹ ਹਜ਼ਾਰ ਆਲਮ ਹਨ, ਜਿਨ੍ਹਾਂ ਦਾ ਮੁੱਢ ਇਕ ਅਕਾਲ ਪੁਰਖ ਹੈ"। ਪਰ ਸੱਚੀ ਗੱਲ ਤਾਂ ਇਹ ਹੈ ਕਿ ਸ਼ਬਦ 'ਹਜ਼ਾਰਾਂ' ਤੇ 'ਲੱਖਾਂ' ਭੀ ਕੁਦਰਤ ਦੀ ਗਿਣਤੀ ਵਿਚ ਵਰਤੇ ਨਹੀਂ ਜਾ ਸਕਦੇ। ਅਕਾਲ ਪੁਰਖ ਦੀ ਕੁਦਰਤ ਦਾ ਲੇਖਾ ਤਦੋਂ ਹੀ ਲਿਖ ਸਕੀਦਾ ਹੈ, ਜੇ ਲੇਖਾ ਹੋ ਸਕੇ, ਗਿਣਤੀ ਦੇ ਹਿੰਸੇ ਹੀ ਮੁੱਕ ਜਾਂਦੇ ਹਨ। ਹੇ ਨਾਨਕ ! ਜਿਸ ਅਕਾਲ ਪੁਰਖ ਨੂੰ ਸਾਰੇ ਜਗਤ ਵਿਚ ਵੱਡਾ ਆਖਿਆ ਜਾ ਰਿਹਾ ਹੈ, ਉਹ ਆਪ ਹੀ ਆਪਣੇ ਆਪ ਨੂੰ ਜਾਣਦਾ ਹੈ; ਭਾਵ, ਉਹ ਆਪਣੀ ਵਡਿਆਈ ਆਪ ਹੀ ਜਾਣਦਾ ਹੈ।੨੨।

**ਉਚਾਰਨ ਪਾਠ:-** ਪਾਤਾਲਾਂ, ਆਗਾਸਾਂ, ਅਠਾਰਹਂ, ਕਤੇਬਾਂ ਆਦਿ ਸ਼ਬਦ ਬਿੰਦੀ ਸਹਿਤ ਉਚਾਰਨੇ ਹਨ।

# ਬਾਈਵੀਂ ਪਉੜੀ ਦੀ ਸਿੱਖਿਆ

**"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥"**

ਮੁਸਲਿਮ ਧਰਮ ਦੇ ਮੁਤਾਬਿਕ 7 ਪਾਤਾਲ ਹਨ ਅਤੇ 7 ਆਕਾਸ਼ ਹਨ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪਉੜੀ ਵਿਚ ਉਸ ਅਕਾਲ ਪੁਰਖੁ ਦੀ ਬੇਅੰਤਤਾ ਦਾ ਜ਼ਿਕਰ ਕਰਦਿਆਂ ਹੋਇਆਂ ਫੁਰਮਾਇਆ ਹੈ ਕਿ ਕੇਵਲ 7 ਪਾਤਾਲ ਜਾਂ 7 ਆਕਾਸ਼ ਨਹੀਂ ਬਲਕਿ ਅਨੇਕਾਂ ਹੀ ਪਾਤਾਲ ਅਤੇ ਅਨੇਕਾਂ ਹੀ ਆਕਾਸ਼ ਹਨ । ਉਸਦੀ ਰਚਨਾ ਇਤਨੀ ਬੇਅੰਤ ਹੈ ਕਿ ਉਸਦਾ ਕੋਈ ਹਿਸਾਬ ਕਿਤਾਬ ਨਹੀਂ ਲਿਖ ਸਕਦਾ ਅਤੇ ਜੇਕਰ ਕੋਈ ਮਨੁੱਖ ਇਸ ਹਿਸਾਬ ਕਿਤਾਬ ਨੂੰ ਲਿਖਣ ਦਾ ਯਤਨ ਕਰੇ ਤਾਂ ਗਿਣਤੀ ਦੇ ਅੱਖਰ ਹੀ ਮੁੱਕ ਜਾਣਗੇ ਪਰ ਉਸਦੀ ਰਚਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ।

ਉਹ ਪਰਮਾਤਮਾ ਅਤੇ ਉਸਦੀ ਪੈਦਾ ਕੀਤੀ ਹੋਈ ਕੁਦਰਤ ਕਿੰਨੀ ਕੁ ਵੱਡੀ ਹੈ ਇਸ ਦਾ ਅੰਦਾਜ਼ਾ ਕੇਵਲ ਤੇ ਕੇਵਲ ਪਰਮਾਤਮਾ ਹੀ ਲਗਾ ਸਕਦਾ ਹੈ।

**ਇਸ ਤੋਂ ਅਸੀਂ ਇਹ ਇਹ ਸਿੱਖਿਆ ਲੈਣੀ ਹੈ ਕਿ** ਕਦੇ ਵੀ ਉਸ ਅਕਾਲ ਪੁਰਖੁ ਜਾਂ ਉਸਦੀ ਰਚਨਾ ਦਾ ਅੰਤ ਪਾਉਣ ਦਾ ਯਤਨ ਨਹੀਂ ਕਰਨਾ ਕਿਉਂਕਿ ਪਰਮੇਸ਼ਰ ਤੇ ਉਸਦੀ ਥਾਪੀ ਹੋਈ ਕੁਦਰਤ ਬੇਅੰਤ ਤੋਂ ਭੀ ਬੇਅੰਤ ਹੈ। ਇਸ ਸੰਬੰਧ ਵਿਚ ਗੁਰਬਾਣੀ ਫੁਰਮਾਨ ਹੈ :

**"ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ॥" (ਅੰਗ: 821)**

ਭਾਵ: ਹੇ ਨਾਨਕ! ਆਖ- ਉਸ ਦਾ ਕਦੇ ਅੰਤ ਨਹੀਂ ਪੈ ਸਕਦਾ, ਉਹ ਸਦਾ ਹੀ ਬੇਅੰਤ ਹੈ, ਅਤੇ ਉੱਚਿਆਂ ਤੋਂ ਉੱਚਾ ਹੈ, ਉਸ ਵਰਗਾ ਹੋਰ ਕੋਈ ਨਹੀਂ।

ਇਸ ਸੰਬੰਧ ਵਿਚ ਇਕ ਹੋਰ ਗੁਰਬਾਣੀ ਦਾ ਫੁਰਮਾਨ ਇਉਂ ਹੈ:

**"ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ॥" (ਅੰਗ:1138)**

**ਭਾਵ:** ਹੇ ਪ੍ਰਭੂ! ਤੇਰੀ ਕੁਦਰਤ ਇਕ ਹੈਰਾਨ ਕਰਨ ਵਾਲਾ ਤਮਾਸ਼ਾ ਹੈ, ਤੇਰੇ ਚਰਨ ਸਾਲਾਹੁਣ ਯੋਗ ਹਨ।

# ਤੇਈਵੀਂ ਪਉੜੀ

**ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥**
**ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥**
**ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥**
**ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥੨੩॥**

**ਪਦ-ਅਰਥ:-** **ਸਾਲਾਹੀ**-ਸਲਾਹੁਣ ਜੋਗ ਪਰਮਾਤਮਾ। **ਸਾਲਾਹਿ**-ਸਿਫ਼ਤਿ ਸਾਲਾਹ ਕਰ ਕੇ। **ਏਤੀ ਸੁਰਤਿ**-ਇਤਨੀ ਸਮਝ (ਕਿ ਅਕਾਲ ਪੁਰਖ ਕੇਡਾ ਵੱਡਾ ਹੈ)। **ਨ ਪਾਈਆ**-ਕਿਸੇ ਨੇ ਨਹੀਂ ਪਾਈ । **ਅਤੈ**-ਅਤੇ, ਤੇ। **ਵਾਹ**-ਵਹਿਣ, ਨਾਲੇ। **ਪਵਹਿ**-ਪੈਂਦੇ ਹਨ। **ਸਮੁੰਦਿ**-ਸਮੁੰਦਰ ਵਿਚ। **ਨ ਜਾਣੀਅਹਿ**-ਨਹੀਂ ਜਾਣੇ ਜਾਂਦੇ। **ਸਮੁੰਦ ਸਾਹ ਸੁਲਤਾਨ**-ਸਮੁੰਦਰਾਂ ਦੇ ਪਾਤਿਸ਼ਾਹ ਤੇ ਸੁਲਤਾਨ। **ਗਿਰਹਾ ਸੇਤੀ**-ਪਹਾੜਾਂ ਜੇਡੇ। **ਤੁਲਿ**-ਬਰਾਬਰ । **ਨ ਹੋਵਨੀ**-ਨਹੀਂ ਹੁੰਦੇ। **ਤਿਸੁ ਮਨਹੁ**-ਉਹ ਕੀੜੀ ਦੇ ਮਨ ਵਿਚੋਂ। **ਜੇ ਨ ਵੀਸਰਹਿ**-ਜੇ ਤੂੰ ਨਾਹ ਵਿਸਰ ਜਾਏਂ, (ਹੇ ਹਰੀ !)।

**ਅਰਥ:-** ਸਲਾਹੁਣ-ਜੋਗ ਅਕਾਲ ਪੁਰਖ ਦੀਆਂ ਵਡਿਆਈਆਂ ਆਖ ਆਖ ਕੇ ਕਿਸੇ ਮਨੁੱਖ ਨੇ ਇਤਨੀ ਸਮਝ ਨਹੀਂ ਪਾਈ ਕਿ ਅਕਾਲ ਪੁਰਖ ਕੇਡਾ ਵੱਡਾ ਹੈ, (ਸਿਫ਼ਤਿ-ਸਾਲਾਹ ਕਰਨ ਵਾਲੇ ਮਨੁੱਖ ਉਸ ਅਕਾਲ ਪੁਰਖ ਦੇ ਵਿਚੇ ਹੀ ਲੀਨ ਹੋ ਜਾਂਦੇ ਹਨ)। ਨਦੀਆਂ ਤੇ ਨਾਲੇ ਸਮੁੰਦਰ ਵਿਚ ਪੈਂਦੇ ਹਨ, ਪਰ ਫਿਰ ਵੱਖਰੇ ਉਹ ਪਛਾਣੇ ਨਹੀਂ ਜਾ ਸਕਦੇ ਵਿਚੇ ਹੀ ਲੀਨ ਹੋ ਜਾਂਦੇ ਹਨ, (ਤੇ ਸਮੁੰਦਰ ਦੀ ਥਾਹ ਨਹੀਂ ਪਾ ਸਕਦੇ)।

ਸਮੁੰਦਰਾਂ ਦੇ ਪਾਤਸ਼ਾਹ ਤੇ ਸੁਲਤਾਨ ਜਿਨ੍ਹਾਂ ਦੇ ਖ਼ਜ਼ਾਨਿਆਂ ਵਿੱਚ ਪਹਾੜਾਂ ਜੇਡੇ ਧਨ ਪਦਾਰਥਾਂ ਦੇ ਢੇਰ ਹੋਣ, ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਵਾਲੇ ਦੀਆਂ ਨਜ਼ਰਾਂ ਵਿਚ ਇਕ ਕੀੜੀ ਦੇ ਭੀ ਬਰਾਬਰ ਨਹੀਂ ਹੁੰਦੇ, ਜੇ ਹੇ ਅਕਾਲ ਪੁਰਖ ! ਉਸ ਕੀੜੀ ਦੇ ਮਨ ਵਿਚੋਂ ਤੂੰ ਨਾ ਵਿਸਰ ਜਾਏਂ।

**ਉਚਾਰਨ:-**ਸਾਲਾਹੀਂ, ਨਦੀਆਂ, ਪਵਹਿੰ, ਜਾਣੀਅਹਿੰ, ਗਿਰਹਾਂ, ਮਨੋਂ, ਵੀਸਰਹਿੰ ਸ਼ਬਦਾਂ ਨੂੰ ਬਿੰਦੀ ਸਹਿਤ ਉਚਾਰਨਾ ਹੈ । ਸਾਹ ਦਾ ਉਚਾਰਨ ਸ਼ਾਹ ਕਰਨਾ ਹੈ। ਅਤੈ ਦਾ ਉਚਾਰਨ ਅਤੇ ਨਹੀਂ ਕਰਨਾ।

# ਤੇਈਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

**"ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥**
**ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥"**

ਪਿਛਲੀਆਂ ਪਉੜੀਆਂ ਵਿਚ ਸਮਝਾਇਆ ਸੀ ਕਿ ਅਕਾਲ ਪੁਰਖੁ ਦਾ ਅਤੇ ਉਸਦੀ ਕੁਦਰਤ ਦਾ ਅੰਤ ਨਹੀਂ ਪਾਇਆ ਜਾ ਸਕਦਾ। **ਫਿਰ ਸਵਾਲ ਪੈਦਾ ਹੁੰਦਾ ਹੈ ਕਿ ਜੇ ਅਸੀਂ ਉਸਦਾ ਅੰਤ ਨਹੀਂ ਪਾਉਣਾ ਤਾਂ ਫਿਰ ਅਸੀਂ ਉਹ ਕਿਹੜਾ ਕੰਮ ਕਰੀਏ ਜਿਸ ਨਾਲ ਸਾਡੇ ਅੰਦਰੋਂ ਕੂੜ ਦੀ ਕੰਧ ਟੁੱਟ ਜਾਵੇ ਅਤੇ ਅਸੀਂ ਉਸ ਵਿਚ ਅਭੇਦ ਹੋ ਸਕੀਏ ?**

ਇਸ ਦੇ ਜਵਾਬ ਵਿਚ ਸਤਿਗੁਰੂ ਜੀ ਇਸ ਪਉੜੀ ਵਿਚ ਫੁਰਮਾਉਂਦੇ ਹਨ ਕਿ ਪਰਮੇਸ਼ਰ ਦੀ ਸਿਫਤਿ ਸਾਲਾਹ ਕਰਨੀ ਇਕ ਅਜਿਹੀ ਜੁਗਤਿ ਹੈ ਜਿਹੜੀ ਸਾਨੂੰ ਅਕਾਲ ਪੁਰਖੁ ਵਿਚ ਅਭੇਦ ਕਰ ਦਿੰਦੀ ਹੈ। ਜਿਸ ਤਰ੍ਹਾਂ ਸਮੁੰਦਰ ਵਿਚ ਡਿੱਗਣ ਵਾਲੇ ਨਦੀਆਂ ਤੇ ਨਾਲੇ ਸਮੁੰਦਰ ਵਿਚ ਡਿੱਗ ਕੇ ਸਮੁੰਦਰ ਦਾ ਹੀ ਰੂਪ ਹੋ ਜਾਂਦੇ ਹਨ ਪਰ ਉਸ ਦਾ ਅੰਤ ਨਹੀਂ ਪਾ ਸਕਦੇ, ਉਸੇ ਤਰ੍ਹਾਂ ਉਹ ਜੀਵ ਜੋ ਉਸਦੀ ਸਿਫਤਿ ਸਾਲਾਹ ਕਰਦੇ ਰਹਿੰਦੇ ਹਨ, ਉਹ ਵੀ ਉਸੇ ਦਾ ਹੀ ਰੂਪ ਹੋ ਨਿਬੜਦੇ ਹਨ ਪਰ ਉਸ ਬੇਅੰਤ ਦਾ ਅੰਤ ਨਹੀਂ ਪਾ ਸਕਦੇ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਵਾਹਿਗੁਰੂ ਜੀ ਦੀ ਸਿਫਤਿ ਸਾਲਾਹ ਕਰਦੇ ਹੀ ਰਹਿਣਾ ਹੈ-ਨਿਰੰਤਰ ਕਰਦੇ ਰਹਿਣਾ ਹੈ। ਸਿਫਤਿ ਸਾਲਾਹ ਵਿਚ ਨਿਰੰਤਰਤਾ ਅਤਿ ਜ਼ਰੂਰੀ ਹੈ ਅਤੇ ਇਸ ਵਿਚ ਰੁਕਾਵਟ ਨਹੀਂ ਲਿਆਉਣੀ।

**ਇਸ ਸੰਬੰਧ ਵਿਚ 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲਿਆਂ ਦੇ ਬਚਨ ਯਾਦ ਆ ਗਏ । ਉਹ ਅਕਸਰ ਇਹ ਕਿਹਾ ਕਰਦੇ ਸਨ ਕਿ ਕੇਵਲ ਉਹੀ ਨਦੀਆਂ ਅਤੇ ਨਾਲੇ ਸਮੁੰਦਰ ਦਾ ਰੂਪ ਹੋ ਨਿਬੜਦੇ ਹਨ ਜਿਹੜੇ ਆਪਣੀ ਯਾਤਰਾ ਆਪਣੇ ਮੁੱਢ ਅਰਥਾਤ ਸਮੁੰਦਰ ਵੱਲ ਜਾਰੀ ਰੱਖਦੇ ਹਨ । ਜਿਹੜੇ ਨਦੀਆਂ ਅਤੇ ਨਾਲੇ ਰਸਤੇ ਵਿਚ ਰੁਕ ਜਾਂਦੇ ਹਨ ਉਹ ਤਾਂ ਛੱਪੜ ਬਣ ਜਾਂਦੇ ਹਨ।**

ਭਾਈ ਸਾਹਿਬ (ਵੀਰ ਜੀ) ਇਹ ਵੀ ਬਚਨ ਕਰਿਆ ਕਰਦੇ ਸਨ ਕਿ ਮੋਮਬੱਤੀ ਨੂੰ ਪੁੱਛਿਆ ਗਿਆ ਕਿ ਤੇਰੀ ਲਾਟ ਉਪਰ ਨੂੰ ਕਿਉਂ ਜਾ ਰਹੀ ਹੈ ਤੇ ਮੋਮ ਹੇਠਾਂ ਨੂੰ ਕਿਉਂ? ਤਾਂ ਮੋਮਬੱਤੀ ਨੇ ਜਵਾਬ ਦਿੱਤਾ ਕਿ ਮੈਂ ਸੂਰਜ ਦੀ ਅੰਸ਼ ਹਾਂ ਅਤੇ ਮੈਂ ਉਸ ਵਿਚ ਸਮਾਉਣਾ ਚਾਹੁੰਦੀ ਹਾਂ। ਇਸ ਲਈ ਮੇਰੀ ਲਾਟ ਉਪਰ ਨੂੰ ਜਾ ਰਹੀ ਹੈ।

ਪਾਣੀ ਨੂੰ ਪੁੱਛਿਆ ਗਿਆ ਕਿ ਤੂੰ ਨੀਵੇਂ ਪਾਸੇ ਕਿਉਂ ਜਾ ਰਿਹਾ ਹੈ ਤਾਂ ਪਾਣੀ ਨੇ ਜਵਾਬ ਦਿੱਤਾ ਕਿ ਮੈਂ ਸਮੁੰਦਰ ਦੀ ਅੰਸ਼ ਹਾਂ ਅਤੇ ਉਸ ਵਿਚ ਸਮਾਉਣਾ ਚਾਹੁੰਦਾ ਹਾਂ। ਜੇ ਮੋਮਬੱਤੀ ਦੀ

ਲੋਅ ਆਪਣੇ ਮੁੱਢ (Origin) ਸੂਰਜ ਵੱਲ ਯਾਤਰਾ ਕਰਦੀ ਹੈ ਅਤੇ ਪਾਣੀ ਆਪਣੇ ਮੁੱਢ (Origin) ਸਮੁੰਦਰ ਵੱਲ ਯਾਤਰਾ ਕਰਦਾ ਹੈ ਤਾਂ ਬੰਦਿਆ! ਤੂੰ ਕਿਉਂ ਨਹੀਂ ਆਪਣੇ ਮੁੱਢ ਪਰਮਾਤਮਾ ਵੱਲ ਯਾਤਰਾ ਕਰਦਾ। ਯਾਦ ਰੱਖੀਂ! ਯਾਤਰਾ ਨਿਰੰਤਰ ਕਰਦਾ ਜਾਈਂ ਤਾਂ ਹੀ ਉਸ ਵਿਚ ਸਮਾ ਸਕੇਂਗਾ। ਇਸ ਲਈ ਉਹ ਕਹਿੰਦੇ ਸਨ ਕਿ ਗੁਰੂ ਦੇ ਸਿੱਖੋ! ਤੁਸੀਂ ਵੀ ਆਪਣੀ ਯਾਤਰਾ ਆਪਣੇ ਮੁੱਢ ਅਕਾਲ ਪੁਰਖੁ ਵੱਲ ਨਿਰੰਤਰ ਜਾਰੀ ਰੱਖਣੀ ਹੈ ਤਾਂ ਹੀ ਗੁਰਪ੍ਰਸਾਦਿ ਸਦਕਾ ਅਭੇਦਤਾ ਪ੍ਰਾਪਤ ਹੋਏਗੀ।

ਇਸ ਸੰਬੰਧ ਵਿਚ ਭਾਈ ਵੀਰ ਸਿੰਘ ਜੀ ਦੀ ਲਿਖੀ ਹੋਈ ਕਵਿਤਾ "ਇੱਛਾ ਬਲ ਤੇ ਡੂੰਘੀਆਂ ਸ਼ਾਮਾਂ" ਯਾਦ ਆ ਗਈ ਜਿਸ ਦੀਆਂ ਹੇਠ ਲਿਖੀਆਂ ਪੰਕਤੀਆਂ ਬਹੁਤ ਹੀ ਢੁੱਕਵੀਆਂ ਹਨ:

**ਸੀਨੇ ਖਿੱਚ ਜਿਨ੍ਹਾਂ ਨੇ ਖਾਧੀ,**
**ਓ ਕਰ ਅਰਾਮ ਨਹੀਂ ਬਹਿੰਦੇ।**
**ਨਿਹੁੰ ਵਾਲੇ ਨੈਣਾਂ ਕੀ ਨੀਂਦਰ?**
**ਓ ਦਿਨੇ ਰਾਤ ਪਏ ਵਹਿੰਦੇ।**
**ਇਕੋ ਲਗਨ ਲਗੀ ਲਈ ਜਾਂਦੀ**
**ਹੈ ਟੋਰ ਅਨੰਤ ਉਨ੍ਹਾਂ ਦੀ-**
**ਵਸਲੋਂ ਉਰੇ ਮੁਕਾਮ ਨ ਕੋਈ**
**ਸੋ ਚਾਲ ਪਏ ਨਿਤ ਰਹਿੰਦੇ।**

**ਭਾਵ:** ਜਿਨ੍ਹਾਂ ਨੂੰ ਪਰਮਾਤਮਾ ਦੇ ਮਿਲਾਪ ਦੀ ਲਗਨ ਲੱਗ ਜਾਂਦੀ ਹੈ, ਉਹ ਕਦੀ ਅਰਾਮ ਕਰਕੇ ਨਹੀਂ ਬੈਠਦੇ। ਉਨ੍ਹਾਂ ਦੀਆਂ ਅੱਖਾਂ ਵਿਚ ਨੀਂਦਰ ਕਿੱਥੇ? ਉਹ ਦਿਨ ਰਾਤ ਆਪਣੇ ਪਿਆਰੇ ਦੇ ਮਿਲਾਪ ਲਈ ਤੜਫਦੇ ਰਹਿੰਦੇ ਹਨ ਕਿਉਂਕਿ ਉਨ੍ਹਾਂ ਦੀ ਮੰਜਿਲ ਇਕੋ ਇੱਕ ਹੈ-ਪਤੀ ਪਰਮਾਤਮਾ ਅਤੇ ਇਸ ਲਈ ਉਹ ਹਰ ਵੇਲੇ ਆਪਣੀ ਯਾਤਰਾ ਉਸ ਪਰਮਾਤਮਾ ਨੂੰ ਪਾਉਣ ਲਈ ਜਾਰੀ ਰੱਖਦੇ ਹਨ ਅਤੇ ਮਨ ਵਿਚ ਅਰਦਾਸਾਂ ਕਰਦੇ ਰਹਿੰਦੇ ਹਨ:

**"ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿਗੇ॥"**
**(ਅੰਗ: 1321)**

## ਦੂਜੀ ਸਿੱਖਿਆ

**"ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥**
**ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥"**

ਇਸ ਪਉੜੀ ਦੀਆਂ ਅਖੀਰਲੀਆਂ ਪੰਕਤੀਆਂ ਵਿਚ ਗੁਰਦੇਵ ਪਿਤਾ ਫੁਰਮਾਉਂਦੇ ਹਨ ਕਿ ਉਹ ਰਾਜੇ ਅਤੇ ਮਹਾਰਾਜੇ ਜਿਨ੍ਹਾਂ ਕੋਲ ਸਮੁੰਦਰਾਂ ਅਤੇ ਪਹਾੜਾਂ ਜਿੰਨਾ ਵੀ ਭਾਵੇਂ ਮਾਲ ਧਨ ਕਿਉਂ ਨਾ ਹੋਵੇ, ਉਹ ਉਸ ਕੀੜੀ (ਗਰੀਬ ਬੰਦਾ) ਦੇ ਬਰਾਬਰ ਨਹੀਂ ਹੁੰਦੇ ਜਿਸਨੂੰ ਹਰ ਵੇਲੇ ਪਰਮਾਤਮਾ ਯਾਦ ਰਹਿੰਦਾ ਹੈ ਕਿਉਂਕਿ ਉਸ ਕੀੜੀ ਨੇ ਉਹ ਨਾਮ ਧਨ ਇਕੱਠਾ ਕੀਤਾ ਹੈ ਜਿਹੜਾ

ਕਿ ਮਰਨ ਤੋਂ ਬਾਅਦ ਉਸ ਦੇ ਨਾਲ ਜਾਏਗਾ ਜਦ ਕਿ ਰਾਜੇ ਦਾ ਇਕੱਠਾ ਕੀਤਾ ਹੋਇਆ ਮਾਲ ਧਨ ਇੱਥੇ ਹੀ ਰਹਿ ਜਾਏਗਾ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਦੁਨੀਆ ਦੇ ਧਨ ਪਦਾਰਥ ਕਮਾਉਣ ਵਿਚ ਅਸੀਂ ਇੰਨੇ ਜਿਆਦਾ ਨਾ ਰੁੱਝ ਜਾਈਏ ਕਿ ਸਾਨੂੰ ਪਰਮੇਸ਼ਰ ਦੀ ਯਾਦ ਹੀ ਭੁੱਲ ਜਾਵੇ। ਸਾਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਦੁਨੀਆ ਦਾ ਧਨ ਅਸੀਂ ਜਿੰਨਾ ਮਰਜੀ ਇਕੱਠਾ ਕਰ ਲਈਏ ਪਰ ਇਹ ਧਨ ਸਰੀਰ ਛੱਡਣ ਤੋਂ ਬਾਅਦ ਇੱਥੇ ਹੀ ਰਹਿ ਜਾਣਾ ਹੈ ਅਤੇ ਸਾਡੀ ਆਤਮਾ ਦੇ ਨਾਲ ਨਹੀਂ ਜਾਣਾ।

ਇਸ ਸੰਬੰਧ ਵਿਚ ਗੁਰਬਾਣੀ ਦਾ ਫੁਰਮਾਨ ਹੈ:-

**"ਕਾਚਾ ਧਨੁ ਸੰਚਹਿ ਮੂਰਖ ਗਾਵਾਰ॥ ਮਨਮੁਖ ਭੂਲੇ ਅੰਧ ਗਾਵਾਰ॥**
**ਬਿਖਿਆ ਕੈ ਧਨਿ ਸਦਾ ਦੁਖੁ ਹੋਇ॥ ਨਾ ਸਾਥਿ ਜਾਇ ਨ ਪਰਾਪਤਿ ਹੋਇ॥**
**ਸਾਚਾ ਧਨੁ ਗੁਰਮਤੀ ਪਾਏ॥ ਕਾਚਾ ਧਨੁ ਫੁਨਿ ਆਵੈ ਜਾਏ॥" (ਅੰਗ:665)**

ਕੱਚੇ ਧਨ ਦੇ ਮੁਕਾਬਲੇ ਵਿਚ ਗੁਰਦੇਵ ਪਿਤਾ ਸਾਨੂੰ ਬਾਰ-ਬਾਰ ਸੱਚਾ ਧਨ ਇਕੱਠਾ ਕਰਨ ਦੀ ਸਿੱਖਿਆ ਦਿੰਦੇ ਹਨ ਕਿਉਂਕਿ ਇਹ ਐਸਾ ਧਨ ਹੈ ਜਿਹੜਾ ਸਾਡੇ ਹਲਤ-ਪਲਤ ਦੋਹਾਂ ਨੂੰ ਸਵਾਰ ਦਿੰਦਾ ਹੈ ਅਤੇ ਹਰੀ ਧਨ ਨੂੰ ਕਮਾਉਣ ਦੀ ਜੁਗਤਿ ਹੈ-'**ਸਾਧ ਸੰਗਤ**' ਇਸ ਸੰਬੰਧ ਵਿਚ ਗੁਰਬਾਣੀ ਦਾ ਫੁਰਮਾਨ ਹੈ:-

**"ਹਰਿ ਧਨੁ ਸੰਚੀਐ ਭਾਈ॥ ਜਿ ਹਲਤਿ ਪਲਤਿ ਹਰਿ ਹੋਇ ਸਖਾਈ॥ਰਹਾਉ॥**
**ਸਤਸੰਗਤੀ ਸੰਗਿ ਹਰਿ ਧਨੁ ਖਟੀਐ ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ॥" (ਅੰਗ:734)**

ਨਾਮ ਧਨ ਇਕ ਅਜਿਹਾ ਧਨ ਹੈ ਜਿਹੜਾ ਕਿ ਸਾਡਾ ਉਥੇ ਵੀ ਸਹਾਈ ਹੁੰਦਾ ਹੈ ਜਿਥੇ ਸਾਡੇ ਨਾਲ ਨਾ ਸਾਡੀ ਮਾਤਾ, ਨਾ ਪਿਤਾ, ਨਾ ਪੁੱਤਰ, ਨਾ ਮਿੱਤਰ, ਨਾ ਭਰਾ ਸਹਾਈ ਹੋਣਗੇ। ਇਸ ਸੰਬੰਧ ਵਿਚ ਗੁਰਬਾਣੀ ਫੁਰਮਾਨ ਇਉਂ ਹੈ :-

**"ਜਹ ਮਾਤ ਪਿਤਾ ਸੁਤ ਮੀਤ ਨ ਭਾਈ॥**
**ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥" (ਅੰਗ:264)**

ਇਸ ਲਈ ਸਾਨੂੰ ਹਰ ਵੇਲੇ ਸੱਚੇ "ਨਾਮ ਧਨ" ਨੂੰ ਇਕੱਠਾ ਕਰਨ ਲਈ ਪ੍ਰਯਤਨਸ਼ੀਲ ਰਹਿਣਾ ਚਾਹੀਦਾ ਹੈ ਅਤੇ ਇਸਦੇ ਲਈ ਸਾਨੂੰ ਹਰ ਰੋਜ਼ ਸਾਧਸੰਗਤਿ ਜ਼ਰੂਰ ਕਰਨੀ ਚਾਹੀਦੀ ਹੈ ਕਿਉਂਕਿ ਹਰੀ ਧਨ ਦੀ ਪ੍ਰਾਪਤੀ ਦਾ ਸਾਧਨ ਕੇਵਲ ਤੇ ਕੇਵਲ ਹੈ ਹੀ ਸਾਧਸੰਗਤਿ।

# ਚੌਵੀਵੀਂ ਪਉੜੀ

**ਅੰਤੁ ਨ ਸਿਫਤੀ ਕਹਣਿ ਨ ਅੰਤੁ॥ ਅੰਤੁ ਨ ਕਰਣੈ ਦੇਣਿ ਨ ਅੰਤੁ॥**
**ਅੰਤੁ ਨ ਵੇਖਣਿ ਸੁਣਣਿ ਨ ਅੰਤੁ॥ ਅੰਤੁ ਨ ਜਾਪੈ ਕਿਆ ਮਨਿ ਮੰਤੁ॥**
**ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥**
**ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥**
**ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥**
**ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥**
**ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥**
**ਜੇਵਡੁ ਆਪਿ ਜਾਣੈ ਆਪਿ ਆਪਿ॥**
**ਨਾਨਕ ਨਦਰੀ ਕਰਮੀ ਦਾਤਿ॥੨੪॥**

**ਪਦ-ਅਰਥ:- ਸਿਫਤੀ**-ਸਿਫ਼ਤਾਂ ਦਾ। **ਕਰਣੈ**-ਬਣਾਈ ਹੋਈ ਕੁਦਰਤ ਦਾ। **ਦੇਣਿ**-ਦੇਣ ਵਿਚ, ਦਾਤਾਂ ਦੇਣ ਨਾਲ। **ਨ ਜਾਪੈ**-ਨਹੀਂ ਜਾਪਦਾ ।**ਮੰਤੁ**-ਸਲਾਹ। **ਪਾਰਾਵਾਰੁ**-ਪਾਰਲਾ ਤੇ ਉਰਲਾ ਬੰਨਾ। **ਬਿਲਲਾਹਿ**-ਵਿਲਕਦੇ ਹਨ। **ਨ ਪਾਏ ਜਾਹਿ**-ਲੱਭੇ ਨਹੀਂ ਜਾ ਸਕਦੇ। **ਏਹੁ ਅੰਤੁ**-ਇਹ ਹੱਦ-ਬੰਨਾ। **ਬਹੁਤਾ ਹੋਇ**-ਹੋਰ ਵੱਡਾ, ਹੋਰ ਵੱਡਾ! **ਊਚੇ ਉਪਰਿ ਊਚਾ**-ਉੱਚੇ ਤੋਂ ਉੱਚਾ, ਬਹੁਤ ਉੱਚਾ। **ਨਾਉ**-ਨਾਮਣਾ, ਵਡਿਆਈ। **ਏਵਡੁ**-ਇਤਨਾ ਵੱਡਾ।**ਜੇਵਡੁ**-ਜੇਡਾ ਵੱਡਾ।**ਆਪਿ ਆਪਿ**-ਕੇਵਲ ਆਪ ਹੀ। **ਨਦਰੀ**-ਮਿਹਰ ਦੀ ਨਜ਼ਰ ਕਰਨ ਵਾਲਾ ਹਰੀ। **ਕਰਮੀ**-ਬਖ਼ਸ਼ਸ਼ ਨਾਲ । **ਦਾਤਿ**-ਬਖ਼ਸ਼ਸ਼।੨੪।

**ਅਰਥ**:- ਅਕਾਲ ਪੁਰਖ ਦੇ ਗੁਣਾਂ ਦਾ ਕੋਈ ਹੱਦ-ਬੰਨਾ ਨਹੀਂ ਹੈ, ਗਿਣਨ ਨਾਲ ਭੀ ਗੁਣਾਂ ਦਾ ਅੰਤ ਨਹੀਂ ਪੈ ਸਕਦਾ। ਅਕਾਲ ਪੁਰਖ ਦੀ ਰਚਨਾ ਤੇ ਦਾਤਾਂ ਦਾ ਅੰਤ ਨਹੀਂ ਪੈ ਸਕਦਾ। ਵੇਖਣ ਤੇ ਸੁਣਨ ਨਾਲ ਭੀ ਉਸ ਦੇ ਗੁਣਾਂ ਦਾ ਪਾਰ ਨਹੀਂ ਪਾ ਸਕੀਦਾ। ਉਸ ਅਕਾਲ ਪੁਰਖ ਦੇ ਮਨ ਵਿਚ ਕਿਹੜੀ ਸਲਾਹ ਹੈ-ਇਸ ਗੱਲ ਦਾ ਭੀ ਅੰਤ ਨਹੀਂ ਪਾਇਆ ਜਾ ਸਕਦਾ। ਅਕਾਲ ਪੁਰਖ ਨੇ ਇਹ ਜਗਤ ਜੋ ਦਿੱਸ ਰਿਹਾ ਹੈ, ਬਣਾਇਆ ਹੈ, ਪਰ ਇਸ ਦਾ ਅਖ਼ੀਰ, ਇਸ ਦਾ ਉਰਲਾ ਤੇ ਪਾਰਲਾ ਬੰਨਾ ਕੋਈ ਨਹੀਂ ਦਿੱਸਦਾ। ਕਈ ਮਨੁੱਖ ਅਕਾਲ ਪੁਰਖ ਦਾ ਹੱਦ-ਬੰਨਾ ਲੱਭਣ ਲਈ ਤਰਲੇ ਲੈ ਰਹੇ ਹਨ, ਪਰ ਉਸ ਦੇ ਹੱਦ-ਬੰਨੇ ਲੱਭੇ ਨਹੀਂ ਜਾ ਸਕਦੇ। ਜਿਉਂ ਜਿਉਂ ਇਹ ਗੱਲ ਆਖੀ ਜਾਈਏ ਕਿ ਉਹ ਵੱਡਾ ਹੈ, ਤਿਉਂ ਤਿਉਂ ਉਹ ਹੋਰ ਵੱਡਾ, ਹੋਰ ਵੱਡਾ ਪਰਤੀਤ ਹੋਣ ਲੱਗ ਪੈਂਦਾ ਹੈ।

ਅਕਾਲ ਪੁਰੱਖ ਵੱਡਾ ਹੈ, ਉਸ ਦਾ ਟਿਕਾਣਾ ਅਤੇ ਨਾਮਣਾ ਭੀ ਉੱਚਾ ਹੈ। ਜੇ ਕੋਈ ਹੋਰ ਉਸ ਜੇਡਾ ਵੱਡਾ ਹੋਵੇ, ਉਹ ਹੀ ਉਸ ਉੱਚੇ ਅਕਾਲ ਪੁਰਖ ਨੂੰ ਸਮਝ ਸਕਦਾ ਹੈ ਕਿ ਉਹ ਕੇਡਾ ਵੱਡਾ ਹੈ। ਅਕਾਲ ਪੁਰਖ ਆਪ ਹੀ ਜਾਣਦਾ ਹੈ ਕਿ ਉਹ ਆਪ ਕੇਡਾ ਵੱਡਾ ਹੈ। ਹੇ ਨਾਨਕ! ਹਰੇਕ ਦਾਤ ਮਿਹਰ ਦੀ ਨਜ਼ਰ ਕਰਨ ਵਾਲੇ ਅਕਾਲ ਪੁਰਖ ਦੀ ਬਖ਼ਸ਼ਸ਼ ਨਾਲ ਮਿਲਦੀ ਹੈ।

**ਉਚਾਰਨ ਪਾਠ:-**

(1) ਸਿਫਤੀਂ, ਬਿਲਲਾਹਿੰ, ਜਾਹਿੰ, ਥਾਂਉ, ਨਾਂਉ ਸ਼ਬਦ ਬਿੰਦੀ ਸਹਿਤ ਉਚਾਰਨੇ ਹਨ।
(2) ਕਰਣੈ, ਜਾਪੈ, ਕਹੀਐ, ਹੋਵੈ, ਜਾਣੈ ਸ਼ਬਦ ਦੁਲਾਵਾਂ ਸਹਿਤ ਉਚਾਰਨੇ ਹਨ।

# ਚੌਵੀਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

**"ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥
ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥"**

ਗੁਰਦੇਵ ਪਿਤਾ ਇਸ ਪਉੜੀ ਵਿਚ ਜਦੋਂ ਅਕਾਲ ਪੁਰਖੁ ਦੀਆਂ ਬਖਸ਼ਿਸ਼ਾਂ ਦਾ ਜ਼ਿਕਰ ਕਰਦੇ ਹਨ ਤਾਂ ਸਾਨੂੰ ਸਮਝਾਉਂਦੇ ਹਨ ਕਿ ਉਸ ਪਰਮੇਸ਼ਰ ਦੇ ਮਨ ਦਾ ਭੇਦ ਕੋਈ ਨਹੀਂ ਪਾ ਸਕਦਾ ਕਿ ਉਸ ਦੇ ਮਨ ਵਿਚ ਕੀ ਹੈ। ਸਤਿਗੁਰੂ ਫੁਰਮਾਉਂਦੇ ਹਨ ਕਿ ਉਸ ਦੀਆਂ ਸਾਡੇ ਉੱਤੇ ਕੀਤੀਆਂ ਤੇ ਬਖਸ਼ੀਆਂ ਹੋਈਆਂ ਰਹਿਮਤਾਂ, ਦਾਤਾਂ, ਰਚਨਾਵਾਂ ਆਦਿ ਦਾ ਕੋਈ ਥਹੁ ਪਤਾ ਨਹੀਂ ਜਾਣ ਸਕਦਾ। ਉਸਦਾ ਹੱਦ ਬੰਨਾ ਜਾਨਣ ਲਈ ਲੋਕੀਂ ਯਤਨ ਕਰ ਕਰਕੇ ਥੱਕ ਗਏ ਪਰ ਤਾਂ ਵੀ ਉਸਦਾ ਅੰਤ ਨਹੀਂ ਪਾ ਸਕੇ । ਜਿੰਨਾ ਵਧੇਰੇ ਅਸੀਂ ਉਸ ਬਾਰੇ ਬਿਆਨ ਕਰਦੇ ਹਾਂ ਤਿਉਂ-ਤਿਉਂ ਉਹ ਹੋਰ ਵੱਡਾ ਪ੍ਰਤੀਤ ਹੋਣ ਲੱਗ ਪੈਂਦਾ ਹੈ। ਯਥਾ :

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਉਸਦਾ ਅੰਤ ਪਾਉਣ ਦਾ ਯਤਨ ਨਹੀਂ ਕਰਨਾ। ਸਿੱਖ ਲਈ ਮੰਜ਼ਿਲ ਹੈ ਕਿ ਉਸ ਅਕਾਲ ਪੁਰਖੁ ਵਿਚ ਸਮਾਉਣਾ ਨਾ ਕਿ ਉਸਦਾ ਅੰਤ ਪਾਉਣਾ।

## ਦੂਜੀ ਸਿੱਖਿਆ

**"ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥"**

ਅਕਾਲ ਪੁਰਖੁ ਬਹੁਤ ਵੱਡਾ ਹੈ ਅਤੇ ਉਸਦਾ ਟਿਕਾਣਾ ਵੀ ਬਹੁਤ ਉੱਚਾ ਹੈ। ਜੇਕਰ ਕੋਈ ਉਸ ਅਕਾਲ ਪੁਰਖੁ ਜਿੰਨਾ ਵੱਡਾ ਤੇ ਉੱਚਾ ਹੋਵੇ ਜਿੱਡਾ ਕਿ ਅਕਾਲ ਪੁਰਖੁ ਆਪ ਹੈ ਤਦ ਹੀ ਉਹ ਉਸ ਅਕਾਲ ਪੁਰਖੁ ਨੂੰ ਜਾਣ ਸਕੇਗਾ।

ਸਾਰੀ ਕਾਇਨਾਤ ਵਿਚ ਕੋਈ ਵੀ ਬੰਦਾ ਇੰਨਾ ਉੱਚਾ ਨਹੀਂ ਹੋ ਸਕਦਾ ਜਿਹੜਾ ਕਿ ਅਕਾਲ ਪੁਰਖੁ ਦਾ ਭੇਦ ਪਾ ਸਕਦਾ ਹੋਵੇ ਅਤੇ ਉਸਦਾ ਅੰਤ ਜਾਣ ਸਕਦਾ ਹੋਵੇ ਪਰ ਇਕ ਗੱਲ ਪੱਕੀ ਹੈ ਕਿ ਜੇ ਕੋਈ ਬੰਦਾ ਮਨ ਵਿਚ ਨਿਮਰਤਾ ਅਤੇ ਗਰੀਬੀ ਧਾਰਨ ਕਰ ਲਵੇ ਤਾਂ ਅਧਿਆਤਮਕ ਤੌਰ ਤੇ ਉਸਦਾ ਦਰਜਾ ਬਹੁਤ ਉੱਚਾ ਹੋ ਜਾਂਦਾ ਹੈ ਅਤੇ ਅਕਾਲ ਪੁਰਖੁ ਬਾਰੇ ਜਾਣ ਕੇ ਉਹ ਉਸ ਵਿਚ ਸਮਾ ਸਕਦਾ ਹੈ। ਗੁਰਬਾਣੀ ਫੁਰਮਾਨ ਇਉਂ ਹੈ :-

**"ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥" (ਅੰਗ:266)**

# ਪੱਚੀਵੀਂ ਪਉੜੀ

**ਬਹੁਤਾ ਕਰਮੁ ਲਿਖਿਆ ਨਾ ਜਾਇ॥ ਵਡਾ ਦਾਤਾ ਤਿਲੁ ਨ ਤਮਾਇ॥**
**ਕੇਤੇ ਮੰਗਹਿ ਜੋਧ ਅਪਾਰ॥ ਕੇਤਿਆ ਗਣਤ ਨਹੀ ਵੀਚਾਰੁ॥**
**ਕੇਤੇ ਖਪਿ ਤੁਟਹਿ ਵੇਕਾਰ॥**
**ਕੇਤੇ ਲੈ ਲੈ ਮੁਕਰੁ ਪਾਹਿ॥ ਕੇਤੇ ਮੂਰਖ ਖਾਹੀ ਖਾਹਿ॥**
**ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥**
**ਬੰਦਿ ਖਲਾਸੀ ਭਾਣੈ ਹੋਇ॥ ਹੋਰੁ ਆਖਿ ਨ ਸਕੈ ਕੋਇ॥**
**ਜੇ ਕੋ ਖਾਇਕੁ ਆਖਣਿ ਪਾਇ॥ ਓਹੁ ਜਾਣੈ ਜੇਤੀਆ ਮੁਹਿ ਖਾਇ॥**
**ਆਪੇ ਜਾਣੈ ਆਪੇ ਦੇਇ॥ ਆਖਹਿ ਸਿ ਭਿ ਕੇਈ ਕੇਇ॥**
**ਜਿਸ ਨੋ ਬਖਸੇ ਸਿਫਤਿ ਸਾਲਾਹ॥**
**ਨਾਨਕ ਪਾਤਿਸਾਹੀ ਪਾਤਿਸਾਹੁ॥੨੫॥**

**ਪਦ-ਅਰਥ**:- **ਕਰਮੁ**-ਬਖ਼ਸ਼ਸ਼ । **ਤਿਲੁ**-ਤਿਲ ਜਿਤਨੀ ਭੀ। **ਤਮਾਇ**-ਲਾਲਚ, ਤ੍ਰਿਸ਼ਨਾ।**ਜੋਧ ਅਪਾਰ**- ਅਨਗਿਣਤ ਸੂਰਮੇ।**ਗਣਤ**-ਗਿਣਤੀ।**ਵੇਕਾਰ**-ਵਿਕਾਰਾਂ ਵਿਚ। **ਖਪਿ ਤੁਟਹਿ**-ਖਪ ਖਪ ਕੇ ਨਾਸ ਹੁੰਦੇ ਹਨ। **ਮੁਕਰੁ ਪਾਹਿ**-ਮੁਕਰ ਪੈਂਦੇ ਹਨ। **ਦਾਤਾਰ**-ਹੇ ਦੇਣਹਾਰ ਅਕਾਲ ਪੁਰਖ! **ਬੰਦਿ**-ਮਾਇਆ ਦੇ ਮੋਹ ਤੋਂ। **ਖਲਾਸੀ**-ਛੁਟਕਾਰਾ। **ਭਾਣੈ**-ਅਕਾਲ ਪੁਰਖ ਦੀ ਰਜ਼ਾ ਵਿਚ ਤੁਰਿਆਂ।**ਹੋਰੁ**-ਭਾਣੇ ਦੇ ਉਲਟ ਕੋਈ ਹੋਰ ਤਰੀਕਾ। **ਕੋਇ**-ਕੋਈ ਮਨੁੱਖ। **ਖਾਇਕੁ**-ਮੂਰਖ। **ਆਖਣਿ ਪਾਇ**-ਆਖਣ ਦਾ ਜਤਨ ਕਰੇ।**ਦੇਇ**-ਦੇਂਦਾ ਹੈ।**ਸਿ ਭਿ**-ਇਹ ਗੱਲ ਭੀ। **ਕੇਈ ਕੇਇ**-ਕਈ ਮਨੁੱਖ। **ਪਾਤਿਸਾਹੀ ਪਾਤਿਸਾਹੁ**-ਪਾਤਿਸ਼ਾਹਾਂ ਦੇ ਪਾਤਿਸ਼ਾਹ।੨੫।

**ਅਰਥ**:- ਅਕਾਲ ਪੁਰਖ ਬੜੀਆਂ ਦਾਤਾਂ ਦੇਣ ਵਾਲਾ ਹੈ, ਉਸ ਨੂੰ ਰੱਤਾ ਭੀ ਲਾਲਚ ਨਹੀਂ। ਉਸ ਦੀ ਬਖ਼ਸ਼ਸ਼ ਏਡੀ ਵੱਡੀ ਹੈ ਕਿ ਲਿਖਣ ਵਿਚ ਲਿਆਂਦੀ ਨਹੀਂ ਜਾ ਸਕਦੀ। ਬੇਅੰਤ ਸੂਰਮੇ ਅਤੇ ਕਈ ਹੋਰ ਅਜਿਹੇ, ਜਿਨ੍ਹਾਂ ਦੀ ਗਿਣਤੀ 'ਤੇ ਵਿਚਾਰ ਨਹੀਂ ਹੋ ਸਕਦੀ, ਅਕਾਲ ਪੁਰਖ ਦੇ ਦਰ 'ਤੇ ਮੰਗ ਰਹੇ ਹਨ, ਕਈ ਜੀਵ ਉਸ ਦੀਆਂ ਦਾਤਾਂ ਵਰਤ ਕੇ ਵਿਕਾਰਾਂ ਵਿਚ ਹੀ ਖਪ ਖਪ ਕੇ ਨਾਸ ਹੁੰਦੇ ਹਨ।

ਬੇਅੰਤ ਜੀਵ ਅਕਾਲ ਪੁਰਖ ਦੇ ਦਰ ਤੋਂ ਪਦਾਰਥ ਪਰਾਪਤ ਕਰ ਕੇ ਮੁਕਰ ਪੈਂਦੇ ਹਨ ਭਾਵ, ਕਦੇ ਸ਼ੁਕਰ ਵਿਚ ਆ ਕੇ ਇਹ ਨਹੀ ਆਖਦੇ ਕਿ ਸਭ ਪਦਾਰਥ ਪ੍ਰਭੂ ਆਪ ਦੇ ਰਿਹਾ ਹੈ। ਅਨੇਕਾਂ ਮੂਰਖ ਪਦਾਰਥ ਲੈ ਕੇ ਖਾਹੀ ਹੀ ਜਾਂਦੇ ਹਨ ਪਰ ਦਾਤਾਰ ਨੂੰ ਚੇਤੇ ਨਹੀਂ ਰੱਖਦੇ।ਅਨੇਕਾਂ ਜੀਵਾਂ ਨੂੰ ਸਦਾ ਮਾਰ, ਕਲੇਸ਼ ਅਤੇ ਭੁਖ ਹੀ ਭਾਗਾਂ ਵਿਚ ਲਿਖੇ ਹਨ।

ਪਰ ਹੇ ਦੇਣਹਾਰ ਅਕਾਲ ਪੁਰਖ! ਇਹ ਭੀ ਤੇਰੀ ਬਖ਼ਸ਼ਸ਼ ਹੀ ਹੈ ਕਿਉਂਕਿ ਇਹਨਾਂ ਦੁੱਖਾਂ ਕਲੇਸ਼ਾਂ ਦੇ ਕਾਰਨ ਹੀ ਮਨੁੱਖ ਨੂੰ ਰਜ਼ਾ ਵਿਚ ਤੁਰਨ ਦੀ ਸਮਝ ਪੈਂਦੀ ਹੈ।ਤੇ ਮਾਇਆ ਦੇ ਮੋਹ ਰੂਪ ਬੰਧਨ ਤੋਂ ਛੁਟਕਾਰਾ ਅਕਾਲ ਪੁਰਖ ਦੀ ਰਜ਼ਾ ਵਿਚ ਤੁਰਿਆਂ ਹੀ ਹੁੰਦਾ ਹੈ।

ਰਜ਼ਾ ਤੋਂ ਬਿਨਾ ਕੋਈ ਹੋਰ ਤਰੀਕਾ ਕੋਈ ਮਨੁੱਖ ਨਹੀਂ ਦੱਸ ਸਕਦਾ ਭਾਵ, ਕੋਈ ਮਨੁੱਖ

ਨਹੀਂ ਦੱਸ ਸਕਦਾ ਕਿ ਰਜ਼ਾ ਵਿਚ ਤੁਰਨ ਤੋਂ ਬਿਨਾ ਮੋਹ ਤੋਂ ਛੁਟਕਾਰੇ ਦਾ ਕੋਈ ਹੋਰ ਵਸੀਲਾ ਭੀ ਹੋ ਸਕਦਾ ਹੈ।

ਪਰ ਜੇ ਕੋਈ ਮੂਰਖ ਮਾਇਆ ਦੇ ਮੋਹ ਤੋਂ ਛੁਟਕਾਰੇ ਦਾ ਕੋਈ ਹੋਰ ਵਸੀਲਾ ਦੱਸਣ ਦਾ ਜਤਨ ਕਰੇ ਤਾਂ ਉਹੀ ਜਾਣਦਾ ਹੈ ਜਿਤਨੀਆਂ ਚੋਟਾਂ ਉਹ ਇਸ ਮੂਰਖਤਾ ਦੇ ਕਾਰਨ ਆਪਣੇ ਮੂੰਹ ਉੱਤੇ ਖਾਂਦਾ ਹੈ ਭਾਵ, 'ਕੂੜ' ਤੋਂ ਬਚਣ ਲਈ ਇਕੋ ਹੀ ਤਰੀਕਾ ਹੈ ਕਿ ਮਨੁੱਖ ਰਜ਼ਾ ਵਿਚ ਤੁਰੇ।

ਪਰ ਜੇ ਕੋਈ ਮੂਰਖ ਕੋਈ ਹੋਰ ਤਰੀਕਾ ਭਾਲਦਾ ਹੈ ਤਾਂ ਇਸ 'ਕੂੜ' ਤੋਂ ਬਚਣ ਦੇ ਥਾਂ ਸਗੋਂ ਵਧੀਕ ਦੁਖੀ ਹੁੰਦਾ ਹੈ।(ਸਾਰੇ ਨ-ਸ਼ੁਕਰੇ ਹੀ ਨਹੀਂ ਹਨ)। ਕਈ ਮਨੁੱਖ ਇਹ ਗੱਲ ਭੀ ਆਖਦੇ ਹਨ ਕਿ ਅਕਾਲ ਪੁਰਖ ਆਪ ਹੀ ਜੀਵਾਂ ਦੀਆਂ ਲੋੜਾਂ ਜਾਣਦਾ ਹੈ ਤੇ ਆਪ ਹੀ ਦਾਤਾਂ ਦੇਂਦਾ ਹੈ।

ਹੇ ਨਾਨਕ! ਜਿਸ ਮਨੁੱਖ ਨੂੰ ਅਕਾਲ ਪੁਰਖ ਆਪਣੀ ਸਿਫ਼ਤਿ-ਸਾਲਾਹ ਬਖਸ਼ਦਾ ਹੈ, ਉਹ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ ਸਿਫ਼ਤਿ-ਸਾਲਾਹ ਹੀ ਸਭ ਤੋਂ ਉੱਚੀ ਦਾਤਿ ਹੈ।੨੫।

**ਉਚਾਰਨ ਪਾਠ:-** ਮੰਗਹਿੰ, ਕੇਤਿਆਂ, ਤੁਟਹਿੰ, ਪਾਹਿੰ, ਖਾਹਿੰ, ਮੁਹਿੰ, ਆਖਹਿੰ, ਪਾਤਸ਼ਾਹੀਂ ਸ਼ਬਦ ਬਿੰਦੀ ਸਹਿਤ ਉਚਾਰਨੇ ਹਨ। ਬਖਸ਼ੇ, ਪਾਤਸ਼ਾਹੁ, ਪਾਤਸ਼ਾਹੀਂ, ਸ਼ਬਦਾਂ ਨੂੰ ਪੈਰੀਂ ਬਿੰਦੀ ਲਾ ਕੇ ਉਚਾਰਨਾ, ਸ਼ੁੱਧ ਪਾਠ ਕਰਨਾ ਹੈ।

# ਪੱਚੀਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

### "ਬਹੁਤਾ ਕਰਮੁ ਲਿਖਿਆ ਨਾ ਜਾਇ॥ ਵਡਾ ਦਾਤਾ ਤਿਲੁ ਨ ਤਮਾਇ॥"

ਵਾਹਿਗੁਰੂ ਦੀਆਂ ਬਖਸ਼ਿਸ਼ਾਂ ਕਥਨ ਤੋਂ ਪਰ੍ਹੇ ਹਨ ਜਿਨ੍ਹਾਂ ਦਾ ਜ਼ਿਕਰ ਕਰਨਾ ਅਸੰਭਵ ਹੈ। ਹੋਰ ਤਾਂ ਹੋਰ ਜਿਹੜਾ ਉਸ ਨੇ ਸਾਨੂੰ ਨਿਰੋਗ ਸਰੀਰ ਦਿੱਤਾ ਹੈ ਇਸਦਾ ਵੀ ਕਥਨ ਨਹੀਂ ਕੀਤਾ ਜਾ ਸਕਦਾ। ਅਸੀਂ ਬੋਲ ਸਕਦੇ ਹਾਂ, ਦੇਖ ਸਕਦੇ ਹਾਂ, ਸੁਣ ਸਕਦੇ ਹਾਂ, ਹੱਥਾਂ ਨਾਲ ਕੰਮ ਕਰ ਸਕਦੇ ਹਾਂ, ਚੱਲ ਸਕਦੇ ਹਾਂ, ਇਹ ਕੋਈ ਛੋਟੀ ਬਖਸ਼ਿਸ਼ ਨਹੀਂ ਹੈ।

ਇਸ ਸੰਬੰਧ ਵਿਚ ਇਕ ਛੋਟੀ ਜਿਹੀ ਘਟਨਾ ਯਾਦ ਆ ਗਈ। ਇਕ ਵਾਰ ਇਕ ਬੰਦਾ ਕਿਸੇ ਗੁਰਮੁਖ ਦੇ ਕੋਲ ਜਾਂਦਾ ਹੈ। ਉਹ ਬੰਦਾ ਬੜੇ ਹੀ ਦਿਨਾਂ ਤੋਂ ਭੁੱਖਾ ਹੁੰਦਾ ਹੈ ਅਤੇ ਉਸ ਦੇ ਕੱਪੜੇ ਵੀ ਮੈਲੇ ਕੁਚੈਲੇ ਤੇ ਪਾਟੇ ਹੁੰਦੇ ਹਨ। ਉਹ ਗੁਰਮੁੱਖਾਂ ਨੂੰ ਬੇਨਤੀ ਕਰਦਾ ਹੈ ਕਿ ਮੈਂ ਬੜੇ ਦਿਨਾਂ ਤੋਂ ਭੋਜਨ ਨਹੀਂ ਛਕਿਆ ਮੈਨੂੰ ਪ੍ਰਸ਼ਾਦਾ ਛਕਾਓ। ਗੁਰਮੁਖ ਉਸ ਲਈ ਪ੍ਰਸ਼ਾਦਾ ਮੰਗਵਾਂਦੇ ਹਨ ਅਤੇ ਕਹਿੰਦੇ ਹਨ ਕਿ ਵਾਹਿਗੁਰੂ ਦਾ ਧੰਨਵਾਦ ਕਰ ਲੈ ਅਤੇ ਪ੍ਰਸ਼ਾਦਾ ਛੱਕ ਲੈ। ਉਹ ਬੰਦਾ ਪ੍ਰਸ਼ਾਦੇ ਵਾਲੀ ਥਾਲੀ ਨੂੰ ਇਕ ਪਾਸੇ ਕਰ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਵਾਹਿਗੁਰੂ ਦਾ ਧੰਨਵਾਦ ਕਿਉਂ ਕਰਾਂ, ਵਾਹਿਗੁਰੂ ਨੇ ਮੈਨੂੰ ਦਿੱਤਾ ਹੀ ਕੀ ਹੈ? ਗੁਰਮੁੱਖ ਉਸ ਵੱਲ ਮੁਸਕਰਾ ਕੇ ਦੇਖਦੇ ਹਨ ਅਤੇ ਕਹਿੰਦੇ ਹਨ ਕਿ ਅੱਛਾ ਕੋਈ ਗੱਲ ਨਹੀਂ, ਭਾਵੇਂ ਤੂੰ ਧੰਨਵਾਦ ਨਾ ਵੀ ਕਰ ਪਰ ਪ੍ਰਸ਼ਾਦਾ ਛੱਕ ਲੈ। ਉਹ ਬੰਦਾ ਪ੍ਰਸ਼ਾਦਾ ਛੱਕ ਲੈਂਦਾ ਹੈ। ਗੁਰਮੁੱਖ ਉਸ ਨੂੰ ਕਹਿੰਦੇ ਹਨ ਕਿ ਥੋੜ੍ਹੇ ਦਿਨਾਂ ਲਈ ਤੂੰ ਸਾਡੇ ਕੋਲ ਰੁਕ ਜਾ। ਉਹ ਉਨ੍ਹਾਂ ਕੋਲ ਰੁਕ ਜਾਂਦਾ ਹੈ ਅਤੇ ਗੁਰਮੁੱਖ ਰੋਜ ਉਸਨੂੰ ਤਿੰਨ ਵੇਲੇ ਪ੍ਰਸ਼ਾਦਾ ਛਕਾਉਂਦੇ ਹਨ ਅਤੇ ਨਵੇਂ ਕੱਪੜੇ ਵੀ ਲੈ ਦਿੰਦੇ ਹਨ। ਥੋੜ੍ਹੇ ਦਿਨਾਂ ਬਾਦ ਉਸ ਦੀ ਸਿਹਤ ਵੀ ਚੰਗੀ ਹੋ ਜਾਂਦੀ ਹੈ ਅਤੇ ਨਵੇਂ ਕੱਪੜੇ ਪਾ ਕੇ ਉਸ ਨੂੰ ਚੰਗਾ ਲੱਗਦਾ ਹੈ।

ਉਹ ਗੁਰਮੁੱਖਾਂ ਕੋਲ ਆ ਕੇ ਕਹਿੰਦਾ ਹੈ ਕਿ "ਤੁਹਾਡਾ ਬਹੁਤ ਧੰਨਵਾਦ ਤੁਸੀਂ ਮੇਰਾ ਬਹੁਤ ਧਿਆਨ ਰੱਖਿਆ, ਤੁਸੀਂ ਮੈਨੂੰ ਹੁਣ ਇਜਾਜਤ ਦੇਵੋ" ਅਤੇ ਇਹ ਵੀ ਕਹਿੰਦਾ ਹੈ ਕਿ "ਕਦੇ ਕੋਈ ਮੇਰੇ ਲਾਇਕ ਸੇਵਾ ਹੋਵੇ ਤਾਂ ਮੈਨੂੰ ਦਸਿਓ"। ਇਹ ਗੱਲ ਸੁਣ ਕੇ ਗੁਰਮੁਖ ਕਹਿੰਦੇ ਹਨ ਕਿ "ਕੀ ਕਰੇਂਗਾ ਸੇਵਾ?" ਉਹ ਕਹਿੰਦਾ ਹੈ ਕਿ, 'ਹਾਂ ਕਰਾਂਗਾ ਜੀ' ਤਾਂ ਗੁਰਮੁੱਖ ਕਹਿੰਦੇ ਹਨ ਕਿ "ਦੱਸ ਲੱਖ ਰੁਪਿਆ ਲੈ ਲੈ ਅਤੇ ਆਪਣੀ ਇੱਕ ਅੱਖ ਦੇ ਦੇ।" ਉਹ ਸੁਣ ਕੇ ਹੈਰਾਨ ਹੋ ਜਾਂਦਾ ਹੈ ਕਿ ਮੈਂ ਆਪਣੀ ਅੱਖ ਕਿਵੇਂ ਦੇ ਸਕਦਾ ਹੈ। ਤਾਂ ਗੁਰਮੁੱਖ ਕਹਿੰਦੇ ਹਨ ਕਿ ਅੱਛਾ ! "ਜੇ ਅੱਖ ਨਹੀਂ ਦੇਣੀ ਤਾਂ ਦਸ ਲੱਖ ਦੇ ਬਦਲੇ ਆਪਣਾ ਗੁਰਦਾ ਦੇ ਦੇ"। ਉਹ ਬੰਦਾ ਹੈਰਾਨ ਹੋ ਕੇ ਕਹਿੰਦਾ ਹੈ ਕਿ ਤੁਸੀਂ ਇਵੇਂ ਦੀਆਂ ਗੱਲਾਂ ਕਿਉਂ ਕਰ ਰਹੇ ਹੋ ? ਤਾਂ ਗੁਰਮੁੱਖ ਕਹਿੰਦੇ ਹਨ ਕਿ ਜਦੋਂ ਤੂੰ ਆਇਆ ਸੀ ਤਾਂ ਅਸੀਂ ਤੈਨੂੰ ਕਿਹਾ ਸੀ ਕਿ ਪਰਮਾਤਮਾ ਦਾ ਧੰਨਵਾਦ ਕਰਕੇ ਪ੍ਰਸ਼ਾਦਾ ਛੱਕ ਲੈ ਤਾਂ ਤੂੰ ਕਿਹਾ ਸੀ ਕਿ ਮੈਂ ਉਸ ਪਰਮੇਸ਼ਰ ਦਾ ਧੰਨਵਾਦ ਕਿਉਂ ਕਰਾਂ, ਪਰਮਾਤਮਾ ਨੇ ਮੈਨੂੰ ਦਿੱਤਾ ਹੀ ਕੀ ਹੈ। ਕੀ ਉਦੋਂ ਤੈਨੂੰ ਪਰਮਾਤਮਾ ਨੇ ਇਹ ਚੀਜਾਂ ਨਹੀਂ ਸੀ ਦਿੱਤੀਆਂ ਹੋਈਆਂ ਜਿਹੜੀਆਂ ਹੁਣ ਤੂੰ ਦਸ ਦਸ ਲੱਖ ਰੁਪਏ ਲੈ ਕੇ ਵੀ ਦੇਣ ਨੂੰ ਤਿਆਰ ਨਹੀਂ। ਗੁਰਮੁਖ ਉਸ ਨੂੰ ਸਮਝਾਉਂਦੇ ਹਨ ਕਿ ਜਿਹੜੀਆਂ

ਚੀਜਾਂ ਤੂੰ ਦਸ-ਦਸ ਲੱਖ ਰੁਪਏ ਲੈ ਕੇ ਵੀ ਦੇਣ ਨੂੰ ਤਿਆਰ ਨਹੀਂ, ਉਹ ਵਾਹਿਗੁਰੂ ਨੇ ਤੈਨੂੰ ਮੁਫ਼ਤ ਦਿੱਤੀਆਂ ਹੋਈਆਂ ਹਨ ਅਤੇ ਪਰਮਾਤਮਾ ਨੇ ਜਦੋਂ ਇਹ ਚੀਜਾਂ ਦਿੱਤੀਆਂ, ਉਸ ਬਦਲੇ ਉਸ ਨੂੰ ਰੱਤਾ ਜਿੰਨਾ ਵੀ ਲਾਲਚ ਨਹੀਂ ਸੀ ਕਿ ਇਹ ਬੰਦਾ ਮੇਰਾ ਕੋਈ ਕੰਮ ਸੰਵਾਰੇਗਾ ਜਾਂ ਨਹੀਂ ਸੰਵਾਰੇਗਾ। ਉਸ ਨੇ ਮੁਫ਼ਤ ਹੀ ਦਿੱਤੀਆਂ ਹੋਈਆਂ ਹਨ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਜੇ ਪਰਮਾਤਮਾ ਸਾਨੂੰ ਇੰਨੀਆਂ ਦਾਤਾਂ ਮੁਫ਼ਤ ਵਿਚ ਬਿਨਾਂ ਕਿਸੇ ਲਾਲਚ ਦੇ ਦਿੰਦਾ ਹੈ ਤਾਂ ਅਸੀਂ ਵੀ ਕਿਸੇ ਦੀ ਮਦਦ ਕਰਨ ਲਗਿਆਂ ਮਨ ਦੇ ਵਿਚ ਰੱਤਾ ਜਿੰਨਾ ਵੀ ਕੋਈ ਲਾਲਚ ਨਾ ਰਖੀਏ ।**

## ਦੂਜੀ ਸਿੱਖਿਆ

### "ਬੰਦਿ ਖਲਾਸੀ ਭਾਣੈ ਹੋਇ॥ ਹੋਰੁ ਆਖਿ ਨ ਸਕੈ ਕੋਇ॥"

ਜੇ ਅਸੀਂ ਚਾਹੁੰਦੇ ਹਾਂ ਕਿ ਸਾਡੀ ਬੰਧਨਾਂ ਤੋਂ ਖਲਾਸੀ ਹੋ ਜਾਏ ਅਤੇ ਅਸੀਂ ਜੀਵਨ ਮੁਕਤ ਹੋ ਜਾਈਏ ਤਾਂ ਇਕੋ ਇਕ ਜੁਗਤਿ ਹੈ ਕਿ ਅਸੀਂ ਰੱਬ ਜੀ ਦੇ ਭਾਣੇ ਵਿਚ ਰਹਿਣਾ ਸਿੱਖ ਲਈਏ ਅਰਥਾਤ ਜਿਵੇਂ ਵੀ ਮਾਲਕ ਰੱਖੇ, ਜਿੱਥੇ ਵੀ ਰੱਖੇ ਅਸੀਂ ਹਰ ਵੇਲੇ ਉਸਦਾ ਸ਼ੁਕਰ-ਸ਼ੁਕਰ ਕਰੀਏ ਕਿਉਂਕਿ ਸ਼ੁਕਰਾਨਾ ਹੀ ਇਕ ਐਸੀ ਦਾਤ ਹੈ ਜਿਹੜੀ ਕਿ ਸਾਡਾ ਜਨਮ-ਜਨਮਾਂਤਰਾਂ ਦਾ ਕਰਜ਼ਾ ਉਤਾਰ ਦਿੰਦੀ ਹੈ।

**ਗੁਰਮੁਖਾਂ ਦੇ ਬਚਨ ਹਨ ਕਿ ਅਸੀਂ ਗ੍ਰਹਿਸਥੀ ਹਾਂ, ਅਸੀਂ ਜੰਗਲਾਂ ਵਿਚ ਨਹੀਂ ਜਾਣਾ, ਧੂਣੀਆਂ ਨਹੀਂ ਧੁਖਾਣੀਆਂ, ਪੁੱਠੇ ਨਹੀਂ ਲਟਕਣਾ, ਤਾਂ ਫਿਰ ਜੁਗਤਿ ਕੀ ਹੈ ਪਰਮਾਤਮਾ ਨੂੰ ਰਿਝਾਉਣ ਦੀ ਤਾਂ ਉਸਦਾ ਜਵਾਬ ਹੈ-"ਸ਼ੁਕਰਾਨਾ -ਕੇਵਲ ਸ਼ੁਕਰਾਨਾ"।**

ਸ਼ੁਕਰਾਨੇ ਦੇ ਸੰਬੰਧ ਵਿਚ ਇਕ ਕਹਾਣੀ ਯਾਦ ਆ ਗਈ। ਦੋ ਬੰਦੇ ਭਗਤੀ ਕਰ ਰਹੇ ਹੁੰਦੇ ਹਨ। ਉਨ੍ਹਾਂ ਕੋਲ ਰੱਬ ਦਾ ਦੂਤ ਆਉਂਦਾ ਅਤੇ ਉਨ੍ਹਾਂ ਨੂੰ ਕਹਿੰਦਾ ਹੈ ਕਿ ਮੈਂ ਰੱਬ ਨੂੰ ਮਿਲਣ ਜਾ ਰਿਹਾ ਹਾਂ ਅਤੇ ਜੇਕਰ ਤੁਸੀਂ ਪਰਮੇਸ਼ਰ ਕੋਲ ਆਪਣਾ ਕੋਈ ਸੁਨੇਹਾ ਭੇਜਣਾ ਹੈ ਤਾਂ ਮੈਨੂੰ ਦਸੋ।

ਉਹ ਦੋਨੋਂ ਬੰਦੇ ਉਸ ਦੂਤ ਨੂੰ ਕਹਿੰਦੇ ਕਿ ਤੂੰ ਸਾਡਾ ਸੁਨੇਹਾ ਦੇ ਕੇ ਪੁੱਛੀਂ ਕਿ ਪਰਮਾਤਮਾ ਸਾਨੂੰ ਦਰਸ਼ਨ ਕਦੋਂ ਦੇਣਗੇ। ਦੂਤ ਉਥੋਂ ਚਲਾ ਜਾਂਦਾ ਹੈ ਅਤੇ ਜਦੋਂ ਦੁਬਾਰਾ ਵਾਪਸ ਆਉਂਦਾ ਹੈ ਤਾਂ ਭਗਤੀ ਕਰਨ ਵਾਲੇ ਦੋਨੋਂ ਬੰਦੇ ਪੁੱਛਦੇ ਹਨ ਕਿ ਕੀ ਪਰਮਾਤਮਾ ਨੂੰ ਤੂੰ ਸਾਡਾ ਸੁਨੇਹਾ ਦਿੱਤਾ ਸੀ ? ਤਾਂ ਦੂਤ ਕਹਿੰਦਾ ਹੈ ਕਿ ਮੈਂ ਸੁਨੇਹਾ ਦਿੱਤਾ ਸੀ ਪਰ ਪਰਮਾਤਮਾ ਨੇ ਕਿਹਾ ਕਿ ਤੁਹਾਨੂੰ ਅਜੇ ਹੋਰ ਇੰਨੇ ਸਾਲ ਭਗਤੀ ਕਰਨੀ ਪਵੇਗੀ ਜਿੰਨੇ ਇਸ ਦਰੱਖਤ ਦੇ ਪੱਤੇ ਹਨ ਜਿਸਦੇ ਥੱਲੇ ਬੈਠ ਕੇ ਤੁਸੀਂ ਭਗਤੀ ਕਰ ਰਹੇ ਹੋ, ਤਾਂ ਹੀ ਮੈਂ ਦਰਸ਼ਨ ਦੇਵਾਂਗਾ। ਪਹਿਲਾ ਬੰਦਾ ਇਹ ਸੁਣ ਕੇ ਰੋਸ ਵਿਚ ਆ ਜਾਂਦਾ ਹੈ ਅਤੇ ਕਹਿੰਦਾ ਹੈ ਕਿ ਪਰਮਾਤਮਾ ਨੂੰ ਕਹੋ ਮੇਰੇ ਨਾਲ ਹਿਸਾਬ ਕਰੇ ਕਿਉਂਕਿ ਮੈਨੂੰ ਕਿੰਨੇ ਹੀ ਸਾਲ ਤਪੱਸਿਆ ਕਰਦਿਆਂ ਹੋ ਗਏ ਹਨ, ਮੈਨੂੰ ਦਰਸ਼ਨ ਕਿਉਂ ਨਹੀਂ ਦੇਣੇ। ਉਸਦੀ ਇਹ ਗੱਲ ਸੁਣ ਕੇ ਆਕਾਸ਼ਬਾਣੀ ਹੁੰਦੀ ਹੈ ਕਿ ਜੇ ਤੂੰ ਹਿਸਾਬ ਮੰਗਦਾ ਹੈਂ ਤਾਂ ਤੇਰਾ ਹਿਸਾਬ ਇਹ ਹੈ ਕਿ ਜਿੰਨੇ ਸਾਲ ਤੂੰ ਇਸ ਪੱਥਰ ਤੇ ਬੈਠ ਕੇ ਭਗਤੀ ਕਰਦਾ ਰਿਹਾ ਹੈਂ, ਹੁਣ ਤੂੰ ਇਸੇ ਪੱਥਰ ਨੂੰ ਉਨੇ ਸਾਲ ਆਪਣੇ ਸਿਰ ਤੇ ਚੁੱਕ। ਫਿਰ ਤੇਰਾ ਹਿਸਾਬ ਬਰਾਬਰ ਹੋਵੇਗਾ ਕਿਉਂਕਿ ਉਸ ਪੱਥਰ ਨੇ ਵੀ ਤੇਰਾ

ਭਾਰ ਇੰਨੇ ਸਾਲ ਚੁੱਕੀ ਰੱਖਿਆ ਹੈ। ਇਹ ਸੁਣ ਕੇ ਬੰਦਾ ਕੰਬ ਜਾਂਦਾ ਹੈ ਅਤੇ ਕਹਿੰਦਾ ਹੈ ਕਿ ਮੈਨੂੰ ਦਰਸ਼ਨ ਭਾਵੇਂ ਨਾ ਦਿਓ ਪਰ ਮੈਨੂੰ ਮੁਆਫ ਕਰ ਦਿਓ, ਪੱਥਰ ਨਾ ਚੁਕਾਉਣਾ।

ਰੱਬ ਦਾ ਦੂਤ ਦੂਜੇ ਬੰਦੇ ਨੂੰ ਜਾ ਕੇ ਇਹੀ ਗੱਲ ਬੋਲਦਾ ਹੈ ਕਿ ਪਰਮਾਤਮਾ ਦਰਸ਼ਨ ਤਾਂ ਦੇਵੇਗਾ ਪਰ ਤੁਹਾਨੂੰ ਹੋਰ ਇੰਨੇ ਸਾਲ ਭਗਤੀ ਕਰਨੀ ਪਵੇਗੀ ਜਿੰਨੇ ਕਿ ਇਸ ਦਰਖਤ ਦੇ ਪੱਤੇ ਹਨ। ਦੂਜਾ ਬੰਦਾ ਇਹ ਸੁਣ ਕੇ ਸ਼ੁਕਰਾਨਾ ਕਰਨ ਲੱਗ ਪੈਂਦਾ ਹੈ ਅਤੇ ਖੁਸ਼ੀ ਵਿਚ ਝੂਮ ਉੱਠਦਾ ਹੈ ਕਿ ਪਰਮਾਤਮਾ ਤੇਰਾ ਬੇਅੰਤ ਬੇਅੰਤ ਸ਼ੁਕਰ ਹੈ ਕਿ ਤੂੰ ਮੈਨੂੰ ਦਰਸ਼ਨ ਤਾਂ ਦੇਵੇਗਾ ਭਾਵੇਂ ਇੰਨੇ ਜਿਆਦਾ ਸਾਲਾਂ ਬਾਅਦ ਹੀ ਦੇਵੇ । ਤਾਂ ਦੂਤ ਪੁੱਛਦਾ ਹੈ ਕਿ ਤੂੰ ਇੰਨਾ ਕਿਉਂ ਝੂਮ ਰਿਹਾ ਹੈਂ ? ਪਰਮਾਤਮਾ ਨੇ ਤਾਂ ਤੈਨੂੰ ਹੋਰ ਕਈ ਸਾਲ ਭਗਤੀ ਕਰਨ ਨੂੰ ਕਿਹਾ ਤਾਂ ਉਹ ਬੰਦਾ ਕਹਿੰਦਾ ਕੋਈ ਗੱਲ ਨਹੀਂ ਇੰਨਾ ਸ਼ੁਕਰ ਹੈ ਕਿ ਪਰਮਾਤਮਾ ਦੀ ਨਜ਼ਰ ਵਿਚ ਮੇਰਾ ਨਾਮ ਤਾਂ ਹੈ, ਉਹ ਕਦੀ ਨਾ ਕਦੀ ਤਾਂ ਮੈਨੂੰ ਦਰਸ਼ਨ ਦੇਵੇਗਾ। ਦੂਤ ਦੇਖਦਾ ਹੈ ਕਿ ਪਰਮਾਤਮਾ ਉਸੇ ਵੇਲੇ ਹੀ ਪ੍ਰਗਟ ਹੋ ਜਾਂਦੇ ਹਨ ਤੇ ਉਸ ਬੰਦੇ ਨੂੰ ਦਰਸ਼ਨ ਦੇ ਦਿੰਦੇ ਹਨ। ਉਹ ਬੰਦਾ ਪਰਮਾਤਮਾ ਦੇ ਦਰਸ਼ਨ ਕਰਕੇ ਸ਼ੁਕਰ-ਸ਼ੁਕਰ ਕਰਨ ਲੱਗ ਜਾਂਦਾ ਹੈ। ਦੂਤ ਪਰਮਾਤਮਾ ਨੂੰ ਕਹਿੰਦਾ ਹੈ ਕਿ ਤੁਸੀਂ ਤਾਂ ਇਹ ਕਿਹਾ ਸੀ ਕਿ ਇਹ ਬੰਦਾ ਹੋਰ ਇੰਨੇ ਸਾਲ ਭਗਤੀ ਕਰੇ ਜਿੰਨੇ ਕਿ ਦਰੱਖਤ ਦੇ ਪੱਤੇ ਹਨ ਤਾਂ ਫਿਰ ਹੁਣ ਇਸ ਨੂੰ ਇਕ ਦਮ ਦਰਸ਼ਨ ਕਿਉਂ ਦਿੱਤੇ। ਉਸ ਦੇ ਜਵਾਬ ਵਿਚ ਪਰਮਾਤਮਾ ਕਹਿੰਦੇ ਹਨ ਦੇਖ! ਦਰੱਖਤ ਤੇ ਕੋਈ ਪੱਤਾ ਹੀ ਨਹੀਂ ਰਿਹਾ ਅਰਥਾਤ ਇਸ ਬੰਦੇ ਦੇ ਸ਼ੁਕਰ ਸ਼ੁਕਰ ਕਰਨ ਨਾਲ ਸਾਰੇ ਹੀ ਪੱਤੇ ਝੜ ਗਏ ਅਤੇ ਇਸ ਨੂੰ ਹੋਰ ਰੱਤਾ ਜਿੰਨਾ ਵੀ ਇੰਤਜਾਰ ਕਰਨ ਦੀ ਜ਼ਰੂਰਤ ਹੀ ਨਹੀਂ ਰਹੀ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਜਿਵੇਂ ਜਿਵੇਂ ਅਸੀਂ ਸ਼ੁਕਰਾਨਾ ਕਰਦੇ ਹਾਂ ਉਵੇਂ ਉਵੇਂ ਸਾਡਾ ਜਨਮ ਜਨਮਾਂਤਰਾਂ ਦਾ ਕਰਜ਼ਾ ਉੱਤਰ ਜਾਂਦਾ ਹੈ ।**

**ਪਰਮਾਤਮਾ ਨਾਲ ਮਿਲਾਪ ਕਰਨ ਲਈ ਕੇਵਲ ਤੇ ਕੇਵਲ ਇਹੀ ਜੁਗਤਿ ਹੈ ਕਿ ਹਰ ਵੇਲੇ ਪਰਮਾਤਮਾ ਦਾ ਸ਼ੁਕਰਾਨਾ ਕਰਨਾ ਅਤੇ ਉਸਦੀ ਰਜ਼ਾ ਵਿਚ ਰਹਿਣਾ।**

## ਤੀਜੀ ਸਿੱਖਿਆ

**"ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥"**

ਉਸ ਪਰਮਾਤਮਾ ਦੀ ਵਡਿਆਈ ਦੀ ਤਾਂ ਕੀ ਗੱਲ ਕੀਤੀ ਜਾਵੇ, ਉਸ ਦੀ ਸਿਫਤਿ ਸਲਾਹ ਹੀ ਇਤਨੀ ਵੱਡਿਆਈ ਵਾਲੀ ਹੈ ਕਿ ਜਿਸਨੂੰ ਉਹ ਆਪਣੀ ਸਿਫਤਿ ਸਲਾਹ ਬਖਸ਼ ਦੇਵੇ ਉਹ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ ਜਿਵੇਂ ਕਿ ਭਗਤ ਰਵਿਦਾਸ ਜੀ ਚਮੜੇ ਦਾ ਕੰਮ ਕਰਦੇ ਹੋਏ, ਭਗਤ ਕਬੀਰ ਜੀ ਜੁਲਾਹੇ ਦਾ ਕੰਮ ਕਰਦੇ ਹੋਏ, ਭਗਤ ਨਾਮਦੇਵ ਜੀ ਛੀਪੇ ਦਾ ਕੰਮ ਕਰਦੇ ਹੋਏ ਅਤੇ ਭਗਤ ਸੈਣ ਜੀ ਨਾਈ ਦਾ ਕੰਮ ਕਰਦੇ ਹੋਏ ਪਾਤਸ਼ਾਹਾਂ ਦੇ ਪਾਤਸ਼ਾਹ ਬਣ ਗਏ। ਗੁਰਬਾਣੀ ਦਾ ਫੁਰਮਾਨ ਹੈ:

**"ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ ॥**
**ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ ॥" (ਅੰਗ:733)**

# ਛੱਬੀਵੀਂ ਪਉੜੀ

**ਅਮੁਲ ਗੁਣ ਅਮੁਲ ਵਾਪਾਰ॥ ਅਮੁਲ ਵਾਪਾਰੀਏ ਅਮੁਲ ਭੰਡਾਰ॥**
**ਅਮੁਲ ਆਵਹਿ ਅਮੁਲ ਲੈ ਜਾਹਿ॥ ਅਮੁਲ ਭਾਇ ਅਮੁਲਾ ਸਮਾਹਿ॥**
**ਅਮੁਲੁ ਧਰਮੁ ਅਮੁਲੁ ਦੀਬਾਣੁ॥ ਅਮੁਲੁ ਤੁਲੁ ਅਮੁਲੁ ਪਰਵਾਣੁ॥**
**ਅਮੁਲੁ ਬਖਸੀਸ ਅਮੁਲੁ ਨੀਸਾਣੁ॥ ਅਮੁਲੁ ਕਰਮੁ ਅਮੁਲੁ ਫੁਰਮਾਣੁ॥**
**ਅਮੁਲੋ ਅਮੁਲੁ ਆਖਿਆ ਨ ਜਾਇ॥**
**ਆਖਿ ਆਖਿ ਰਹੇ ਲਿਵ ਲਾਇ॥**
**ਆਖਹਿ ਵੇਦ ਪਾਠ ਪੁਰਾਣ॥ ਆਖਹਿ ਪੜੇ ਕਰਹਿ ਵਖਿਆਣ॥**
**ਆਖਹਿ ਬਰਮੇ ਆਖਹਿ ਇੰਦ॥ ਆਖਹਿ ਗੋਪੀ ਤੈ ਗੋਵਿੰਦ॥**
**ਆਖਹਿ ਈਸਰ ਆਖਹਿ ਸਿਧ॥ ਆਖਹਿ ਕੇਤੇ ਕੀਤੇ ਬੁਧ॥**
**ਆਖਹਿ ਦਾਨਵ ਆਖਹਿ ਦੇਵ॥ ਆਖਹਿ ਸੁਰਿ ਨਰ ਮੁਨਿ ਜਨ ਸੇਵ॥**
**ਕੇਤੇ ਆਖਹਿ ਆਖਣਿ ਪਾਹਿ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ॥**
**ਏਤੇ ਕੀਤੇ ਹੋਰਿ ਕਰੇਹਿ॥ ਤਾ ਆਖਿ ਨ ਸਕਹਿ ਕੇਈ ਕੇਇ॥**
**ਜੇਵਡੁ ਭਾਵੈ ਤੇਵਡੁ ਹੋਇ॥ ਨਾਨਕ ਜਾਣੈ ਸਾਚਾ ਸੋਇ॥**
**ਜੇ ਕੋ ਆਖੈ ਬੋਲੁ ਵਿਗਾੜੁ॥**
**ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥੨੬॥**

**ਪਦ-ਅਰਥ**:- **ਅਮੁਲ**-ਅਮੋਲਕ, ਜਿਸ ਦਾ ਮੁੱਲ ਨਾਹ ਪੈ ਸਕੇ। **ਭੰਡਾਰ**-ਖ਼ਜ਼ਾਨੇ। **ਭਾਇ**-ਪ੍ਰੇਮ ਵਿਚ। **ਸਮਾਹਿ**-ਅਕਾਲ ਪੁਰਖ ਵਿਚ ਲੀਨ ਹਨ। **ਧਰਮੁ**-ਨਿਯਮ, ਕਾਨੂੰਨ। **ਦੀਬਾਣੁ**-ਕਚਹਿਰੀ। **ਤੁਲੁ**-ਤੋਲ, ਤੱਕੜ। **ਪਰਵਾਣੁ**-ਤੋਲਣ ਵਾਲਾ ਵੱਟਾ। **ਬਖਸੀਸ**-ਰਹਿਮਤ। **ਨੀਸਾਣੁ**-ਅਕਾਲ ਪੁਰਖ ਦੀ ਬਖ਼ਸ਼ਸ਼ ਦਾ ਨਿਸ਼ਾਨ। **ਕਰਮੁ**-ਬਖ਼ਸ਼ਸ਼। **ਫੁਰਮਾਣੁ**-ਹੁਕਮ। **ਅਮੁਲੋ ਅਮੁਲੁ**-ਅਮੋਲਕ ਹੀ ਅਮੋਲਕ। **ਆਖਿ ਆਖਿ**-ਅੰਦਾਜ਼ਾ ਲਾ ਲਾ ਕੇ। **ਰਹੇ**-ਥੱਕ ਗਏ ਹਨ। **ਲਿਵ ਲਾਇ**-ਲਿਵ ਲਾ ਕੇ । **ਆਖਹਿ**-ਵਰਣਨ ਕਰਦੇ ਹਨ। **ਵੇਦ ਪਾਠ**-ਵੇਦਾਂ ਦੇ ਮੰਤਰ। **ਪੜੇ**-ਪੜ੍ਹੇ ਹੋਏ ਮਨੁੱਖ। **ਕਰਹਿ ਵਖਿਆਣ**-ਵਖਿਆਣ ਕਰਦੇ ਹਨ। **ਬਰਮੇ**-ਕਈ ਬ੍ਰਹਮਾ। **ਇੰਦ**-ਇੰਦਰ ਦੇਵਤੇ। **ਤੈ**-ਅਤੇ, ਤੇ। **ਗੋਵਿੰਦ**-ਕਈ ਕਾਨ੍ਹ। **ਈਸਰ**-ਸ਼ਿਵ। **ਕੀਤੇ**-ਅਕਾਲ ਪੁਰਖ ਦੇ ਪੈਦਾ ਕੀਤੇ ਹੋਏ। **ਦਾਨਵ**-ਰਾਖਸ਼। **ਦੇਵ**-ਦੇਵਤੇ। **ਸੁਰਿ ਨਰ**-ਦੇਵਤਿਆਂ ਦੇ ਸੁਭਾਉ ਵਾਲੇ ਮਨੁੱਖ। **ਸੇਵ**-ਸੇਵਕ। **ਆਖਣਿ ਪਾਹਿ**-ਆਖਣ ਦਾ ਜਤਨ ਕਰਦੇ ਹਨ। **ਉਠਿ ਉਠਿ ਜਾਹਿ**-ਜਹਾਨ ਤੋਂ ਚਲੇ ਜਾ ਰਹੇ ਹਨ। **ਹੋਰਿ**-ਹੋਰ ਬੇਅੰਤ ਜੀਵ। **ਕਰੇਹਿ**-ਜੇ ਤੂੰ ਪੈਦਾ ਕਰ ਦੇਵੇਂ। **ਨ ਕੇਈ ਕੇਇ**-ਕੋਈ ਭੀ ਮਨੁੱਖ ਨਹੀਂ। **ਜੇਵਡੁ**-ਜੇਡਾ ਵੱਡਾ। **ਭਾਵੈ**-ਚਾਹੁੰਦਾ ਹੈ। **ਤੇਵਡੁ**-ਓਡਾ ਵੱਡਾ। **ਸਾਚਾ ਸੋਇ**-ਉਹ ਸਦਾ-ਥਿਰ ਰਹਿਣ ਵਾਲਾ ਅਕਾਲ ਪੁਰਖ। **ਬੋਲੁ ਵਿਗਾੜੁ**-ਬੜਬੋਲਾ। **ਲਿਖੀਐ**-ਲਿਖਿਆ ਜ਼ਾਂਦਾ ਹੈ। **ਸਿਰਿ ਗਾਵਾਰਾ ਗਾਵਾਰੁ**-ਮੂਰਖਾਂ ਸਿਰ ਮੂਰਖ, ਮਹਾਂ ਮੂਰਖ।

**ਅਰਥ:–** ਅਕਾਲ ਪੁਰਖ ਦੇ ਗੁਣ ਅਮੋਲਕ ਹਨ ਭਾਵ, ਗੁਣਾਂ ਦਾ ਮੁੱਲ ਨਹੀਂ ਪੈ ਸਕਦਾ, ਇਹਨਾਂ ਗੁਣਾਂ ਦੇ ਵਪਾਰ ਕਰਨੇ ਭੀ ਅਮੋਲਕ ਹਨ। ਉਹਨਾਂ ਮਨੁੱਖਾਂ ਦਾ ਭੀ ਮੁੱਲ ਨਹੀਂ ਪੈ ਸਕਦਾ, ਜੋ ਅਕਾਲ ਪੁਰਖ ਦੇ ਗੁਣਾਂ ਦੇ ਵਪਾਰ ਕਰਦੇ ਹਨ, ਗੁਣਾਂ ਦੇ ਖ਼ਜ਼ਾਨੇ ਭੀ ਅਮੋਲਕ ਹਨ। ਉਹਨਾਂ ਮਨੁੱਖਾਂ ਦਾ ਮੁੱਲ ਨਹੀਂ ਪੈ ਸਕਦਾ, ਜੋ ਇਸ ਵਪਾਰ ਲਈ ਜਗਤ ਵਿਚ ਆਉਂਦੇ ਹਨ। ਉਹ ਭੀ ਵੱਡੇ ਭਾਗਾਂ ਵਾਲੇ ਹਨ, ਜੋ ਇਹ ਸੌਦਾ ਖ਼ਰੀਦ ਕੇ ਲੈ ਜਾਂਦੇ ਹਨ। ਜੋ ਮਨੁੱਖ ਅਕਾਲ ਪੁਰਖ ਦੇ ਪ੍ਰੇਮ ਵਿਚ ਹਨ ਅਤੇ ਜੋ ਮਨੁੱਖ ਉਸ ਅਕਾਲ ਪੁਰਖ ਵਿਚ ਲੀਨ ਹੋਏ ਹਨ, ਉਹ ਭੀ ਅਮੋਲਕ ਹਨ।

ਅਕਾਲ ਪੁਰਖ ਦੇ ਕਨੂੰਨ ਤੇ ਰਾਜ–ਦਰਬਾਰ ਅਮੋਲਕ ਹਨ। ਉਹ ਤੱਕੜ ਅਮੋਲਕ ਹਨ ਤੇ ਉਹ ਵੱਟਾ ਅਮੋਲਕ ਹੈ ਜਿਸ ਨਾਲ ਜੀਵਾਂ ਦੇ ਚੰਗੇ–ਮੰਦੇ ਕੰਮਾਂ ਨੂੰ ਤੋਲਦਾ ਹੈ। ਉਸ ਦੀ ਬਖ਼ਸ਼ਸ਼ ਤੇ ਬਖ਼ਸ਼ਸ਼ ਦੇ ਨਿਸ਼ਾਨ ਭੀ ਅਮੋਲਕ ਹਨ। ਅਕਾਲ ਪੁਰਖ ਦੀ ਬਖਸ਼ਸ਼ ਤੇ ਹੁਕਮ ਭੀ ਮੁੱਲ ਤੋਂ ਪਰੇ ਹਨ ਕਿਸੇ ਦਾ ਭੀ ਅੰਦਾਜ਼ਾ ਨਹੀਂ ਲੱਗ ਸਕਦਾ।

ਅਕਾਲ ਪੁਰਖ ਸਭ ਅੰਦਾਜ਼ਿਆਂ ਤੋਂ ਪਰੇ ਹੈ, ਉਸ ਦਾ ਕੋਈ ਅੰਦਾਜ਼ਾ ਨਹੀਂ ਲੱਗ ਸਕਦਾ। ਜੋ ਮਨੁੱਖ ਧਿਆਨ ਜੋੜ ਜੋੜ ਕੇ ਅਕਾਲ ਪੁਰਖ ਦਾ ਅੰਦਾਜ਼ਾ ਲਾਂਦੇ ਹਨ, ਉਹ ਅੰਤ ਨੂੰ ਰਹਿ ਜਾਂਦੇ ਹਨ।ਵੇਦਾਂ ਦੇ ਮੰਤਰ ਤੇ ਪੁਰਾਣ ਅਕਾਲ ਪੁਰਖ ਦਾ ਅੰਦਾਜ਼ਾ ਲਾਂਦੇ ਹਨ। ਵਿਦਵਾਨ ਮਨੁੱਖ ਭੀ, ਜੋ ਹੋਰਨਾਂ ਨੂੰ ਉਪਦੇਸ਼ ਕਰਦੇ ਹਨ, ਅਕਾਲ ਪੁਰਖ ਦਾ ਬਿਆਨ ਕਰਦੇ ਹਨ। ਕਈ ਬ੍ਰਹਮਾ, ਕਈ ਇੰਦਰ, ਗੋਪੀਆਂ ਤੇ ਕਈ ਕਾਨ੍ਹ ਅਕਾਲ ਪੁਰਖ ਦਾ ਅੰਦਾਜ਼ਾ ਲਾਂਦੇ ਹਨ। ਕਈ ਸ਼ਿਵ ਤੇ ਸਿੱਧ, ਅਕਾਲ ਪੁਰਖ ਦੇ ਪੈਦਾ ਕੀਤੇ ਹੋਏ ਬੇਅੰਤ ਬੁੱਧ, ਰਾਖਸ਼ ਤੇ ਦੇਵਤੇ, ਦੇਵਤਾ–ਸੁਭਾਉ ਮਨੁੱਖ, ਮੁਨੀ ਲੋਕ ਤੇ ਸੇਵਕ ਅਕਾਲ ਪੁਰਖ ਦਾ ਅੰਦਾਜ਼ਾ ਲਾਂਦੇ ਹਨ।

ਬੇਅੰਤ ਜੀਵ ਅਕਾਲ ਪੁਰਖ ਦਾ ਅੰਦਾਜ਼ਾ ਲਾ ਰਹੇ ਹਨ, ਅਤੇ ਬੇਅੰਤ ਹੀ ਲਾਉਣ ਦਾ ਜਤਨ ਕਰ ਰਹੇ ਹਨ, ਬੇਅੰਤ ਜੀਵ ਅੰਦਾਜ਼ਾ ਲਾ ਲਾ ਕੇ ਇਸ ਜਗਤ ਤੋਂ ਤੁਰੇ ਜਾ ਰਹੇ ਹਨ। ਜਗਤ ਵਿਚ ਇਤਨੇ ਬੇਅੰਤ ਜੀਵ ਪੈਦਾ ਕੀਤੇ ਹੋਏ ਹਨ ਜੋ ਬਿਆਨ ਕਰ ਰਹੇ ਹਨ, ਪਰ ਹੇ ਹਰੀ! ਜੇ ਤੂੰ ਹੋਰ ਭੀ ਬੇਅੰਤ ਜੀਵ ਪੈਦਾ ਕਰ ਦੇਵੇਂ ਤਾਂ ਭੀ ਕੋਈ ਜੀਵ ਤੇਰਾ ਅੰਦਾਜ਼ਾ ਨਹੀਂ ਲਾ ਸਕਦੇ ।

ਹੇ ਨਾਨਕ! ਪਰਮਾਤਮਾ ਜਿਤਨਾ ਚਾਹੁੰਦਾ ਹੈ ਉਤਨਾ ਹੀ ਵੱਡਾ ਹੋ ਜਾਂਦਾ ਹੈ ਆਪਣੀ ਕੁਦਰਤ ਵਧਾ ਲੈਂਦਾ ਹੈ। ਉਹ ਸਦਾ–ਥਿਰ ਰਹਿਣ ਵਾਲਾ ਹਰੀ ਆਪ ਹੀ ਜਾਣਦਾ ਹੈ ਕਿ ਉਹ ਕੇਡਾ ਵੱਡਾ ਹੈ। ਜੇ ਕੋਈ ਬੜਬੋਲਾ ਮਨੁੱਖ ਦੱਸਣ ਲੱਗੇ ਕਿ ਅਕਾਲ ਪੁਰਖ ਕਿਤਨਾ ਵੱਡਾ ਹੈ ਤਾਂ ਉਹ ਮਨੁੱਖ ਮੂਰਖਾਂ–ਸਿਰ–ਮੂਰਖ ਗਿਣਿਆ ਜਾਂਦਾ ਹੈ।26।

**ਉਚਾਰਨ ਪਾਠ:–** ਆਵਹਿਂ, ਜਾਹਿਂ, ਸਮਾਹਿਂ, ਆਖਹਿਂ, ਗੋਪੀਂ, ਕਰਹਿਂ, ਪਾਹਿਂ, ਕਰੇਹਿਂ, ਤਾਂ, ਸਕਹਿਂ, ਗਾਵਾਰਾਂ, ਆਦਿ ਸ਼ਬਦ ਬਿੰਦ ਸਹਿਤ ਉਚਾਰਨੇ ਹਨ।

ਬਖਸ਼ੀਸ਼, ਨੀਸ਼ਾਣੁ, ਫ਼ੁਰਮਾਣ ਸ਼ਬਦਾਂ ਪੈਰੀਂ ਬਿੰਦੀ ਲਾ ਕੇ ਉਚਾਰਨੇ ਹਨ।

# ਛੱਬੀਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

**"ਅਮੁਲ ਗੁਣ ਅਮੁਲ ਵਾਪਾਰ॥ ਅਮੁਲ ਵਾਪਾਰੀਏ ਅਮੁਲ ਭੰਡਾਰ॥**
**ਅਮੁਲ ਆਵਹਿ ਅਮੁਲ ਲੈ ਜਾਹਿ॥ ਅਮੁਲ ਭਾਇ ਅਮੁਲਾ ਸਮਾਹਿ॥"**

ਇਸ ਪਉੜੀ ਵਿਚ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਅਕਾਲ ਪੁਰਖੁ ਦੇ ਗੁਣ ਅਮੋਲਕ ਹਨ ਭਾਵ ਗੁਣਾਂ ਦਾ ਮੁੱਲ ਨਹੀਂ ਪੈ ਸਕਦਾ। ਇਨ੍ਹਾਂ ਗੁਣਾਂ ਦਾ ਵਾਪਾਰ ਕਰਨ ਵਾਲੇ ਬੰਦੇ ਵੀ ਅਮੋਲਕ ਹਨ। ਉਸਦਾ ਬਣਾਇਆ ਹੋਇਆ ਨਿਯਮ, ਕਚਹਿਰੀ, ਤੱਕੜ, ਤੋਲਣ ਵਾਲਾ ਵੱਟਾ, ਰਹਿਮਤ, ਅਕਾਲ ਪੁਰਖੁ ਦੀ ਬਖਸ਼ਿਸ਼ ਅਤੇ ਉਸ ਦੀ ਬਖਸ਼ਿਸ਼ ਦਾ ਨਿਸ਼ਾਨ ਅਤੇ ਉਸਦਾ ਹੁਕਮ ਆਦਿ ਸਾਰੇ ਹੀ ਅਮੋਲਕ ਹਨ। ਕਿਸੇ ਦਾ ਵੀ ਮੁੱਲ ਨਹੀਂ ਪਾਇਆ ਜਾ ਸਕਦਾ।

ਇਸੇ ਹੀ ਪਉੜੀ ਵਿਚ ਗੁਰਦੇਵ ਪਿਤਾ ਨੇ ਇਹ ਵੀ ਫੁਰਮਾਇਆ ਹੈ ਕਿ ਉਹ ਬੰਦੇ ਵੀ ਵੱਡੇ ਭਾਗਾਂ ਵਾਲੇ ਹਨ ਜੋ ਇਨ੍ਹਾਂ ਅਮੁੱਲ ਗੁਣਾਂ ਦੇ ਸੌਦੇ ਦਾ ਵਾਪਾਰ ਕਰਦੇ ਹਨ। ਉਹ ਬੰਦੇ ਵੀ ਅਮੋਲਕ ਹਨ ਜੋ ਅਕਾਲ ਪੁਰਖੁ ਦੇ ਪ੍ਰੇਮ ਵਿਚ ਰਹਿ ਕੇ ਉਸ ਅਕਾਲ ਪੁਰਖੁ ਵਿਚ ਹੀ ਲੀਨ ਹੋਏ ਰਹਿੰਦੇ ਹਨ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਜੇਕਰ ਅਸੀਂ ਅਕਾਲ ਪੁਰਖੁ ਵਿਚ ਅਭੇਦਤਾ ਪ੍ਰਾਪਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਉਸ ਨਾਲ ਬਹੁਤ ਡੂੰਘੀ ਪ੍ਰੀਤ ਪਾਉਣੀ ਪਵੇਗੀ ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ:

**"ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥"**

ਬੰਦੇ ਦੀ ਜਿਸ ਨਾਲ ਪ੍ਰੀਤ ਹੋਵੇ, ਬੰਦਾ ਉਸ ਦੀ ਹਰ ਆਗਿਆ ਮੰਨਦਾ ਹੈ। ਇਸੇ ਤਰ੍ਹਾਂ ਜੇ ਅਸੀਂ ਪਰਮਾਤਮਾ ਨਾਲ ਪ੍ਰੀਤ ਪਾਉਣੀ ਹੈ ਤਾਂ ਅਸੀਂ ਉਸ ਪਰਮੇਸ਼ਰ ਦੀ ਹਰ ਆਗਿਆ ਨੂੰ ਮੰਨੀਏ ਅਤੇ ਕੋਈ ਵੀ ਅਜਿਹਾ ਕੰਮ ਨਾ ਕਰੀਏ ਜਿਹੜਾ ਗੁਰੂ ਦੀ ਸੋਚ ਤੋਂ ਉਲਟ ਹੋਵੇ ਕਿਉਂਕਿ ਗੁਰੂ ਤੇ ਪਰਮਾਤਮਾ ਇਕ ਹਨ ਅਤੇ ਗੁਰੂ ਦੇ ਬਚਨ ਹੀ ਪਰਮਾਤਮਾ ਦੇ ਬਚਨ ਹਨ।

**"ਨਾਨਕ ਸੋਧੇ ਸਿੰਮ੍ਰਿਤਿ ਬੇਦ॥ ਪਾਰਬ੍ਰਹਮ ਗੁਰ ਨਾਹੀ ਭੇਦ॥"**
**(ਅੰਗ:1142)**

ਜਿਵੇਂ ਜਿਵੇਂ ਅਸੀਂ ਗੁਰੂ ਜੀ ਦੇ ਬਚਨ ਨੂੰ ਮੰਨ ਕੇ ਜੀਵਨ ਵਿਚ ਉਤਾਰਾਂਗੇ ਉਵੇਂ ਉਵੇਂ ਸਾਡੀ ਪ੍ਰੀਤ ਪਰਮੇਸ਼ਰ ਨਾਲ ਵੱਧਦੀ ਜਾਵੇਗੀ ਅਤੇ ਅਸੀਂ ਉਸ ਪਦਵੀ ਤੇ ਪਹੁੰਚ ਜਾਵਾਂਗੇ "**ਅਮੁਲ ਭਾਇ ਅਮੁਲਾ ਸਮਾਹਿ॥**"

ਗੁਰੂ ਸਾਹਿਬ ਨੇ ਗੁਰਬਾਣੀ ਵਿਚ ਇੰਝ ਵੀ ਫੁਰਮਾਇਆ ਹੈ ਕਿ ਪ੍ਰੀਤਾਂ ਵਿਚੋਂ ਸਰਵ-ਸ੍ਰੇਸ਼ਟ ਪ੍ਰੀਤ ਹੁੰਦੀ ਹੀ ਪਰਮਾਤਮਾ ਦੀ ਹੈ ਅਤੇ ਪਰਮਾਤਮਾ ਤੋਂ ਇਲਾਵਾ ਅਗਰ ਅਸੀਂ ਆਪਣੇ

ਮਨ ਵਿਚ ਕਿਸੇ ਹੋਰ ਦਾ ਧਿਆਨ ਰੱਖਦੇ ਹਾਂ ਤਾਂ ਉਹ ਕਿਸੇ ਲੇਖੇ ਵਿਚ ਨਹੀਂ ਹੈ। ਯਥਾ:

**"ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ॥**
**ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ**
**ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ॥ ਰਹਾਉ॥" (ਅੰਗ:746)**

ਭਗਤ ਰਵਿਦਾਸ ਜੀ ਨੇ ਵੀ ਇਸ ਸੰਬੰਧ ਵਿਚ ਇਉਂ ਫੁਰਮਾਇਆ ਹੈ:

**"ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥**
**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥"**
**(ਅੰਗ:659)**

ਅਰਥਾਤ ਬਾਕੀ ਪਾਸਿਓ ਮਨ ਨੂੰ ਮੋੜ ਕੇ ਅਸੀਂ ਪਰਮਾਤਮਾ ਵਾਲੇ ਪਾਸੇ ਹੀ ਲੈ ਕੇ ਜਾਣਾ ਹੈ। ਜਿਵੇਂ ਜਿਵੇਂ ਸਾਡੀ ਪਰਮਾਤਮਾ ਨਾਲ ਪ੍ਰੀਤ ਵਧੇਗੀ, ਵੱਧਦੀ ਹੀ ਜਾਏਗੀ ਅਤੇ ਵੱਧਦੀ ਹੀ ਜਾਏਗੀ ਤਾਂ ਫਿਰ ਇਕ ਦਿਨ ਉਸ ਦੀ ਕਿਰਪਾ ਸਦਕਾ ਅਸੀਂ ਉਸ ਵਿਚ ਹੀ ਸਮਾ ਜਾਵਾਂਗੇ "**ਅਮੁਲ ਭਾਇ ਅਮੁਲਾ ਸਮਾਹਿ॥**"

## ਦੂਜੀ ਸਿੱਖਿਆ

### "ਅਮੁਲੋ ਅਮੁਲੁ ਆਖਿਆ ਨ ਜਾਇ॥"

ਇਸ ਪਉੜੀ ਵਿਚ ਗੁਰਦੇਵ ਪਿਤਾ ਜੀ ਨੇ ਇਹ ਫੁਰਮਾਇਆ ਹੈ ਕਿ ਉਹ ਅਕਾਲ ਪੁਰਖੁ ਇੰਨੀ ਵੱਡੀ ਹਸਤੀ ਹੈ ਕਿ ਉਸਦਾ ਅੰਦਾਜਾ ਕਈ ਬ੍ਰਹਮਾ, ਕਈ ਇੰਦਰ, ਕਈ ਗੋਪੀਆਂ ਤੇ ਕਈ ਕਾਨ੍ਹ ਆਦਿ ਲਗਾ ਲਗਾ ਕੇ ਥੱਕ ਗਏ ਹਨ ਪਰ ਅਕਾਲ ਪੁਰਖੁ ਸਭ ਅੰਦਾਜ਼ਿਆਂ ਤੋਂ ਪਰ੍ਹੇ ਹੈ ਤੇ ਉਸ ਅਮੁਲੋ ਅਮੁਲ ਦਾ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਜੀਵਨ ਦੇ ਵਿਚ ਕਦੀ ਵੀ ਉਸ ਪਰਮਾਤਮਾ ਦਾ, ਉਸ ਦੀਆਂ ਵਡਿਆਈਆਂ ਦਾ ਅਤੇ ਉਸ ਦੀਆਂ ਬਖਸ਼ਿਸ਼ਾਂ ਦਾ ਭੇਦ ਪਾਉਣ ਦਾ ਯਤਨ ਨਹੀਂ ਕਰਨਾ ਕਿਉਂਕਿ ਇਹ ਕੰਮ ਮਨੁੱਖ ਦੀ ਤਾਕਤ ਤੋਂ ਪਰ੍ਹੇ ਦਾ ਹੈ।

ਇਸੇ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਸਾਵਧਾਨ ਕਰਦਿਆਂ ਹੋਇਆਂ ਇਥੋਂ ਤੱਕ ਕਹਿ ਦਿੱਤਾ ਕਿ ਜੇ ਕੋਈ ਬੜਬੋਲਾ ਮਨੁੱਖ ਇਹ ਦਾਅਵਾ ਕਰੇ ਕਿ ਉਸ ਨੇ ਅਕਾਲ ਪੁਰਖੁ ਦਾ ਭੇਦ ਪਾ ਲਿਆ ਹੈ ਤਾਂ ਉਹ ਮਨੁੱਖ 'ਮੂਰਖਾਂ ਸਿਰ ਮੂਰਖ' ਅਰਥਾਤ ਮਹਾਂ ਮੂਰਖ ਹੈ। **"ਜੇ ਕੋ ਆਖੈ ਬੋਲੁ ਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥"**

# ਸਤਾਈਵੀਂ ਪਉੜੀ

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥
ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥
ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥
ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥
ਸੋਈ ਸੋਈ ਸਦਾ ਸਚੁ ਸਾਹਿਬ ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥੨੭॥

**ਪਦ-ਅਰਥ:- ਕੇਹਾ**-ਕਿਹੋ ਜਿਹਾ, ਬੜਾ ਅਸਚਰਜ। **ਸਮਾਲੇ**-ਤੂੰ ਸੰਭਾਲ ਕਰ ਰਿਹਾਂ ਹੈਂ। **ਨਾਦ**-ਰਾਗ। **ਵਾਵਣਹਾਰੇ**-ਵਜਾਉਣ ਵਾਲੇ। **ਪਰੀ ਸਿਉ**-ਰਾਗਣੀਆਂ ਸਮੇਤ। **ਕਹੀਅਨਿ**-ਆਖੇ ਜਾਂਦੇ ਹਨ। **ਦੁਆਰੇ**-ਤੇਰੇ ਦਰ ਤੇ। **ਬੈਸੰਤਰੁ**-ਅੱਗ। **ਈਸਰੁ**-ਸ਼ਿਵ। **ਬਰਮਾ**-ਬ੍ਰਹਮਾ। **ਦੇਵੀ**-ਦੇਵੀਆਂ। **ਸੋਹਨਿ**-ਸੋਭਦੇ ਹਨ। **ਇੰਦ**-ਇੰਦਰ ਦੇਵਤੇ। **ਇਦਾਸਣਿ**-ਇੰਦਰ ਦੇ ਆਸਣ ਉੱਤੇ। **ਦੇਵਤਿਆਂ ਨਾਲੇ**-ਦੇਵਤਿਆਂ ਸਮੇਤ। **ਵਿਚਾਰੇ**-ਵਿਚਾਰ ਕੇ। **ਸਤੀ**-ਦਾਨੀ। **ਵੀਰ ਕਰਾਰੇ**-ਤਕੜੇ ਸੂਰਮੇ। **ਪੜਨਿ**-ਪੜ੍ਹਦੇ ਹਨ। **ਰਖੀਸਰ**-ਵੱਡੇ ਵੱਡੇ ਰਿਖੀ। **ਜੁਗੁ ਜੁਗੁ**-ਹਰੇਕ ਜੁਗ ਵਿਚ, ਸਦਾ। **ਵੇਦਾ ਨਾਲੇ**-ਵੇਦਾਂ ਸਣੇ। **ਮੋਹਣੀਆ**-ਸੁੰਦਰ ਇਸਤ੍ਰੀਆਂ। **ਮਛ**-ਮਾਤ ਲੋਕ ਵਿਚ। **ਪਇਆਲੇ**-ਪਤਾਲ ਵਿਚ। **ਉਪਾਏ ਤੇਰੇ**-ਤੇਰੇ ਪੈਦਾ ਕੀਤੇ ਹੋਏ। **ਅਠ ਸਠਿ**-

ਅਠਾਹਠ। **ਤੀਰਥ ਨਾਲੇ**-ਤੀਰਥਾਂ ਸਮੇਤ। **ਜੋਧ**-ਜੋਧੇ। **ਮਹਾ ਬਲ**-ਵੱਡੇ ਬਲ ਵਾਲੇ। **ਸੂਰਾ**-ਸੂਰਮੇ। **ਖਾਣੀ ਚਾਰੇ**-ਚਾਰੇ ਖਾਣੀਆਂ; ਭਾਵ, ਸਾਰੀ ਰਚਨਾ, ਅੰਡਜ, ਜੇਰਜ, ਸੇਤਜ, ਉਤਭੁਜ। **ਖੰਡ**-ਟੋਟਾ, ਹਰੇਕ ਧਰਤੀ। **ਮੰਡਲ**-ਚੱਕਰ, ਬ੍ਰਹਿਮੰਡ ਦਾ ਇਕ ਚੱਕਰ, ਜਿਸ ਵਿਚ ਇਕ ਸੂਰਜ ਇਕ ਚੰਦ੍ਰਮਾ ਤੇ ਧਰਤੀ ਆਦਿਕ ਗਿਣੇ ਜਾਂਦੇ ਹਨ। **ਵਰਭੰਡਾ**-ਸਾਰੀ ਸ੍ਰਿਸ਼ਟੀ। **ਕਰਿ ਕਰਿ**-ਰਚ ਕੇ। **ਧਾਰੇ**-ਟਿਕਾਏ ਹੋਏ। **ਸੇਈ**-ਉਹੀ ਜੀਵ। **ਤੁਧੁ ਭਾਵਨਿ**-ਤੈਨੂੰ ਚੰਗੇ ਲੱਗਦੇ ਹਨ। **ਰਤੇ**-ਰੰਗੇ ਹੋਏ। **ਰਸਾਲੇ**-ਰਸੀਏ। **ਹੋਰਿ ਕੇਤੇ**-ਅਨੇਕਾਂ ਹੋਰ ਜੀਵ।**ਮੈ ਚਿਤਿ ਨ ਆਵਨਿ**-ਮੇਰੇ ਚਿੱਤ ਵਿਚ ਨਹੀਂ ਆਉਂਦੇ। **ਕਿਆ ਵੀਚਾਰੇ**-ਕੀ ਵਿਚਾਰ ਕਰੇ? **ਸਚੁ**-ਥਿਰ ਰਹਿਣ ਵਾਲਾ, ਅਟੱਲ। **ਨਾਈ**-ਵਡਿਆਈ। **ਹੋਸੀ**-ਹੋਵੇਗਾ, ਥਿਰ ਰਹੇਗਾ। **ਜਾਇ ਨ**-ਜੰਮਦਾ ਨਹੀਂ। **ਨ ਜਾਸੀ**-ਨਾ ਹੀ ਮਰੇਗਾ। **ਜਿਨਿ**-ਜਿਸ ਅਕਾਲ ਪੁਰਖ ਨੇ। **ਰਚਾਈ**-ਪੈਦਾ ਕੀਤੀ ਹੈ। **ਰੰਗੀ ਰੰਗੀ**-ਕਈ ਰੰਗਾਂ ਦੀ। **ਭਾਤੀ**-ਕਈ ਕਿਸਮਾਂ ਦੀ। **ਕਰਿ ਕਰਿ**-ਪੈਦਾ ਕਰ ਕੇ। **ਜਿਨਸੀ**-ਕਈ ਜਿਨਸਾਂ ਦੀ। **ਜਿਨਿ**-ਜਿਸ ਅਕਾਲ ਪੁਰਖ ਨੇ। **ਵੇਖੈ**-ਸੰਭਾਲ ਕਰਦਾ ਹੈ। **ਕੀਤਾ ਆਪਣਾ**-ਆਪਣਾ ਰਚਿਆ ਹੋਇਆ ਜਗਤ। **ਜਿਵ**-ਜਿਵੇਂ। **ਵਡਿਆਈ**-ਰਜ਼ਾ।**ਕਰਸੀ**-ਕਰੇਗਾ। **ਨ ਕਰਣਾ ਜਾਇ**-ਨਹੀਂ ਕੀਤਾ ਜਾ ਸਕਦਾ। **ਸਾਹਾ ਪਾਤਿ ਸਾਹਿਬੁ**-ਸ਼ਾਹਾਂ ਦਾ ਪਾਤਿਸ਼ਾਹ। **ਰਹਣੁ**- ਰਹਿਣਾ ਫਬਦਾ ਹੈ। **ਰਜਾਈ**-ਅਕਾਲ ਪੁਰਖ ਦੀ ਰਜ਼ਾ ਵਿਚ।੨੭।

**ਅਰਥ:-** ਉਹ ਦਰ-ਘਰ ਬੜਾ ਹੀ ਅਸਚਰਜ ਹੈ ਜਿੱਥੇ ਬਹਿ ਕੇ, ਹੇ ਨਿਰੰਕਾਰ! ਤੂੰ ਸਾਰੇ ਜੀਵਾਂ ਦੀ ਸੰਭਾਲ ਕਰ ਰਿਹਾ ਹੈਂ। ਤੇਰੀ ਇਸ ਰਚੀ ਹੋਈ ਕੁਦਰਤ ਵਿਚ ਅਨੇਕਾਂ ਤੇ ਅਣਗਿਣਤ ਵਾਜੇ ਤੇ ਰਾਗ ਹਨ; ਬੇਅੰਤ ਹੀ ਜੀਵ (ਉਹਨਾਂ ਵਾਜਿਆਂ ਨੂੰ) ਵਜਾਉਣ ਵਾਲੇ ਹਨ, ਰਾਗਣੀਆਂ ਸਣੇ ਬੇਅੰਤ ਹੀ ਰਾਗ ਕਹੇ ਜਾਂਦੇ ਹਨ ਅਤੇ ਅਨੇਕਾਂ ਹੀ ਜੀਵ ਇਹਨਾਂ ਰਾਗਾਂ ਦੇ ਗਾਉਣ ਵਾਲੇ ਹਨ ਜੋ ਤੈਨੂੰ ਗਾ ਰਹੇ ਹਨ!

ਹੇ ਨਿਰੰਕਾਰ! ਪਉਣ, ਪਾਣੀ, ਅਗਨੀ ਤੇਰੇ ਗੁਣ ਗਾ ਰਹੇ ਹਨ। ਧਰਮ-ਰਾਜ ਜਿਸ ਦਾ ਹਿੰਦੂ ਮਤ ਦੀਆਂ ਧਰਮ ਪੁਸਤਕਾਂ ਵਿਚ ਜ਼ਿਕਰ ਆਉਂਦਾ ਹੈ, ਤੇਰੇ ਦਰ ਤੇ ਖਲੋ ਕੇ ਤੈਨੂੰ ਵਡਿਆ ਰਿਹਾ ਹੈ। ਕਹੇ ਜਾਂਦੇ ਚਿੱਤਰ-ਗੁਪਤ ਭੀ ਜੋ ਜੀਵਾਂ ਦੇ ਚੰਗੇ-ਮੰਦੇ ਕਰਮਾਂ ਦੇ ਲੇਖੇ ਲਿਖਣੇ ਜਾਣਦੇ ਹਨ, ਅਤੇ ਜਿਨ੍ਹਾਂ ਦੇ ਲਿਖੇ ਹੋਏ ਨੂੰ ਧਰਮ-ਰਾਜ ਵਿਚਾਰਦਾ ਹੈ, ਤੇਰੀਆਂ ਵਡਿਆਈਆਂ ਕਰ ਰਹੇ ਹਨ। ਹੇ ਅਕਾਲ ਪੁਰਖ! ਕਹੀਆਂ ਜਾਂਦੀਆਂ ਦੇਵੀਆਂ, ਸ਼ਿਵ ਤੇ ਬ੍ਰਹਮਾ, ਜੋ ਤੇਰੇ ਸਵਾਰੇ ਹੋਏ ਹਨ, ਤੈਨੂੰ ਗਾ ਰਹੇ ਹਨ। ਕਈ ਇੰਦਰ ਆਪਣੇ ਤਖ਼ਤ 'ਤੇ ਬੈਠੇ ਹੋਏ ਦੇਵਤਿਆਂ ਸਮੇਤ ਤੇਰੇ ਦਰ 'ਤੇ ਤੈਨੂੰ ਸਲਾਹ ਰਹੇ ਹਨ। ਸਿੱਧ ਲੋਕ ਸਮਾਧੀਆਂ ਲਾ ਕੇ ਤੈਨੂੰ ਗਾ ਰਹੇ ਹਨ, ਸਾਧ ਵਿਚਾਰ ਕਰ ਕੇ ਤੈਨੂੰ ਸਲਾਹ ਰਹੇ ਹਨ। ਜਤ-ਧਾਰੀ, ਦਾਨ ਕਰਨ ਵਾਲੇ ਤੇ ਸੰਤੋਖ ਵਾਲੇ ਪੁਰਸ਼ ਤੇਰੇ ਗੁਣ ਗਾ ਰਹੇ ਹਨ ਅਤੇ ਬੇਅੰਤ ਤਕੜੇ ਸੂਰਮੇ ਤੇਰੀਆਂ ਵਡਿਆਈਆਂ ਕਰ ਰਹੇ ਹਨ।

ਹੇ ਅਕਾਲ ਪੁਰਖ! ਪੰਡਿਤ ਤੇ ਮਹਾਂਰਿਖੀ ਜੋ ਵੇਦਾਂ ਨੂੰ ਪੜ੍ਹਦੇ ਹਨ। ਵੇਦਾਂ ਸਮੇਤ ਤੈਨੂੰ ਗਾ ਰਹੇ ਹਨ। ਸੁੰਦਰ ਇਸਤ੍ਰੀਆਂ, ਜੋ ਸੁਰਗ, ਮਾਤ-ਲੋਕ ਤੇ ਪਾਤਾਲ ਵਿਚ ਭਾਵ, ਹਰ ਥਾਂ ਮਨੁੱਖ ਦੇ ਮਨ ਨੂੰ ਮੋਹ ਲੈਂਦੀਆਂ ਹਨ, ਤੈਨੂੰ ਗਾ ਰਹੀਆਂ ਹਨ। ਹੇ ਨਿਰੰਕਾਰ! ਤੇਰੇ ਪੈਦਾ ਕੀਤੇ ਹੋਏ ਰਤਨ ਅਠਾਹਠ ਤੀਰਥਾਂ ਸਮੇਤ ਤੈਨੂੰ ਸਦਾ ਗਾ ਰਹੇ ਹਨ। ਵੱਡੇ ਬਲ ਵਾਲੇ ਜੋਧੇ ਤੇ ਸੂਰਮੇ ਤੇਰੀ ਸਿਫ਼ਤ ਕਰ ਰਹੇ ਹਨ। ਚੌਹਾਂ ਹੀ ਖਾਣੀਆਂ ਦੇ ਜੀਅ ਜੰਤ ਤੈਨੂੰ ਗਾ ਰਹੇ ਹਨ। ਸਾਰੀ ਸ੍ਰਿਸ਼ਟੀ, ਸ੍ਰਿਸ਼ਟੀ ਦੇ ਸਾਰੇ ਖੰਡ ਅਤੇ ਚੱਕਰ, ਜੋ ਤੂੰ ਪੈਦਾ ਕਰ ਕੇ ਟਿਕਾ ਰਖੇ ਹਨ, ਤੈਨੂੰ ਗਾਉਂਦੇ ਹਨ।

ਹੇ ਅਕਾਲ ਪੁਰਖ! ਅਸਲ ਵਿਚ ਤਾਂ ਉਹੋ ਤੇਰੇ ਪ੍ਰੇਮ ਵਿਚ ਰੱਤੇ ਰਸੀਏ ਭਗਤ ਜਨ ਤੈਨੂੰ ਗਾਉਂਦੇ ਹਨ; ਭਾਵ, ਉਹਨਾਂ ਦਾ ਹੀ ਗਾਉਣਾ ਸਫਲ ਹੈ ਜੋ ਤੈਨੂੰ ਚੰਗੇ ਲੱਗਦੇ

ਹਨ। ਅਨੇਕਾਂ ਹੋਰ ਜੀਵ ਤੈਨੂੰ ਗਾ ਰਹੇ ਹਨ, ਜਿਹੜੇ ਮੈਥੋਂ ਗਿਣੇ ਭੀ ਨਹੀਂ ਜਾ ਸਕਦੇ। ਭਲਾ, ਨਾਨਕ ਉਨ੍ਹਾਂ ਦੀ ਕੀ ਵਿਚਾਰ ਕਰ ਸਕਦਾ ਹੈ?

ਜਿਸ ਅਕਾਲ ਪੁਰਖ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਹ ਐਸ ਵੇਲੇ ਮੌਜੂਦ ਹੈ, ਸਦਾ ਰਹੇਗਾ, ਨਾਹ ਉਹ ਜੰਮਿਆ ਹੈ ਅਤੇ ਨਾਹ ਹੀ ਮਰੇਗਾ। ਉਹ ਅਕਾਲ ਪੁਰਖ ਸਦਾ-ਥਿਰ ਹੈ, ਉਹ ਮਾਲਕ ਸੱਚਾ ਹੈ, ਉਸ ਦੀ ਵਡਿਆਈ ਭੀ ਸਦਾ ਅਟੱਲ ਹੈ। ਜਿਸ ਅਕਾਲ ਪੁਰਖ ਨੇ ਕਈ ਰੰਗਾਂ, ਕਿਸਮਾਂ ਅਤੇ ਜਿਨਸਾਂ ਦੀ ਮਾਇਆ ਰਚ ਦਿੱਤੀ ਹੈ, ਉਹ ਜਿਵੇਂ ਉਸ ਦੀ ਰਜ਼ਾ ਹੈ, ਭਾਵ, ਜੇਡਾ ਵੱਡਾ ਆਪ ਹੈ ਓਡੇ ਵੱਡੇ ਜਿਗਰੇ ਨਾਲ ਜਗਤ ਨੂੰ ਰਚ ਕੇ ਆਪਣੇ ਪੈਦਾ ਕੀਤੇ ਹੋਏ ਦੀ ਸੰਭਾਲ ਭੀ ਕਰ ਰਿਹਾ ਹੈ।

ਜੋ ਕੁਝ ਅਕਾਲ ਪੁਰਖ ਨੂੰ ਭਾਉਂਦਾ ਹੈ, ਉਹੋ ਹੀ ਕਰੇਗਾ, ਕਿਸੇ ਜੀਵ ਪਾਸੋਂ ਅਕਾਲ ਪੁਰਖ ਅੱਗੇ ਹੁਕਮ ਨਹੀਂ ਕੀਤਾ ਜਾ ਸਕਦਾ ਉਸ ਨੂੰ ਇਹ ਨਹੀਂ ਆਖ ਸਕਦੇ- 'ਇਉਂ ਨ ਕਰੀਂ, ਇਉਂ ਕਰ'। ਅਕਾਲ ਪੁਰਖ ਪਾਤਿਸ਼ਾਹ ਹੈ, ਪਾਤਿਸ਼ਾਹਾਂ ਦਾ ਭੀ ਪਾਤਿਸ਼ਾਹ ਹੈ। ਹੇ ਨਾਨਕ! ਜੀਵਾਂ ਨੂੰ ਉਸ ਦੀ ਰਜ਼ਾ ਵਿਚ ਰਹਿਣਾ ਹੀ ਫਬਦਾ ਹੈ ।੨੭।

**ਨੋਟ:- ਪਉਣ, ਪਾਣੀ, ਬੈਸੰਤਰ ਆਦਿ ਅਚੇਤਨ ਪਦਾਰਥ ਕਿਵੇਂ ਅਕਾਲ ਪੁਰਖ ਦੀ ਸਿਫਤ ਸਾਲਾਹ ਕਰ ਰਹੇ ਹਨ? ਇਸ ਦਾ ਭਾਵ ਇਹ ਹੈ ਕਿ ਉਸ ਦੇ ਪੈਦਾ ਕੀਤੇ ਸਾਰੇ ਤੱਤ ਭੀ ਉਸ ਦੀ ਰਜ਼ਾ ਵਿਚ ਤੁਰ ਰਹੇ ਹਨ। ਰਜ਼ਾ ਵਿਚ ਤੁਰਨਾ ਹੀ ਉਸ ਦੀ ਸਿਫਤ ਸਾਲਾਹ ਕਰਨੀ ਹੈ।**

**ਉਚਾਰਨ ਪਾਠ:-** ਸੋ ਦਰੁ ਦਾ ਉਚਾਰਨ ਵੱਖਰਾ ਵੱਖਰਾ ਕਰਨਾ ਹੈ। ਸਮਾਲੇਂ, ਅਸੰਖਾਂ, ਸਿਉਂ, ਗਾਵਹਿੰ, ਜਾਣਹਿੰ, ਵੇਦਾਂ, ਮਹਾਂਬਲ, ਨਾਈਂ, ਰੰਗੀਂ, ਭਾਤੀਂ, ਪਾਤਿਸ਼ਾਹ, ਸ਼ਾਹਾਂ ਬਿੰਦੀ ਸਹਿਤ ਉਚਾਰਨੇ ਹਨ।

# ਸਤਾਈਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

**"ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥**

**..........................................**

**..........................................
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥ "**

ਇਸ ਪਉੜੀ ਵਿਚ ਗੁਰਦੇਵ ਪਿਤਾ ਨੇ ਫੁਰਮਾਇਆ ਹੈ ਕਿ ਉਹ ਦਰ ਕਿਹੋ ਜਿਹਾ ਹੈ- ਉਹ ਘਰ ਕਿਹੋ ਜਿਹਾ ਹੈ ਜਿੱਥੇ ਬੈਠ ਕੇ ਉਹ ਸੰਭਾਲ ਕਰਦਾ ਹੈ। ਇਸ ਰਚੀ ਹੋਈ ਕੁਦਰਤ ਵਿਚ ਅਨੇਕਾਂ ਤੇ ਅਣਗਿਣਤ ਵਾਜੇ ਅਤੇ ਰਾਗ ਹਨ ਅਤੇ ਬੇਅੰਤ ਹੀ ਜੀਵ ਉਨ੍ਹਾਂ ਨੂੰ ਵਜਾਉਣ ਵਾਲੇ ਹਨ।

ਇਸੇ ਹੀ ਪਉੜੀ ਵਿਚ ਨਿਰੰਕਾਰ ਦੀ ਸਿਫ਼ਤਿ ਸਾਲਾਹ ਕਰਦਿਆਂ ਗੁਰਦੇਵ ਪਿਤਾ ਜੀ ਫੁਰਮਾਉਂਦੇ ਹਨ ਕਿ ਅਕਾਲ ਪੁਰਖੁ ਇਸ ਕਾਇਨਾਤ ਵਿਚ ਇੰਨੀ ਵੱਡੀ ਹਸਤੀ ਹੈ ਕਿ ਉਸ ਦੇ ਗੁਣਾਂ ਨੂੰ ਪਉਣ, ਪਾਣੀ, ਬੈਸੰਤਰ, ਧਰਮ ਰਾਜ, ਸ਼ਿਵ, ਬ੍ਰਹਮਾ, ਦੇਵੀ-ਦੇਵਤੇ, ਤਕੜੇ ਸੂਰਮੇ, ਆਦਿ ਅਦਿ ਸਾਰੇ ਹੀ ਗਾਉਂਦੇ ਹਨ ਅਤੇ ਉਸ ਦੀਆਂ ਵਡਿਆਈਆਂ ਦੀ ਵਿਚਾਰ ਕਰਦੇ ਹਨ। ਇਸੇ ਪਉੜੀ ਵਿਚ ਇਹ ਵੀ ਫੁਰਮਾਇਆ ਹੈ ਕਿ ਦੁਨੀਆਂ ਦੀਆਂ ਚਾਰੇ ਖਾਣੀਆਂ-ਅੰਡਜ, ਜੇਰਜ, ਸੇਤਜ, ਉਤਭੁਜ ਜੀਵ ਉਸੇ ਨੂੰ ਹੀ ਗਾ ਰਹੇ ਹਨ। ਸਾਰੀ ਸ੍ਰਿਸ਼ਟੀ, ਸ੍ਰਿਸ਼ਟੀ ਦੇ ਸਾਰੇ ਖੰਡ ਅਤੇ ਚੱਕਰ ਜੋ ਕਿ ਅਕਾਲ ਪੁਰਖੁ ਨੇ ਆਪਣੀ ਸਤਿਆ (ਤਾਕਤ) ਦੁਆਰਾ ਟਿਕਾ ਕੇ ਰਖੇ ਹੋਏ ਹਨ, ਉਹ ਵੀ ਉਸ ਨੂੰ ਗਾ ਰਹੇ ਹਨ।

**ਇਸ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ** ਅਕਾਲ ਪੁਰਖੁ ਦੀ ਹਸਤੀ ਸਭ ਤੋਂ ਉੱਚੀ ਹੈ। ਉਸ ਨੂੰ ਹਵਾ, ਪਾਣੀ, ਅਗਨੀ ਅਤੇ ਧਰਮ ਰਾਜ ਗਾ ਰਹੇ ਹਨ। ਇੱਥੇ ਹੀ ਬਸ ਨਹੀਂ ਉਸ ਨੂੰ ਸਾਰੇ ਦੇਵੀ ਦੇਵਤੇ, ਇੰਦਰ ਵਰਗੇ ਦੇਵਤੇ, ਸ਼ਿਵ ਜੀ, ਬ੍ਰਹਮਾ ਆਦਿਕ ਸਾਰੇ ਹੀ ਗਾ ਰਹੇ ਹਨ ਅਰਥਾਤ ਸਾਰੀ ਬ੍ਰਹਮੰਡ ਦੀ ਰਚਨਾ ਗਾ ਰਹੀ ਹੈ । ਉਸ ਦੀ ਤਾਕਤ ਇੰਨੀ ਵੱਡੀ ਹੈ ਕਿ ਉਸ ਨੇ ਦੁਨੀਆ ਦੇ ਸਾਰੇ ਖੰਡ, ਬ੍ਰਹਿਮੰਡ ਨੂੰ ਆਪਣੀ ਸੱਤਿਆ ਦੇ ਆਧਾਰ ਤੇ ਟਿਕਾ ਕੇ ਰੱਖਿਆ ਹੋਇਆ ਹੈ ਅਤੇ ਉਸ ਦਾ ਹੁਕਮ ਸਭ ਉਪਰ ਚੱਲਦਾ ਹੈ।

ਗੁਰਬਾਣੀ ਵਿਚ ਇਹ ਵੀ ਫੁਰਮਾਇਆ ਗਿਆ ਹੈ ਕਿ ਵੱਡੇ ਵੱਡੇ ਰਾਜੇ ਮਹਾਰਾਜੇ ਉਸ ਅਕਾਲ ਪੁਰਖੁ ਦੇ ਹੁਕਮ ਦੇ ਪਾਬੰਦ ਹਨ ਅਤੇ ਸਾਰੀ ਕਾਇਨਾਤ ਉਸੇ ਦੇ ਹੀ ਵੱਸ ਵਿਚ ਹੈ। ਅਰਥਾਤ ਉਹ ਅਕਾਲ ਪੁਰਖੁ ਸਭ ਤੋਂ ਵੱਡੀ ਹਸਤੀ ਹੈ ਅਤੇ ਦੁਨੀਆ ਵਿਚ ਉਸ ਦੀ ਮਰਜ਼ੀ ਤੋਂ ਬਿਨ੍ਹਾਂ ਇਕ ਪੱਤਾ ਵੀ ਨਹੀਂ ਹਿੱਲ ਸਕਦਾ। ਯਥਾ:

**"ਜਾ ਕੈ ਵਸਿ ਖਾਨ ਸੁਲਤਾਨ॥ ਜਾ ਕੈ ਵਸਿ ਹੈ ਸਗਲ ਜਹਾਨ॥**
**ਜਾ ਕਾ ਕੀਆ ਸਭੁ ਕਿਛੁ ਹੋਇ॥ ਤਿਸ ਤੇ ਬਾਹਰਿ ਨਾਹੀ ਕੋਇ॥"**
**(ਅੰਗ:182)**

**ਇਸ ਲਈ ਅਸੀਂ ਕੇਵਲ ਤੇ ਕੇਵਲ ਇਕ ਅਕਾਲ ਪੁਰਖੁ ਦੀ ਹੀ ਅਰਾਧਨਾ ਕਰਨੀ ਹੈ ਜੋ ਕਿ ਸਭ ਤੋਂ ਵੱਡੀ ਹਸਤੀ ਹੈ।**

## ਦੂਜੀ ਸਿੱਖਿਆ

**"ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥"**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪਉੜੀ ਵਿਚ ਜਦੋਂ ਪਰਮੇਸ਼ਰ ਦੇ ਗੁਣ ਗਾਉਣ ਦੀ ਗੱਲ ਕੀਤੀ ਤਾਂ ਇਹ ਗੱਲ ਵੀ ਕਹੀ ਕਿ ਸਾਰੀਆਂ ਖਾਣੀਆਂ ਵੀ ਤੈਨੂੰ ਗਾ ਰਹੀਆਂ ਹਨ ਅਰਥਾਤ ਸਾਰੀ ਸ੍ਰਿਸ਼ਟੀ ਤੈਨੂੰ ਗਾ ਰਹੀ ਹੈ। ਫਿਰ ਇਹ ਗੱਲ ਤਾਂ ਸਪੱਸ਼ਟ ਹੈ ਕਿ ਜੇ ਸਾਰੀ ਸ੍ਰਿਸ਼ਟੀ ਉਸ ਨੂੰ ਗਾ ਰਹੀ ਹੈ ਅਤੇ ਚਾਰੇ ਖਾਣੀਆਂ ਵੀ ਉਸ ਨੂੰ ਗਾ ਰਹੀਆਂ ਹਨ ਤਾਂ ਇਸ ਗੱਲ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਰਹਿ ਜਾਂਦੀ ਕਿ ਸਾਰੀ ਕਾਇਨਾਤ ਵਿਚੋਂ ਕੋਈ ਅਜਿਹਾ ਜੀਵ ਅਜੇ ਵੀ ਬਚਿਆ ਵੀ ਹੈ ਜੋ ਉਸ ਨੂੰ ਨਾ ਗਾ ਰਿਹਾ ਹੋਵੇ। ਪਰ ਬਲਿਹਾਰ ਜਾਈਏ ਆਪਣੇ ਗੁਰਦੇਵ ਤੋਂ ਜਿਨ੍ਹਾਂ ਵਿਚ ਇੰਨੀ ਜਿਆਦਾ ਨਿਮਰਤਾ ਹੈ ਕਿ ਉਹ ਇਹ ਫੁਰਮਾਉਂਦੇ ਹਨ ਕਿ ਹੋ ਸਕਦਾ ਹੈ ਕਿ ਹੋਰ ਬੇਅੰਤ ਜੀਵ ਹਨ ਜਿਹੜੇ ਤੁਹਾਡੇ ਗੁਣਾਂ ਨੂੰ ਗਾ ਤਾਂ ਰਹੇ ਹੋਣ ਪਰ ਮੈਨੂੰ ਚੇਤੇ ਵਿਚ ਨਹੀਂ ਆ ਰਹੇ। ਇਸ ਲਈ ਮੈਂ ਉਸ ਦੀ ਕੀ ਵਿਚਾਰ ਕਰਾਂ ਅਰਥਾਤ ਤੇਰੀ ਰਚਨਾ ਬੇਅੰਤ ਤੋਂ ਵੀ ਬੇਅੰਤ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਉਸ ਅਕਾਲ ਪੁਰਖੁ ਦੀ ਰਚਨਾ ਦਾ ਅੰਤ ਨਹੀਂ ਪਾ ਸਕਦੇ ਅਤੇ ਨਾ ਹੀ ਪਾਉਣ ਦਾ ਯਤਨ ਕਰਨਾ ਹੈ ਭਾਵੇਂ ਸਾਡੇ ਵਿਚ ਗਿਆਨ ਦੇ ਭੰਡਾਰੇ ਹੀ ਕਿਉਂ ਨਾ ਹੋਣ।

## ਤੀਜੀ ਸਿੱਖਿਆ

**"ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥**
**ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥"**

ਇਸ ਦੁਨੀਆ ਵਿਚ ਅਗਰ ਕੋਈ ਹਮੇਸ਼ਾ ਸਦਾ ਥਿਰ ਅਰਥਾਤ ਅਟੱਲ ਰਹਿਣ ਵਾਲਾ ਹੈ ਤਾਂ ਉਹ ਕੇਵਲ ਇਕ ਅਕਾਲ ਪੁਰਖੁ ਹੀ ਹੈ ਅਤੇ ਉਸ ਦੀ ਕੀਤੀ ਹੋਈ ਵਡਿਆਈ ਵੀ ਸਦਾ ਅਟੱਲ ਹੈ। ਉਹ ਪਰਮਾਤਮਾ ਪਹਿਲਾਂ ਵੀ ਮੌਜੂਦ ਸੀ, ਇਸ ਵੇਲੇ ਵੀ ਮੌਜੂਦ ਹੈ ਅਤੇ ਅੱਗੇ ਵੀ ਮੌਜੂਦ ਰਹੇਗਾ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਜੀਵਨ ਵਿਚ ਕਿਸੇ ਬੰਦੇ ਨਾਲ ਜੁੜਨ ਦੀ ਬਜਾਇ ਕੇਵਲ ਤੇ ਕੇਵਲ ਉਸ ਅਕਾਲ ਪੁਰਖੁ ਨਾਲ ਜੁੜੀਏ ਜੋ ਕਿ ਸਦੀਵੀਂ ਸੱਚ ਹੈ । ਕਿਸੇ ਬੰਦੇ ਦੀਆਂ ਵਡਿਆਈਆਂ ਕਰਨ ਦੀ ਬਜਾਇ ਉਸੇ ਅਕਾਲ ਪੁਰਖੁ ਦੀਆਂ ਵਡਿਆਈਆਂ ਹੀ ਕਰੀਏ ਕਿਉਂਕਿ ਬੰਦੇ ਦੀਆਂ ਕੀਤੀਆਂ ਹੋਈਆਂ ਵਡਿਆਈਆਂ ਦੀ ਕੀਮਤ ਕੌਡੀ ਜਿੰਨੀ ਵੀ ਨਹੀਂ ਕਿਉਂਕਿ ਬੰਦਾ ਆਪ ਬਿਨਸਨਹਾਰ ਹੈ ਅਤੇ ਉਸ ਦੀਆਂ ਕੀਤੀਆਂ ਹੋਈਆਂ ਵਡਿਆਈਆਂ ਵੀ ਬਿਨਸ ਜਾਣਗੀਆਂ ਜਦ ਕਿ ਅਕਾਲ ਪੁਰਖੁ ਦੀਆਂ ਕੀਤੀਆਂ ਵਡਿਆਈਆਂ ਹਮੇਸ਼ਾ ਕਾਇਮ

ਰਹਿਣਗੀਆਂ ਕਿਉਂਕਿ ਅਕਾਲ ਪੁਰਖੁ ਆਪ ਅਬਿਨਾਸ਼ੀ ਹੈ। ਉਸ ਦੀਆਂ ਕੀਤੀਆਂ ਹੋਈਆਂ ਵਡਿਆਈਆਂ ਵੀ ਅਬਿਨਾਸ਼ੀ ਹਨ ਅਰਥਾਤ ਕਦੇ ਵੀ ਬਿਨਸਨਹਾਰ ਨਹੀਂ ਹਨ।

## ਚੌਥੀ ਸਿੱਖਿਆ

**"ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥**
**ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ**
**ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥"**

ਸ੍ਰੀ ਗੁਰੂ ਨਾਨਕ ਦੇਵ ਜੀ ਪਉੜੀ ਦੇ ਅੰਤ ਵਿਚ ਫੁਰਮਾਉਂਦੇ ਹਨ ਕਿ ਉਹ ਅਕਾਲ ਪੁਰਖੁ ਸ੍ਰਿਸ਼ਟੀ ਨੂੰ ਪੈਦਾ ਕਰਕੇ ਸ੍ਰਿਸ਼ਟੀ ਦੀ ਸੰਭਾਲ ਵੀ ਕਰ ਰਿਹਾ ਹੈ ਅਤੇ ਜਿਵੇਂ ਉਸ ਨੂੰ ਚੰਗਾ ਲੱਗਦਾ ਹੈ ਉਵੇਂ ਹੀ ਜੀਵਾਂ ਨੂੰ ਚਲਾ ਰਿਹਾ ਹੈ। ਉਹ ਜੀਵ ਆਪਣੇ ਅੰਦਰੋਂ ਕੂੜ ਦੀ ਕੰਧ ਨੂੰ ਤੋੜ ਕੇ ਸਚਿਆਰੇ ਬਣ ਜਾਂਦੇ ਹਨ ਜਿਨ੍ਹਾਂ ਨੂੰ ਪਰਮਾਤਮਾ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਆ ਜਾਂਦਾ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਪਰਮਾਤਮਾ ਨੇ ਸਾਨੂੰ ਜੀਵਨ ਦੇ ਵਿਚ ਕੋਈ ਖਾਸ ਰੋਲ ਅਦਾ ਕਰਨ ਦੇ ਲਈ ਹੀ ਬਣਾਇਆ ਹੈ ਅਤੇ ਸਾਡਾ ਭਲਾ ਤਾਂ ਹੀ ਹੋਏਗਾ ਜੇਕਰ ਅਸੀਂ ਉਸ ਦੀ ਰਜ਼ਾ ਅਨੁਸਾਰ ਉਸੇ ਹੀ ਰੋਲ ਵਿਚ ਰਾਜ਼ੀ ਰਹੀਏ।

ਉਦਾਹਰਣ ਵਜੋਂ ਹੋ ਸਕਦਾ ਹੈ ਕਿ ਪਰਮਾਤਮਾ ਕਿਸੇ ਬੰਦੇ ਨੂੰ ਪ੍ਰੋਫੈਸਰ ਬਣਾਉਣਾ ਚਾਹੁੰਦਾ ਹੋਵੇ ਪਰ ਉਹ ਬੰਦਾ IAS ਅਫਸਰ ਬਣਨਾ ਚਾਹੁੰਦਾ ਹੈ। ਉਸ ਲਈ ਉਹ ਦਿਨ ਰਾਤ ਮਿਹਨਤ ਕਰਦਾ ਹੈ ਅਤੇ ਵਧੀਆ ਤੋਂ ਵਧੀਆ ਕੋਚਿੰਗ ਵੀ ਲੈਂਦਾ ਹੈ। ਇਸ ਦੇ ਬਾਵਜੂਦ ਵੀ ਜੇਕਰ ਉਹ ਬਾਰ-ਬਾਰ IAS ਦੇ ਪੇਪਰ ਦੇ ਕੇ ਫੇਲ੍ਹ ਹੋ ਜਾਂਦਾ ਹੈ ਤਾਂ ਉਸ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ ਅਤੇ ਆਪਣੇ ਆਪ ਨੂੰ ਇਹ ਗੱਲ ਸਮਝਾਉਣੀ ਚਾਹੀਦੀ ਹੈ ਕਿ ਸ਼ਾਇਦ ਪਰਮਾਤਮਾ ਨੇ ਉਸ ਦੀ ਸਿਰਜਨਾ ਕਿਸੇ ਹੋਰ ਕੰਮ ਲਈ ਕੀਤੀ ਹੋਵੇ। ਇਹ ਗੱਲ ਸੋਚ ਕੇ ਮੰਨ ਲਉ ਕਿ ਉਸ ਨੂੰ ਵਿਚਾਰ ਆਉਂਦਾ ਹੈ ਕਿ ਉਹ ਚੰਗਾ ਪ੍ਰੋਫੈਸਰ ਹੀ ਕਿਉਂ ਨਾ ਬਣ ਜਾਵੇ । ਇਸ ਲਈ ਉਹ ਪ੍ਰੋਫੈਸਰੀ ਦਾ ਪੇਪਰ ਦੇ ਕੇ ਉਸ ਨੂੰ ਪਾਸ ਕਰ ਲੈਂਦਾ ਹੈ ਤਾਂ ਉਸ ਨੂੰ ਇਸੇ ਗੱਲ ਵਿਚ ਸੰਤੁਸ਼ਟ ਰਹਿਣਾ ਚਾਹੀਦਾ ਹੈ ਕਿ ਪ੍ਰੋਫੈਸਰੀ ਦੀ ਲਾਇਨ ਹੀ ਮੇਰੇ ਲਈ ਚੰਗੀ ਹੈ ਅਤੇ ਪਰਮਾਤਮਾ ਦੁਆਰਾ ਮਿਥਿਆ ਰੋਲ ਹੈ। ਉਸ ਨੂੰ ਆਪਣੇ ਆਪ ਨੂੰ ਇਹ ਗੱਲ ਸਮਝਾਉਣੀ ਚਾਹੀਦੀ ਹੈ ਕਿ ਹੋ ਸਕਦਾ ਹੈ ਜੇਕਰ ਮੈਂ IAS ਅਫਸਰ ਬਣ ਜਾਂਦਾ ਤਾਂ ਮੇਰੇ ਹੱਥੋਂ ਕੋਈ ਅਜਿਹਾ ਗਲਤ ਕੰਮ ਹੋ ਜਾਂਦਾ ਜਿਸ ਕਰਕੇ ਮੈਨੂੰ ਨੌਕਰੀ ਤੋਂ ਵੀ ਕਢਿਆ ਜਾ ਸਕਦਾ ਸੀ। ਇਸ ਲਈ ਬਿਨਾਂ ਰੋਸ ਕੀਤੇ ਉਸ ਨੂੰ ਖੁਸ਼ੀ-ਖੁਸ਼ੀ ਪ੍ਰੋਫੈਸਰੀ ਵਾਲੀ ਲਾਇਨ ਵਿਚ ਚਲੇ ਜਾਣਾ ਚਾਹੀਦਾ ਹੈ।

ਇਸ ਸੰਬੰਧ ਵਿਚ ਗੁਰਬਾਣੀ ਫੁਰਮਾਨ ਹੈ:

**"ਹੁਕਮੈ ਬੁਝਿ ਨਿਹਾਲੁ ਖਸਮਿ ਫੁਰਮਾਇਆ॥**
**ਜਿਸੁ ਹੋਆ ਆਪਿ ਕ੍ਰਿਪਾਲੁ ਸੁ ਨਹ ਭਰਮਾਇਆ॥**
**ਜੋ ਜੋ ਦਿਤਾ ਖਸਮਿ ਸੋਈ ਸੁਖੁ ਪਾਇਆ॥**
**ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ॥**
**ਜਿਸਹਿ ਭੁਲਾਏ ਆਪਿ ਮਰਿ ਮਰਿ ਜਮਹਿ ਨਿਤ॥" (ਅੰਗ: 523)**

**ਭਾਵ:** ਖਸਮ (ਪ੍ਰਭੂ) ਨੇ ਜੋ ਹੁਕਮ ਦਿਤਾ, ਉਸ ਹੁਕਮ ਨੂੰ ਸਮਝ ਕੇ ਉਹ (ਗੁਰਮੁਖ)

ਸਦਾ ਖਿੜਿਆ ਰਹਿੰਦਾ ਹੈ। ਜਿਸ ਮਨੁੱਖ ਤੇ ਪ੍ਰਭੂ ਆਪ ਮੇਹਰਵਾਨ ਹੋਇਆ ਹੈ ਉਹ ਭਟਕਣਾ ਵਿਚ ਨਹੀਂ ਪੈਂਦਾ। ਪ੍ਰਭੂ ਨੇ ਜੋ ਕੁਝ ਉਸ ਨੂੰ ਦਿੱਤਾ, ਉਹ ਉਸ ਨੂੰ ਸੁੱਖ ਹੀ ਪ੍ਰਤੀਤ ਹੋਇਆ ਹੈ। ਹੇ ਨਾਨਕ! ਜਿਸ ਮਨੁੱਖ ਤੇ ਮਿੱਤਰ ਪ੍ਰਭੂ ਮੇਹਰਵਾਨ ਹੁੰਦਾ ਹੈ, ਉਸ ਨੂੰ ਆਪਣੇ ਹੁਕਮ ਦੀ ਸੂਝ ਬਖਸ਼ਦਾ ਹੈ। ਪਰ ਜਿਸ ਜਿਸ ਜੀਵ ਨੂੰ ਭੁੱਲ ਵਿਚ ਪਾਂਦਾ ਹੈ ਉਹ ਨਿੱਤ ਮੁੜ-ਮੁੜ ਮਰਦੇ ਜੰਮਦੇ ਰਹਿੰਦੇ ਹਨ।

**ਨੋਟ:**

1. ਇਸ ਪਉੜੀ ਦੀ ਇਤਨੀ ਜਿਆਦਾ ਮਹਾਨਤਾ ਹੈ ਕਿ ਇਸਨੂੰ ਸਾਡੇ ਨਿੱਤਨੇਮ ਵਿਚ ਦੋ ਵਾਰ ਪੜ੍ਹਨ ਦਾ ਹੁਕਮ ਹੈ ਤਾਂ ਕਿ ਗੁਰੂ ਦੇ ਸਿੱਖ ਨੂੰ ਇਹ ਗੱਲ ਪੱਕੀ ਹੋ ਜਾਵੇ ਕਿ ਉਹ ਅਕਾਲ ਪੁਰਖੁ ਹੀ ਸਭ ਤੋਂ ਵੱਡਾ ਹੈ ਤੇ ਸਾਰੇ ਦੇਵੀ ਦੇਵਤੇ ਉਸ ਨੂੰ ਹੀ ਗਾਉਂਦੇ ਹਨ, ਸਭ ਕੁਝ ਉਸ ਦੇ ਹੀ ਵੱਸ ਵਿਚ ਹੈ, ਸਿੱਖ ਨੇ ਵੀ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੈ।

2. ਜਪੁ ਜੀ ਸਾਹਿਬ ਅਤੇ ਰਹਰਾਸਿ ਸਾਹਿਬ ਦੀ ਬਾਣੀ ਵਿਚ ਆਏ 'ਸੋ ਦਰੁ' ਦੇ ਸਰੂਪ ਵਿਚ ਭਿੰਨਤਾ ਹੈ ਜੋ ਕਿ ਪੰਨਾ ਨੰ 131 ਤੇ ਦਰਸਾਈ ਗਈ ਹੈ।

# ਅਠਾਈਵੀਂ ਪਉੜੀ

**ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥**
**ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥**
**ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥**
**ਆਦੇਸੁ ਤਿਸੈ ਆਦੇਸੁ॥**
**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥**੨੮॥

**ਪਦ-ਅਰਥ:-ਮੁੰਦਾ**-ਮੁੰਦਰਾਂ। **ਸਰਮੁ**-ਉੱਦਮ, ਮਿਹਨਤ। **ਪਤੁ**-ਪਾਤ੍ਰ ਖੱਪਰ। **ਕਰਹਿ**-ਜੇ ਤੂੰ ਬਣਾਏਂ। **ਬਿਭੂਤਿ**-ਗੋਹਿਆਂ ਦੀ ਸੁਆਹ। **ਖਿੰਥਾ**-ਗੋਦੜੀ। **ਕਾਲੁ**-ਮੌਤ। **ਕੁਆਰੀ ਕਾਇਆ**-ਕੁਆਰਾ ਸਰੀਰ, ਵਿਸ਼ੇ-ਵਿਕਾਰਾਂ ਤੋਂ ਬਚਿਆ ਹੋਇਆ ਸਰੀਰ, ਵਿਕਾਰਾਂ ਤੋਂ ਅਛੋਹ ਕਾਇਆਂ। **ਜੁਗਤਿ**-ਜੋਗ ਮੱਤ ਦੀ ਰਹਿਤ, ਜੋਗ ਦੀ ਜੁਗਤੀ। **ਪਰਤੀਤਿ**-ਸ਼ਰਧਾ, ਯਕੀਨ। **ਆਈ ਪੰਥੁ**-ਜੋਗੀਆਂ ਦੇ 12 ਫ਼ਿਰਕੇ ਹਨ, ਉਹਨਾਂ ਵਿਚੋਂ ਸਭ ਤੋਂ ਉੱਚਾ 'ਆਈ ਪੰਥ' ਗਿਣਿਆ ਜਾਂਦਾ ਹੈ। **ਆਈ ਪੰਥੀ**-ਆਈ ਪੰਥ ਵਾਲਾ, ਆਈ ਪੰਥ ਨਾਲ ਸੰਬੰਧ ਰੱਖਣ ਵਾਲਾ। **ਸਗਲ**-ਸਾਰੇ ਜੀਵ। **ਜਮਾਤੀ**-ਇਕੋ ਹੀ ਪਾਠਸ਼ਾਲਾ ਵਿਚ, ਇਕੋ ਹੀ ਸ਼੍ਰੇਣੀ ਵਿਚ ਪੜ੍ਹਨ ਵਾਲੇ, ਇੱਕ ਥਾਂ ਮਿਲ ਬੈਠਣ ਵਾਲੇ ਮਿੱਤਰ ਸੱਜਣ। **ਮਨਿ ਜੀਤੈ**-ਮਨ ਨੂੰ ਜਿੱਤਿਆਂ, ਜੇ ਮਨ ਜਿੱਤਿਆ ਜਾਏ। ਇਹੋ ਜਿਹੇ ਵਾਕੰਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕਾਂ ਆਉਂਦੇ ਹਨ, ਜਿਵੇਂ:-**ਨਾਇ ਵਿਸਰਿਐ** ਜੇ ਨਾਮ ਵਿਸਰ ਜਾਏ। **ਨਾਇ ਮੰਨਿਐ**-ਜੇ ਨਾਮ ਮੰਨ ਲਈਏ । **ਆਦੇਸੁ**-ਪਰਣਾਮ। **ਤਿਸੈ**-ਉਸੇ ਹੀ ਅਕਾਲ ਪੁਰਖ ਨੂੰ । **ਆਦਿ**-ਮੁੱਢ ਤੋਂ। **ਅਨੀਲੁ-** ਕਲੰਕ ਰਹਿਤ, ਪਵਿੱਤਰ, ਸ਼ੁੱਧ ਸਰੂਪ। **ਅਨਾਦਿ**-ਜਿਸ ਦਾ ਕੋਈ ਮੁੱਢ ਨਹੀਂ ਹੈ। **ਅਨਾਹਤਿ**-ਨਾਸ ਰਹਿਤ, ਇਕ-ਰਸ। **ਜੁਗੁ ਜੁਗੁ**-ਸਦਾ। **ਵੇਸੁ**-ਰੂਪ।੨੮।

**ਅਰਥ:-** ਹੇ ਜੋਗੀ ! ਜੇ ਤੂੰ ਸੰਤੋਖ ਨੂੰ ਆਪਣੀਆਂ ਮੁੰਦਰਾਂ ਬਣਾਵੇ, ਮਿਹਨਤ ਨੂੰ ਖੱਪਰ ਤੇ ਝੋਲੀ, ਅਤੇ ਅਕਾਲ ਪੁਰਖ ਦੇ ਧਿਆਨ ਦੀ ਸੁਆਹ ਪਿੰਡੇ ਤੇ ਮਲੇਂ, ਮੌਤ ਦਾ ਭਉ ਤੇਰੀ ਗੋਦੜੀ ਹੋਵੇ, ਸਰੀਰ ਨੂੰ ਵਿਕਾਰਾਂ ਤੋਂ ਬਚਾ ਕੇ ਰੱਖਣਾ ਤੇਰੇ ਲਈ ਜੋਗ ਦੀ ਰਹਿਤ ਹੋਵੇ ਅਤੇ ਸ਼ਰਧਾ ਨੂੰ ਡੰਡਾ ਬਣਾਵੇਂ ਤਾਂ ਅੰਦਰੋਂ ਕੂੜ ਦੀ ਕੰਧ ਟੁੱਟ ਸਕਦੀ ਹੈ। ਜੋ ਮਨੁੱਖ ਸਾਰੀ ਸ੍ਰਿਸ਼ਟੀ ਦੇ ਜੀਵਾਂ ਨੂੰ ਆਪਣਾ ਸੱਜਣ ਮਿੱਤਰ ਸਮਝਦਾ ਹੈ, ਅਸਲ ਵਿਚ ਉਹੀ ਆਈ ਪੰਥ ਵਾਲਾ ਹੈ। ਜੇ ਆਪਣਾ ਮਨ ਜਿੱਤਿਆ ਜਾਏ, ਤਾਂ ਸਾਰਾ ਜਗਤ ਹੀ ਜਿੱਤਿਆ ਜਾਂਦਾ ਹੈ ਭਾਵ, ਤਾਂ ਜਗਤ ਦੀ ਮਾਇਆ ਪਰਮਾਤਮਾ ਤੋਂ ਵਿਛੋੜ ਨਹੀਂ ਸਕਦੀ। ਸੋ, ਕੂੜ ਦੀ ਕੰਧ ਦੂਰ ਕਰਨ ਲਈ ਕੇਵਲ ਉਸ ਅਕਾਲ ਪੁਰਖ ਨੂੰ ਪ੍ਰਣਾਮ ਕਰੋ, ਜੋ ਸਭ ਦਾ ਮੁੱਢ ਹੈ, ਜੋ ਸ਼ੁੱਧ ਸਰੂਪ ਹੈ, ਜਿਸ ਦਾ ਕੋਈ ਮੁੱਢ ਨਹੀਂ ਲੱਭ ਸਕਦਾ, ਜੋ ਨਾਸ-ਰਹਿਤ ਹੈ ਅਤੇ ਜੋ ਸਦਾ ਹੀ ਇਕੋ ਜਿਹਾ ਰਹਿੰਦਾ ਹੈ ।੨੮।

**ਉਚਾਰਨ ਪਾਠ:-** ਮੁੰਦਾਂ, ਕਰਹਿਂ, ਕਾਇਆਂ ਸ਼ਬਦ ਬਿੰਦੀ ਸਹਿਤ ਉਚਾਰਨੇ ਹਨ।

# ਅਠਾਈਵੀਂ ਪਉੜੀ ਦੀ ਸਿੱਖਿਆ

ਇਸ ਪਉੜੀ ਦਾ ਉਪਦੇਸ਼ ਸਿਰਫ ਜੋਗੀਆਂ ਲਈ ਨਹੀਂ ਬਲਕਿ ਸਾਰੀ ਮਨੁੱਖਤਾ ਲਈ ਹੈ। ਗੁਰਬਾਣੀ ਦਾ ਫੁਰਮਾਨ ਹੈ-"**ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥**" **(ਅੰਗ: 647)**

ਇਸ ਪਉੜੀ ਤੋਂ ਸਾਨੂੰ ਬਹੁਤ ਸਿੱਖਿਆਵਾਂ ਮਿਲਦੀਆਂ ਹਨ।

## ਪਹਿਲੀ ਸਿੱਖਿਆ

### "ਮੁੰਦਾ ਸੰਤੋਖੁ"- 'ਸੰਤੋਖ' ਰੂਪੀ ਮੁੰਦਰਾਂ

ਜੇ ਅਸੀਂ ਆਪਣੇ ਅੰਦਰੋਂ "ਕੂੜ ਦੀ ਕੰਧ ਤੋੜ ਕੇ" ਪਰਮਾਤਮਾ ਨਾਲ "ਮਿਲਾਪ" ਕਰਨਾ ਚਾਹੁੰਦੇ ਹਾਂ ਤਾਂ ਸਾਨੂੰ 'ਸੰਤੋਖ' ਦੀਆਂ ਮੁੰਦਰਾਂ ਧਾਰਨ ਕਰਨੀਆਂ ਪੈਣਗੀਆਂ। ਜੋਗੀ ਆਪਣੇ ਕੰਨਾਂ ਵਿਚ ਦੋ ਮੁੰਦਰਾਂ ਪਾਉਂਦਾ ਹੈ ਜੋ ਸਾਰੇ ਸੰਸਾਰ ਨੂੰ ਦਿਸਦੀਆਂ ਹਨ ਪਰ ਗੁਰੂ ਦੇ ਸਿੱਖ ਨੇ ਆਪਣੇ ਮਨ ਨੂੰ 'ਸੰਤੋਖ' ਦੀਆਂ ਮੁੰਦਰਾਂ ਪਾਉਣੀਆਂ ਹਨ ਜਿਹੜੀਆਂ ਕਿ ਲੋਕਾਂ ਨੂੰ ਬਾਹਰੀ ਰੂਪ ਵਿਚ ਤਾਂ ਨਹੀਂ ਦਿਸਣਗੀਆਂ ਪਰ ਗੁਰੂ ਦੇ ਸਿੱਖ ਦੇ ਰੋਜ਼ਾਨਾ ਦੇ ਵਿਹਾਰ ਤੋਂ ਜ਼ਰੂਰ ਪ੍ਰਗਟ ਹੋਣਗੀਆਂ।

**'ਸੰਤੋਖ' ਦੀ ਪਹਿਲੀ ਮੁੰਦਰਾ ਦਾ ਸਰੂਪ ਹੈ ਕਿ ਪਰਮੇਸ਼ਰ ਨੇ ਜੋ ਵੀ ਮੈਨੂੰ ਦਿੱਤਾ ਹੈ, ਉਸ ਲਈ ਉਸ ਦਾ ਕੋਟਾਨ-ਕੋਟ ਧੰਨਵਾਦ।**

**'ਸੰਤੋਖ' ਦੀ ਦੂਸਰੀ ਮੁੰਦਰਾ ਦਾ ਸਰੂਪ ਹੈ ਕਿ ਜੋ ਵਾਹਿਗੁਰੂ ਜੀ ਨੇ ਮੈਨੂੰ ਨਹੀਂ ਦਿੱਤਾ, ਉਸ ਲਈ ਉਸ ਨੂੰ ਕਿਸੇ ਕਿਸਮ ਦਾ ਕੋਈ ਵੀ ਉਲਾਂਭਾ ਨਾ ਦੇਣਾ ਅਤੇ ਭਾਣੇ ਵਿਚ ਰਾਜ਼ੀ ਰਹਿਣਾ।**

ਇਸ ਸੰਬੰਧ ਵਿਚ ਇਕ ਕਹਾਣੀ ਸਾਂਝੀ ਕਰ ਰਿਹਾ ਹਾਂ। ਇਹ ਕਹਾਣੀ ਉਸ ਵਕਤ ਦੀ ਹੈ ਜਦੋਂ ਗੁਲਾਮ ਪ੍ਰਥਾ ਦਾ ਬਹੁਤ ਜ਼ੋਰ ਸੀ। ਉਸ ਸਮੇਂ ਇਕ ਮਾਲਕ ਆਪਣੇ ਲਈ ਇਕ ਗੁਲਾਮ ਖਰੀਦ ਕੇ ਲਿਆਉਂਦਾ ਹੈ ਅਤੇ ਉਸ ਨੂੰ ਪੁੱਛਦਾ ਹੈ ਕਿ ਦੱਸ ਤੂੰ ਕਿੰਨੇ ਵਜੇ ਉੱਠੇਂਗਾ, ਕੀ ਖਾਏਂਗਾ, ਕੀ ਪਹਿਨੇਂਗਾ ਆਦਿ ਆਦਿ। ਇਨ੍ਹਾਂ ਸਵਾਲਾਂ ਦੇ ਜੁਆਬ ਵਿਚ ਗੁਲਾਮ ਕਹਿੰਦਾ ਹੈ ਕਿ ਮੇਰੀ ਕੀ ਮਰਜ਼ੀ ਹੈ, ਮੈਂ ਤਾਂ ਆਪ ਦਾ ਖਰੀਦਿਆ ਹੋਇਆ ਗੁਲਾਮ ਹਾਂ। ਤੁਸੀਂ ਜਿੰਨੇ ਵਜੇ ਕਹੋਗੇ ਮੈਂ ਉਨੇ ਵਜੇ ਹੀ ਉੱਠਾਂਗਾ, ਜਿੰਨੇ ਵਜੇ ਕਹੋਗੇ ਉਨੇ ਵਜੇ ਹੀ ਖਾਣਾ ਖਾਵਾਂਗਾ ਅਤੇ ਜੋ ਤੁਸੀਂ ਦੇਵੋਗੇ ਉਹੀ ਪਹਿਨਾਂਗਾ। ਇਹ ਸੁਣ ਕੇ ਉਸ ਦਾ ਮਾਲਕ ਬਹੁਤ ਖੁਸ਼ ਹੁੰਦਾ ਹੈ। ਜੋ ਵੀ ਉਸਦਾ ਮਾਲਕ ਕਹਿੰਦਾ ਸੀ ਗੁਲਾਮ ਆਪਣੇ ਮਾਲਕ ਦਾ ਹਰ ਹੁਕਮ ਮੰਨਦਾ ਸੀ। ਇਸ ਤਰ੍ਹਾਂ ਕਰਦੇ ਕਰਦੇ ਦੋ-ਤਿੰਨ ਸਾਲ ਬੀਤ ਜਾਂਦੇ ਹਨ। ਉਹ ਗੁਲਾਮ ਆਪਣੇ ਮਾਲਕ ਨੂੰ ਕਦੇ ਵੀ ਉਲਟਾ ਜਵਾਬ ਨਹੀਂ ਸੀ ਦਿੰਦਾ। ਮਾਲਕ ਨੂੰ ਉਹ ਗੁਲਾਮ ਬਹੁਤ ਚੰਗਾ ਲੱਗਣ ਲੱਗ ਜਾਂਦਾ ਹੈ ਕਿਉਂਕਿ ਉਹ ਉਸ ਦੇ ਹੁਕਮ ਨੂੰ ਜਿਉਂ ਦਾ ਤਿਉਂ ਕਰਕੇ ਮੰਨਦਾ ਸੀ।

ਇਕ ਦਿਨ ਮਾਲਕ ਉਸ ਨੂੰ ਆਪਣੇ ਨਾਲ ਬਾਹਰ ਘੁੰਮਣ ਜਾਣ ਲਈ ਕਹਿੰਦਾ ਹੈ ਤੇ ਉਹ ਗੁਲਾਮ ਆਪਣੇ ਮਾਲਕ ਨਾਲ ਚਲਾ ਜਾਂਦਾ ਹੈ ਕਿਉਂਕਿ ਉਹ ਕਦੇ ਵੀ ਆਪਣੇ ਮਾਲਕ ਦੀ ਗੱਲ

ਨਹੀਂ ਸੀ ਮੋੜਦਾ । ਜਦੋਂ ਉਹ ਘੁੰਮਣ ਜਾਂਦੇ ਹਨ ਤਾਂ ਉਹ ਮਾਲਕ ਇਕ ਵਿਦੇਸ਼ੀ ਫਲ ਦੇਖਦਾ ਹੈ, ਜੋ ਉਸਨੇ ਪਹਿਲਾਂ ਕਦੇ ਨਹੀਂ ਦੇਖਿਆ ਹੁੰਦਾ। ਦੇਖਣ ਨੂੰ ਉਹ ਫਲ ਬਹੁਤ ਹੀ ਸੋਹਣਾ ਲੱਗ ਰਿਹਾ ਹੁੰਦਾ ਹੈ। ਉਹ ਬੰਦਾ ਸੋਚਦਾ ਹੈ ਕਿ ਮੈਂ ਇਹ ਵਿਦੇਸ਼ੀ ਫਲ ਖਰੀਦ ਕੇ ਆਪਣੇ ਗੁਲਾਮ ਨੂੰ ਖੁਆਵਾਂ ਕਿਉਂਕਿ ਇਸ ਨੇ ਮੇਰੀ ਬਹੁਤ ਸੇਵਾ ਕੀਤੀ ਹੈ ਤੇ ਕਦੇ ਵੀ ਮੇਰੇ ਹੁਕਮ ਨੂੰ ਨਹੀਂ ਮੋੜਿਆ। ਉਹ ਬੰਦਾ ਵਿਦੇਸ਼ੀ ਫਲ ਖਰੀਦ ਲੈਂਦਾ ਹੈ ਤੇ ਉਸ ਫਲ ਨੂੰ ਆਪਣੇ ਹੱਥਾਂ ਨਾਲ ਕੱਟ ਕੇ ਆਪਣੇ ਗੁਲਾਮ ਨੂੰ ਖਾਣ ਲਈ ਦਿੰਦਾ ਹੈ। ਗੁਲਾਮ ਸਤਿਬਚਨ ਕਹਿ ਕੇ ਉਹ ਫਲ ਖਾਣ ਲੱਗ ਜਾਂਦਾ ਹੈ। ਜਦੋਂ ਉਹ ਫਲ ਖਾ ਰਿਹਾ ਹੁੰਦਾ ਹੈ ਤਾਂ ਗੁਲਾਮ ਦੇ ਚਿਹਰੇ ਦੇ ਹਾਵ-ਭਾਵ ਤੋਂ ਮਾਲਕ ਨੂੰ ਇੰਝ ਲੱਗਦਾ ਹੈ ਜਿਵੇਂ ਕਿ ਉਹ ਫਲ ਬਹੁਤ ਹੀ ਸਵਾਦੀ ਹੋਵੇ।

ਮਾਲਕ ਸੋਚਦਾ ਹੈ ਕਿ ਸ਼ਾਇਦ ਫਲ ਬਹੁਤ ਹੀ ਸਵਾਦੀ ਹੈ ਜੋ ਗੁਲਾਮ ਇੰਨੇ ਸਵਾਦ ਨਾਲ ਖਾ ਰਿਹਾ ਹੈ। ਥੋੜ੍ਹਾ ਜਿਹਾ ਜੋ ਫਲ ਬਾਕੀ ਰਹਿੰਦਾ ਸੀ, ਮਾਲਕ ਨੇ ਸੋਚਿਆ ਕਿ ਇਹ ਬਾਕੀ ਫਲ ਹੁਣ ਮੈਂ ਖਾ ਕੇ ਦੇਖਦਾ ਹਾਂ। ਜਿਸ ਵੇਲੇ ਮਾਲਕ ਉਹ ਬਾਕੀ ਬਚਿਆ ਹੋਇਆ ਥੋੜ੍ਹਾ ਜਿਹਾ ਫਲ ਆਪਣੇ ਮੂੰਹ ਵਿਚ ਪਾਉਂਦਾ ਹੈ ਤਾਂ ਤੁਰੰਤ ਮੂੰਹ ਵਿਚੋਂ ਬਾਹਰ ਸੁੱਟ ਦਿੰਦਾ ਹੈ ਕਿਉਂਕਿ ਉਹ ਫਲ ਬਹੁਤ ਹੀ ਕੁੜੱਤਣ ਭਰਿਆ ਹੁੰਦਾ ਹੈ। ਉਹ ਨਾਲ ਹੀ ਆਪਣੇ ਗੁਲਾਮ ਨੂੰ ਪੁੱਛਦਾ ਹੈ ਕਿ ਤੂੰ ਇੰਨਾ ਕੁੜੱਤਣ ਭਰਿਆ ਫਲ ਇੰਨੇ ਸੁਆਦ ਨਾਲ ਖਾਈ ਜਾ ਰਿਹਾ ਸੀ ਤੇ ਇਕ ਵਾਰ ਵੀ ਤੂੰ ਇਸ ਨੂੰ ਖਾਣ ਤੋਂ ਮਨ੍ਹਾ ਕਿਉਂ ਨਹੀਂ ਕੀਤਾ? ਤਾਂ ਉਸ ਗੁਲਾਮ ਨੇ ਕਿਹਾ "ਮੈਂ ਜਿਸ ਮਾਲਕ ਦੇ ਹੱਥੋਂ ਇੰਨੇ ਸਾਲਾਂ ਤੋਂ ਰਹਿਮਤਾਂ/ਬਖਸ਼ਸ਼ਾਂ ਤੇ ਸੁਆਦਿਸ਼ਟ ਪਦਾਰਥ ਛਕੇ ਹਨ ਪਰ ਜੇ ਅੱਜ ਉਨ੍ਹਾਂ ਹੱਥਾਂ ਤੋਂ ਕੌੜਾ ਫਲ ਮਿਲਿਆ ਹੈ ਤਾਂ ਫਿਰ ਮੈਂ ਕਿਵੇਂ ਇਸ ਨੂੰ ਸਵਾਦ ਨਾਲ ਨਾ ਛਕਾਂ? ਉਸ ਨੂੰ ਕੌੜਾ ਕਿਵੇਂ ਕਹਾਂ?"

**ਇਸ ਕਹਾਣੀ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਪਰਮਾਤਮਾ ਨੇ ਸਾਨੂੰ ਇੰਨੇ ਸੁੱਖ ਦਿੱਤੇ ਹਨ ਇੰਨੀਆਂ ਰਹਿਮਤਾਂ ਨਾਲ ਨਿਵਾਜਿਆ ਹੈ ਪਰ ਜੇ ਰੱਬ ਨਾ ਕਰੇ, ਕਦੀ ਸਾਨੂੰ ਕੋਈ ਦੁੱਖ ਆ ਜਾਵੇ ਤਾਂ ਅਸੀਂ ਵੀ ਕਦੇ ਆਪਣੇ ਮਾਲਕ ਪਰਮਾਤਮਾ ਨੂੰ ਕਿਸੇ ਵੀ ਕਿਸਮ ਦਾ ਉਲਾਂਭਾ ਨਹੀਂ ਦੇਣਾ।**

## ਦੂਜੀ ਸਿੱਖਿਆ

### "ਸਰਮੁ ਪਤੁ ਝੋਲੀ"-'ਮਿਹਨਤ' (ਉਦਮੁ) ਰੂਪੀ ਝੋਲੀ

ਗੁਰੂ ਦੇ ਸਿੱਖ ਨੇ ਆਪਣੇ ਜੀਵਨ ਵਿਚ ਸੰਤੋਖ ਤਾਂ ਧਾਰਨ ਕਰਨਾ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਉਹ ਆਪਣੀ ਰੋਜ਼ੀ ਰੋਟੀ ਲਈ ਮਿਹਨਤ ਨਾ ਕਰੇ। ਇੱਥੇ 'ਸਰਮੁ' ਅੱਖਰ ਹਿੰਦੀ ਦੇ ਅੱਖਰ 'ਸ਼੍ਰਮ' ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ-ਉੱਦਮ, ਮਿਹਨਤ। ਜਿਵੇਂ ਗੁਰੂ ਜੀ ਜੋਗੀ ਨੂੰ ਉਪਦੇਸ਼ ਦੇ ਰਹੇ ਹਨ ਕਿ ਤੂੰ ਮਿਹਨਤ ਨੂੰ ਆਪਣਾ ਭਾਂਡਾ (ਖੱਪਰ) ਬਣਾ, ਉਵੇਂ ਹੀ ਸਾਡੇ ਲਈ ਵੀ ਉਪਦੇਸ਼ ਹੈ ਕਿ ਅਸੀਂ ਵੀ ਆਪਣੀਆਂ ਲੋੜਾਂ ਲਈ ਸਵੈ-ਨਿਰਭਰ ਹੋਣਾ ਹੈ ਕਿਉਂਕਿ ਸਿੱਖ ਧਰਮ ਦੇ ਤਿੰਨ ਸੁਨਹਿਰੀ ਉਪਦੇਸ਼ ਹਨ-ਕਿਰਤ ਕਰੋ, ਨਾਮ ਜਪੋ, ਵੰਡ ਛਕੋ। ਇਨ੍ਹਾਂ ਵਿਚੋਂ ਕਿਰਤ ਕਰਨ ਦੇ ਸਿਧਾਂਤ ਨੂੰ ਪਹਿਲੇ ਉਪਦੇਸ਼ ਵਜੋਂ ਦ੍ਰਿੜ ਕਰਵਾਇਆ ਗਿਆ ਹੈ।

**ਇਸ ਤੋ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਕਿਰਤ ਜ਼ਰੂਰ ਕਰਨੀ ਹੈ, ਵਿਹਲੇ ਨਹੀਂ ਰਹਿਣਾ ਕਿਉਂਕਿ ਜਿਥੇ ਕਿਰਤ ਸਾਨੂੰ ਸਵੈ-ਨਿਰਭਰ ਬਣਾਏਗੀ, ਉੱਥੇ ਦਸਵੰਧ ਵਜੋਂ ਕੱਢੀ ਹੋਈ ਮਾਇਆ ਭਲੇ ਦੇ ਕੰਮਾਂ ਲਈ ਵੀ ਲੱਗੇਗੀ।

## ਤੀਜੀ ਸਿੱਖਿਆ

### "ਧਿਆਨ ਕੀ ਕਰਹਿ ਬਿਭੂਤਿ"-'ਧਿਆਨ' ਰੂਪੀ ਬਿਭੂਤਿ (ਸੁਆਹ)

ਜੋਗੀ ਆਪਣੇ ਪਿੰਡੇ ਤੇ ਬਿਭੂਤਿ (ਸੁਆਹ) ਮਲਦਾ ਹੈ। ਪਰ ਗੁਰੂ ਦੇ ਸਿੱਖ ਨੇ ਰੱਬੀ ਧਿਆਨ (ਸੁਰਤਿ) ਰੂਪੀ ਬਿਭੂਤਿ ਅਪਨਾਉਣੀ ਹੈ।

ਇਸ ਦਾ ਭਾਵ ਇਹ ਹੈ ਕਿ ਸਾਰੇ ਕੰਮ ਕਰਦੇ ਕਰਾਉਂਦਿਆਂ ਹੋਇਆਂ ਆਪਣਾ ਧਿਆਨ ਨਿਰੰਕਾਰ ਵਿਚ ਰੱਖਣਾ ਹੈ। ਇਸ ਸੰਬੰਧ ਵਿਚ ਭਗਤ ਨਾਮਦੇਵ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਬਦ ਦਰਜ਼ ਹੈ ਜਿਸ ਵਿਚ ਭਗਤ ਜੀ ਉਦਾਹਰਣ ਦਿੰਦੇ ਹਨ ਕਿ ਮਾਂ ਆਪਣੇ ਬਾਲਕ ਨੂੰ ਪੰਘੂੜੇ ਵਿਚ ਪਾ ਕੇ ਘਰ ਦੇ ਕੰਮਾਂ ਵਿਚ ਰੁਝੀ ਰਹਿੰਦੀ ਹੈ ਪਰ ਆਪਣੀ 'ਸੁਰਤਿ' ਆਪਣੇ ਬੱਚੇ ਵਿਚ ਰੱਖਦੀ ਹੈ। ਯਥਾ:

**"ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ॥**
**ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ॥" (ਅੰਗ:972)**

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਵੀ ਉੱਪਰ ਲਿਖੀ ਜੁਗਤੀ ਨੂੰ ਅਪਣਾਉਂਦਿਆਂ ਹੋਇਆਂ ਆਪਣੇ ਦੁਨਿਆਵੀ ਕੰਮ ਕਰਦੇ ਕਰਾਉਂਦਿਆਂ ਧਿਆਨ ਨਿਰੰਕਾਰ ਵਿਚ ਹੀ ਰੱਖਣਾ ਹੈ।**

## ਚੌਥੀ ਸਿੱਖਿਆ

### "ਖਿੰਥਾ ਕਾਲੁ"-'ਮੌਤ' ਰੂਪੀ ਗੋਦੜੀ (ਕੁੜਤਾ)

ਜੋਗੀ ਆਪਣੇ ਸਰੀਰ ਤੇ ਖਿੰਥਾ (ਗੋਦੜੀ, ਖੁੱਲ੍ਹਾ ਜਿਹਾ ਚੋਗਾ ਅਰਥਾਤ ਕੁੜਤਾ) ਧਾਰਨ ਕਰਦਾ ਹੈ। ਇਸ ਸੰਬੰਧ ਵਿਚ ਗੁਰੂ ਸਾਹਿਬ ਸਾਨੂੰ ਉਪਦੇਸ਼ ਦਿੰਦੇ ਹੋਏ ਫੁਰਮਾਉਂਦੇ ਹਨ ਕਿ ਅਸੀਂ 'ਮੌਤ ਰੂਪੀ' ਗੋਦੜੀ ਨੂੰ ਧਾਰਨ ਕਰਨਾ ਹੈ ਅਰਥਾਤ ਸਾਨੂੰ ਹਰ ਵੇਲੇ ਯਾਦ ਰਹਿਣਾ ਚਾਹੀਦਾ ਹੈ ਕਿ ਅਸੀਂ ਇਸ ਦੁਨੀਆ ਤੇ ਪ੍ਰਾਹੁਣੇ ਹਾਂ ਅਤੇ ਆਈ ਆਪਣੀ ਵਾਰੀ ਅਨੁਸਾਰ ਇਥੋਂ ਤੁਰ ਜਾਣਾ ਹੈ।

ਅਗਰ ਸਾਨੂੰ ਮੌਤ ਯਾਦ ਰਹੇਗੀ ਤਾਂ ਸਾਡੇ ਕੋਲੋਂ ਕਦੀ ਵੀ ਕੋਈ ਗਲਤ ਕੰਮ ਨਹੀਂ ਹੋ ਸਕਦਾ। ਸੰਸਾਰ ਦੇ ਵਿਚ ਜੋ ਇੰਨੇ ਪਾਪ ਹੋ ਰਹੇ ਹਨ ਉਨ੍ਹਾਂ ਪਿੱਛੇ ਇਕ ਕਾਰਨ ਇਹ ਵੀ ਹੈ ਕਿ ਲੋਕਾਂ ਨੂੰ ਆਪਣੀ ਮੌਤ ਭੁੱਲੀ ਹੋਈ ਹੈ। ਜਿਸ ਬੰਦੇ ਨੂੰ ਆਪਣੀ ਮੌਤ ਯਾਦ ਹੈ, ਉਹ ਹਰ ਵੇਲੇ ਪਰਮੇਸ਼ਰ ਦੇ ਨਿਰਮਲ ਡਰ ਵਿਚ ਰਹਿ ਕੇ ਨਾਮ ਜਪੇਗਾ ਤੇ ਚੰਗੇ ਕੰਮ ਕਰੇਗਾ।

ਇਸ ਸੰਬੰਧ ਵਿਚ ਗੁਰਮੁਖਾਂ ਕੋਲੋਂ ਸੁਣੀ ਹੋਈ ਇਕ ਗੱਲ ਯਾਦ ਆ ਗਈ ਜੋ ਆਪ ਜੀ ਨਾਲ ਸਾਂਝੀ ਕਰ ਰਿਹਾ ਹਾਂ। ਇਕ ਵਾਰ ਇੱਕ ਬੰਦਾ ਕਿਸੇ ਗੁਰਮੁਖਾਂ ਕੋਲ ਜਾਂਦਾ ਹੈ ਅਤੇ ਉਨ੍ਹਾਂ ਨੂੰ ਕਹਿੰਦਾ ਹੈ ਕਿ "ਮੇਰਾ ਮਨ ਨਾ ਤਾਂ ਨਾਮ ਜਪਣ ਲਈ ਕਰਦਾ ਹੈ ਅਤੇ ਨਾ ਹੀ ਕੋਈ ਚੰਗੇ ਕੰਮ ਕਰਨ ਤੇ ਕਰਦਾ ਹੈ। ਕ੍ਰਿਪਾ ਕਰਕੇ ਦਸੋ ਕਿ ਤੁਸੀਂ ਇੰਨਾ ਜਿਆਦਾ ਨਾਮ ਕਿਵੇਂ ਜਪ ਲੈਂਦੇ ਹੋ ਅਤੇ ਇੰਨੇ ਚੰਗੇ ਕੰਮ ਕਿਵੇਂ ਕਰ ਲੈਂਦੇ ਹੋ ?" ਗੁਰਮੁਖ ਉਸ ਬੰਦੇ ਵੱਲ ਦੇਖ ਕੇ ਮੁਸਕਰਾਉਂਦੇ ਹੋਏ ਕਹਿੰਦੇ ਹਨ ਕਿ "ਹੁਣ ਤੇਰਾ ਨਾਮ ਜਪਣ ਨੂੰ ਕੀ ਦਿਲ ਕਰੇਗਾ ਕਿਉਂਕਿ ਕੱਲ੍ਹ ਸ਼ਾਮ ਨੂੰ ਤਾਂ ਤੂੰ ਮਰ ਜਾਣਾ ਹੈ।" ਉਹ ਬੰਦਾ ਆਪਣੀ ਮੌਤ ਬਾਰੇ ਸੁਣ ਕੇ ਡਰ ਜਾਂਦਾ ਹੈ, ਉਸਦਾ ਚਿਹਰਾ ਪੀਲਾ ਪੈ ਜਾਂਦਾ ਹੈ।ਉਹ ਗੁਰਮੁਖਾਂ ਕੋਲੋਂ ਉੱਠ ਕੇ ਬਾਹਰ ਆ ਜਾਂਦਾ ਹੈ ਤੇ ਲਗਾਤਾਰ 'ਵਾਹਿਗੁਰੂ', 'ਵਾਹਿਗੁਰੂ' ਕਰਨਾ ਸ਼ੁਰੂ ਕਰ ਦਿੰਦਾ ਹੈ। ਘਰ ਪੁੱਜਣ ਤੱਕ ਉਹ ਪਰਮਾਤਮਾ ਦਾ ਨਾਮ ਹੀ ਜਪਦਾ

ਰਹਿੰਦਾ ਹੈ ਅਤੇ ਘਰ ਆ ਕੇ ਇਕ ਵੱਖਰੇ ਕਮਰੇ ਵਿਚ ਚਲਾ ਜਾਂਦਾ ਹੈ ਤੇ ਫਿਰ ਨਾਮ ਜਪਣ ਲੱਗ ਜਾਂਦਾ ਹੈ।

ਉਸ ਦੇ ਘਰ ਵਾਲੇ ਪੁੱਛਦੇ ਹਨ ਕਿ ਕੀ ਹੋਇਆ ਹੈ ਜੋ ਤੁਸੀਂ ਲਗਾਤਾਰ ਨਾਮ ਜਪੀ ਜਾ ਰਹੇ ਹੋ? ਉਹ ਬੰਦਾ ਕਹਿੰਦਾ ਹੈ ਕਿ ਮੈਂ ਅੱਜ ਕਿਸੇ ਗੁਰਮੁਖਾਂ ਕੋਲ ਗਿਆਂ ਸਾਂ। ਉਨ੍ਹਾਂ ਨੇ ਮੈਨੂੰ ਕਿਹਾ ਹੈ ਕਿ ਤੂੰ ਕੱਲ੍ਹ ਸ਼ਾਮ ਤੱਕ ਮਰ ਜਾਣਾ ਹੈ। ਮੈਂ ਸਾਰੀ ਜਿੰਦਗੀ ਕਦੀ ਨਾਮ ਨਹੀਂ ਜਪਿਆ, ਇਸ ਲਈ ਆਪਣੀ ਜਿੰਦਗੀ ਦੇ ਬਾਕੀ ਬਚੇ ਹੋਏ ਕੁਝ ਪਲਾਂ ਵਿਚ ਮੈਂ ਨਾਮ ਜਪਣਾ ਚਾਹੁੰਦਾ ਹਾਂ ਅਤੇ ਜੋ ਕੁਝ ਲੋਕਾਂ ਦੀ ਭਲਾਈ ਲਈ ਕੰਮ ਕਰਨੇ ਹਨ ਉਹ ਮੈਂ ਕਰਨੇ ਚਾਹੁੰਦਾ ਹੈ। ਉਹ ਸਾਰੀ ਰਾਤ ਨਾਮ ਜਪਦਿਆਂ ਲੰਘਾ ਦਿੰਦਾ ਹੈ। ਅਗਲੇ ਦਿਨ ਜਿੰਨੇ ਵੀ ਲੋਕਾਂ ਦੀ ਭਲਾਈ ਦੇ ਕੰਮ ਕਰਨ ਵਾਲੇ ਸੀ, ਉਹ ਕਰਦਾ ਹੈ ਤੇ ਨਾਮ ਹੀ ਜਪਦਾ ਰਹਿੰਦਾ ਹੈ। ਸ਼ਾਮ ਪੈਣ ਵਾਲੀ ਹੁੰਦੀ ਹੈ ਤੇ ਉਹ ਫਰਸ਼ ਤੇ ਲੇਟ ਜਾਂਦਾ ਹੈ ਤੇ ਆਪਣੇ ਘਰ ਵਾਲਿਆਂ ਨੂੰ ਕਹਿੰਦਾ ਹੈ ਕਿ ਹੁਣ ਮੈਂ ਮਰਨ ਵਾਲਾ ਹਾਂ, ਮੇਰੇ ਕੋਲ ਬੈਠ ਕੇ ਸਾਰੇ ਹੀ 'ਵਾਹਿਗੁਰੂ' 'ਵਾਹਿਗੁਰੂ' ਕਰੋ। ਸਾਰੇ ਹੀ ਨਾਮ ਜਪਣ ਲੱਗਦੇ ਹਨ ਤਾਂ ਉਸ ਸਮੇਂ ਉਹ ਗੁਰਮੁਖ ਪਿਆਰੇ ਉਨ੍ਹਾਂ ਦੇ ਘਰ ਆ ਜਾਂਦੇ ਹਨ। ਗੁਰਮੁਖਾਂ ਨੂੰ ਦੇਖ ਕੇ ਉਹ ਬੰਦਾ ਬਹੁਤ ਖੁਸ਼ ਹੁੰਦਾ ਹੈ ਤੇ ਧੰਨਵਾਦ ਕਰਦਾ ਹੋਇਆ ਕਹਿੰਦਾ ਹੈ ਕਿ "ਚੰਗਾ ਹੋਇਆ ਤੁਸੀਂ ਆ ਗਏ, ਹੁਣ ਤੁਸੀਂ ਵੀ ਮੇਰੇ ਕੋਲ ਨਾਮ ਜਪੋ ਕਿਉਂਕਿ ਮੇਰਾ ਆਖਰੀ ਸਮਾ ਆ ਗਿਆ ਹੈ।"

ਉਹ ਗੁਰਮੁਖ ਪਿਆਰੇ ਬੰਦੇ ਵੱਲ ਹੱਸ ਕੇ ਦੇਖਦੇ ਹਨ ਅਤੇ ਕਹਿੰਦੇ ਹਨ ਕਿ "ਬੇਟਾ ਜੰਮਣ ਮਰਨਾ ਤਾਂ ਪਰਮਾਤਮਾ ਦੇ ਹੱਥ ਵਿਚ ਹੈ।" ਤੂੰ ਕਿਹਾ ਸੀ ਕਿ ਮੇਰਾ ਨਾਮ ਜਪਣ ਨੂੰ ਦਿਲ ਨਹੀਂ ਕਰਦਾ ਤੇ ਚੰਗੇ ਕੰਮ ਕਰਨ ਨੂੰ ਵੀ ਦਿਲ ਨਹੀਂ ਕਰਦਾ ਤੇ ਮੈਂ ਤੈਨੂੰ ਕਿਹਾ ਸੀ ਕਿ ਤੂੰ ਕੱਲ੍ਹ ਸ਼ਾਮ ਨੂੰ ਤੂੰ ਮਰ ਜਾਣਾ ਹੈ। ਹੁਣ ਤੂੰ ਮੈਨੂੰ ਇਹ ਦੱਸ ਕੱਲ੍ਹ ਤੋਂ ਜਦੋਂ ਦਾ ਤੂੰ ਆਪਣੀ ਮੌਤ ਬਾਰੇ ਸੁਣਿਆ ਹੈ, ਤਾਂ ਕੀ ਤੇਰਾ ਦਿਲ ਨਾਮ ਜਪਣ ਨੂੰ ਅਤੇ ਚੰਗੇ ਕੰਮ ਕਰਨ ਨੂੰ ਕੀਤਾ ਹੈ ਕਿ ਨਹੀਂ?

ਗੁਰਮੁੱਖ ਉਸ ਬੰਦੇ ਨੂੰ ਸਮਝਾਉਂਦੇ ਹਨ ਕਿ ਜੇ ਅਸੀਂ ਹਰ ਵੇਲੇ ਮੌਤ ਨੂੰ ਯਾਦ ਰੱਖਾਂਗੇ ਤਾਂ ਅਸੀਂ ਪਰਮਾਤਮਾ ਦਾ ਨਾਮ ਜਪਦੇ ਹੀ ਰਹਾਂਗੇ ਅਤੇ ਚੰਗੇ ਕੰਮ ਕਰਦੇ ਰਹਾਂਗੇ। ਸਾਨੂੰ ਪਰਮਾਤਮਾ ਦਾ ਨਾਮ ਹਰ ਵੇਲੇ ਜਪਦੇ ਰਹਿਣਾ ਚਾਹੀਦਾ ਹੈ ਕਿਉਂਕਿ ਮੌਤ ਕਿਸੇ ਵਕਤ ਵੀ ਆ ਸਕਦੀ ਹੈ ਅਤੇ ਮਰਨ ਤੋਂ ਬਾਅਦ ਸਾਡੀ ਰੂਹ ਨਾਲ ਕੇਵਲ ਨਾਮ ਹੀ ਜਾਏਗਾ। **ਯਥਾ:-**

**ਜਹ ਮਹਾ ਭਇਆਨ ਦੂਤ ਜਮ ਦਲੈ॥**
**ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥ (ਅੰਗ: 264)**

# ਪੰਜਵੀਂ ਸਿੱਖਿਆ

## "ਕੁਆਰੀ ਕਾਇਆ ਜੁਗਤਿ"- 'ਕੁਆਰਾ ਸ਼ਰੀਰ' ਅਰਥਾਤ ਵਿਸ਼ੇ-ਵਿਕਾਰਾਂ ਤੋਂ ਬਚਿਆ ਹੋਇਆ ਸ਼ਰੀਰ

**"ਏਕਾ ਨਾਰੀ ਜਤੀ ਹੋਇ"** ਇਸ ਤੋਂ ਭਾਵ ਹੈ ਕਿ ਸਰੀਰ ਨੂੰ ਵਿਕਾਰਾਂ ਤੋਂ ਬਚਾ ਕੇ ਰੱਖਣਾ 'ਪਤੀ ਬ੍ਰਤਾ ਇਸਤਰੀ' ਤੇ 'ਇਸਤਰੀ ਬ੍ਰਤਾ ਪੁਰਸ਼' ਦਾ ਜੀਵਨ ਜੀਊਣਾ।

ਜਿਹੜਾ ਸਿੱਖ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਹੁਕਮ ਦੇ ਮੁਤਾਬਿਕ ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰ ਲੈਂਦਾ ਹੈ, ਉਸ ਦਾ ਵਿਕਾਰਾਂ ਤੋਂ ਬਚਾਅ ਹੋਣਾ ਸੁਭਾਵਿਕ ਹੀ ਹੈ ਕਿਉਂਕਿ ਚਾਰ ਬਜ਼ਰ ਕੁਰਹਿਤਾਂ ਵਿਚੋਂ ਇਕ ਬਜ਼ਰ ਕੁਰਹਿਤ ਇਹ ਹੈ ਕਿ ਪਰਾਈ ਇਸਤਰੀ-ਪਰਾਏ ਪੁਰਸ਼ ਦਾ

ਸੰਗ ਨਹੀਂ ਕਰਨਾ। **ਇਸ ਲਈ ਸਾਨੂੰ ਹਰ ਹਾਲਤ ਵਿਚ ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰਨੀ ਚਾਹੀਦੀ ਹੈ ਤਾਂ ਕਿ ਸਾਡਾ ਵਿਕਾਰਾਂ ਤੋਂ ਬਚਾਅ ਹੋ ਸਕੇ।**

## ਛੇਵੀਂ ਸਿੱਖਿਆ

### "ਡੰਡਾ ਪਰਤੀਤਿ"

ਜਿਵੇਂ ਕਿ ਜੋਗੀ ਆਪਣੇ ਹੱਥ ਵਿਚ ਡੰਡਾ ਰੱਖਦਾ ਹੈ ਉਵੇਂ ਹੀ ਗੁਰੂ ਦੇ ਸਿੱਖ ਨੇ ਪਰਮਾਤਮਾ ਉਤੇ ਸ਼ਰਧਾ ਤੇ ਭਰੋਸੇ ਨੂੰ ਆਪਣਾ ਡੰਡਾ ਬਣਾਉਣਾ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਪੂਰੇ ਦਾ ਪੂਰਾ ਭਰੋਸਾ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਰੱਖਣਾ ਹੈ। ਜੇ ਸਾਡਾ ਭਰੋਸਾ ਪੂਰਾ ਅਰਥਾਤ 100% ਹੋਵੇਗਾ ਤਾਂ ਗੁਰੂ ਜੀ ਵੀ ਉਸ ਭਰੋਸੇ ਦੀ ਲਾਜ ਰਖਦਿਆਂ ਹੋਇਆਂ ਸਾਡੀਆਂ ਝੋਲੀਆਂ ਵਿਚ ਮੂੰਹ ਮੰਗੀਆਂ ਦਾਤਾਂ ਪਾਉਣਗੇ।**

**ਇਸ ਸੰਬੰਧ ਵਿਚ ਗੁਰਮੁਖ ਪਿਆਰਿਆਂ ਦੇ ਬਚਨ ਯਾਦ ਆ ਗਏ। ਉਹ ਕਹਿੰਦੇ ਹੁੰਦੇ ਸਨ ਕਿ ਜਿਸ ਸਿੱਖ ਦੀ ਪੂਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਹੀਂ ਪਈ, ਉਸ ਦੀ ਕਿਧਰੋਂ ਵੀ ਪੂਰੀ ਨਹੀਂ ਪੈਣੀ।**

ਇਸ ਸੰਬੰਧ ਵਿਚ ਇਕ ਸਾਖੀ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੀ ਹੈ ਆਪ ਨਾਲ ਸਾਂਝੀ ਕਰਨ ਜਾ ਰਿਹਾਂ ਹਾਂ। ਕਾਬਲ ਵਿਚ ਗੁਰੂ ਜੀ ਦੇ ਸਿੱਖ ਭਾਈ ਭਾਨਾ ਤੇ ਭਾਈ ਰੇਖ ਦੇਉ ਸਿੱਖੀ ਦਾ ਪ੍ਰਚਾਰ ਕਰਦੇ ਸਨ ਅਤੇ ਸਰਕਾਰੀ ਮੋਦੀ ਸਨ। ਹਰ ਕਿਸੇ ਨਾਲ ਚੰਗਾ ਵਿਹਾਰ ਕਰਦੇ, ਸਭਨਾਂ ਦੀ ਸੇਵਾ ਕਰਦੇ ਸਨ। ਦੋਵੇਂ ਹੀ ਸਿੱਖ ਲੋੜਵੰਦਾਂ ਦੀ ਮਦਦ ਕਰਦੇ ਸਨ ਤੇ ਭੁੱਖਿਆਂ ਨੂੰ ਆਹਾਰ ਦਿੰਦੇ ਸਨ। ਉਨ੍ਹਾਂ ਨੂੰ ਪੰਜ ਸਾਲ ਮੋਦੀਖਾਨੇ ਵਿਚ ਕੰਮ ਕਰਦੇ ਹੋ ਗਏ ਸਨ। ਕੁਝ ਲੋਕ ਚਾਹੁੰਦੇ ਸਨ ਕਿ ਮੋਦੀਖਾਨੇ ਦੇ ਕੰਮ ਦਾ ਮੌਕਾ ਉਨ੍ਹਾਂ ਨੂੰ ਮਿਲੇ। ਇਸ ਲਈ ਉਨ੍ਹਾਂ ਨੇ ਸਾਜਿਸ਼ਾਂ ਕਰਕੇ ਵੱਟੇ ਬਦਲ ਦਿੱਤੇ ਅਤੇ ਸ਼ਿਕਾਇਤ ਕਰ ਦਿਤੀ ਕਿ ਦੋਵੇਂ ਸਿੱਖ ਘੱਟ ਤੋਲਦੇ ਹਨ। ਨਵਾਬ ਨੇ ਵੱਟਾ ਮੰਗਵਾਇਆ। ਦੋਵੇਂ ਸਿੱਖਾਂ ਨੇ ਗੁਰੂ ਜੀ ਪਾਸ ਮਨ ਵਿਚ ਅਰਦਾਸ ਕੀਤੀ ਕਿ ਉਨ੍ਹਾਂ ਦੀ ਲਾਜ ਰੱਖੀ ਜਾਵੇ। ਜਦ ਨਵਾਬ ਨੇ ਵੱਟਾ ਜੋਖਿਆ ਤਾਂ ਬਰਾਬਰ ਨਿਕਲਿਆ। ਕਹਿੰਦੇ ਹਨ ਉਸ ਸਮੇਂ ਜਦ ਵੱਟਾ ਜੋਖਿਆ ਜਾ ਰਿਹਾ ਸੀ ਤਾਂ ਸੰਗਤ ਵਿਚ ਬੈਠੇ ਹੋਏ ਗੁਰੂ ਅਰਜਨ ਦੇਵ ਜੀ ਨੂੰ ਕਿਸੇ ਨੇ ਪੰਜ ਪੈਸੇ ਭੇਟ ਕੀਤੇ। ਗੁਰੂ ਜੀ ਪੈਸੇ ਕਦੇ ਸੱਜੇ ਹੱਥ ਰੱਖਣ ਕਦੇ ਖੱਬੇ ਹੱਥ। ਜਦ ਸਿੱਖਾਂ ਨੇ ਪੁੱਛਿਆ ਕਿ ਬਾਰ-ਬਾਰ ਇਸ ਤਰ੍ਹਾਂ ਕਿਉਂ ਕਰ ਰਹੇ ਹੋ ਤਾਂ ਆਪ ਜੀ ਨੇ ਕਿਹਾ ਆਪਣੇ ਸਿੱਖਾਂ ਦੀ ਪੈਜ ਰੱਖ ਰਿਹਾਂ ਹਾਂ।

## ਸੱਤਵੀਂ ਸਿੱਖਿਆ

### "ਆਈ ਪੰਥੀ ਸਗਲ ਜਮਾਤੀ"

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਜੋਗੀਆਂ ਦੇ 12 ਫਿਰਕੇ ਹਨ ਅਤੇ ਉਨ੍ਹਾਂ ਵਿਚੋਂ ਸਭ ਤੋਂ ਉੱਤਮ ਫਿਰਕਾ 'ਆਈ ਪੰਥੀ' ਵਾਲਾ ਹੈ। ਗੁਰੂ ਨਾਨਕ ਦੇਵ ਜੀ ਉਪਦੇਸ਼ ਦਿੰਦੇ ਹੋਏ ਇਹ ਗੱਲ ਦ੍ਰਿੜ ਕਰਵਾਉਂਦੇ ਹਨ ਕਿ ਅਸਲ ਵਿਚ ਸਭ ਤੋਂ ਉੱਤਮ ਫਿਰਕੇ ਵਾਲਾ ਬੰਦਾ ਉਹ ਨਹੀਂ ਜੋ 'ਆਈ ਪੰਥੀ' (ਕਿਸੇ ਉੱਚੇ ਫਿਰਕੇ) ਨਾਲ ਸੰਬੰਧ ਰੱਖਦਾ ਹੋਵੇ ਬਲਕਿ ਉਹ ਹੈ ਜਿਹੜਾ ਸਾਰੀ ਮਨੁਖਤਾ ਨੂੰ ਪਿਆਰ ਕਰੇ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਵੀ ਸਾਰੀ ਮਨੁਖਤਾ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਪਿਆਰ ਕਰਨਾ ਹੈ ਅਤੇ ਸਭ ਦੀ ਮਦਦ ਕਰਨੀ ਹੈ ਕਿਉਂਕਿ ਉਸ ਅਕਾਲ ਪੁਰਖੁ ਪਰਮੇਸ਼ਰ ਦੀ ਜੋਤ ਸਭ ਵਿਚ ਹੈ।**

# ਅੱਠਵੀਂ ਸਿੱਖਿਆ

## "ਮਨਿ ਜੀਤੈ ਜਗੁ ਜੀਤੁ"

ਗੁਰੂ ਜੀ ਇਸ ਪਉੜੀ ਵਿਚ ਇਹ ਸਿੱਖਿਆ ਦੇ ਰਹੇ ਹਨ ਕਿ ਜਿਸ ਵਿਅਕਤੀ ਨੇ ਆਪਣੇ ਮਨ ਨੂੰ ਜਿੱਤ ਲਿਆ ਹੈ, ਸਮਝੋ ਉਸ ਨੇ ਸਾਰੇ ਸੰਸਾਰ ਨੂੰ ਜਿੱਤ ਲਿਆ ਹੈ।

**ਹੁਣ ਫਿਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਚੰਚਲ ਮਨ ਨੂੰ ਕਿਵੇਂ ਜਿੱਤਿਆ ਜਾਵੇ ਅਤੇ ਇਸ ਨੂੰ ਠੱਲ੍ਹ ਕਿਵੇਂ ਪਾਈ ਜਾਵੇ? ਤਾਂ ਇਸ ਦਾ ਜਵਾਬ ਹੈ ਕਿ ਪਹਿਲੇ ਸਾਨੂੰ ਮਨ ਦੇ ਸੁਭਾਅ ਨੂੰ ਸਮਝਨਾ ਪਵੇਗਾ।**

ਇਸ ਸੰਬੰਧ ਵਿਚ ਇਕ ਕਹਾਣੀ ਸਾਂਝੀ ਕਰ ਰਿਹਾ ਹਾਂ। ਇਕ ਰਾਜੇ ਕੋਲ ਇਕ ਬੱਕਰਾ ਹੁੰਦਾ ਹੈ। ਉਸ ਬੱਕਰੇ ਨੂੰ ਜਿੰਨਾ ਮਰਜ਼ੀ ਘਾਹ ਖਵਾਈ ਜਾਓ, ਉਸ ਦਾ ਕਦੀ ਢਿੱਡ ਨਹੀਂ ਸੀ ਭਰਦਾ। ਹਰ ਵੇਲੇ ਖਾਂਦਾ ਹੀ ਰਹਿੰਦਾ ਸੀ । ਰਾਜੇ ਦੇ ਕਰਮਚਾਰੀ ਪ੍ਰੇਸ਼ਾਨ ਹੋ ਜਾਂਦੇ ਹਨ ਕਿ ਇਹ ਬੱਕਰਾ ਤਾਂ ਸਭ ਨਾਲੋਂ ਵੱਖਰਾ ਹੈ, ਸਾਰਾ ਦਿਨ ਖਾਂਦਾ ਰਹਿੰਦਾ ਹੈ, ਕਦੀ ਵੀ ਰੱਜਦਾ ਨਹੀਂ ਹੈ। ਅਸੀਂ ਇਸ ਨੂੰ ਘਾਹ ਖਵਾ ਖਵਾ ਕੇ ਥੱਕ ਜਾਂਦੇ ਹਾਂ। ਰਾਜੇ ਦੇ ਕਰਮਚਾਰੀ ਰਾਜੇ ਨੂੰ ਕਹਿੰਦੇ ਕਿ ਇਸ ਬੱਕਰੇ ਦਾ ਕਦੀ ਢਿੱਡ ਨਹੀਂ ਭਰਦਾ ਭਾਵੇਂ ਇਸ ਨੂੰ ਦਿਨ ਰਾਤ ਖਵਾਈ ਜਾਵੋ।

ਰਾਜਾ ਆਪਣੀ ਪਰਜਾ ਵਿਚ ਐਲਾਨ ਕਰਦਾ ਹੈ ਕਿ ਜਿਹੜਾ ਬੰਦਾ ਇਸ ਬੱਕਰੇ ਨੂੰ ਰਜਾ ਦੇਵੇਗਾ ਉਸ ਨੂੰ ਇਨਾਮ ਦਿੱਤਾ ਜਾਵੇਗਾ। ਬਹੁਤ ਬੰਦੇ ਉਸ ਨੂੰ ਰਜਾਉਣ ਦੀ ਕੋਸ਼ਿਸ਼ ਕਰਦੇ ਹਨ ਪਰ ਉਹ ਨਹੀਂ ਰੱਜਦਾ। ਸਭ ਨਿਰਾਸ਼ ਹੋ ਕੇ ਚਲੇ ਜਾਂਦੇ ਹਨ। ਰਾਜਾ ਇਹ ਸਭ ਦੇਖ ਕੇ ਫਿਰ ਇਹ ਕਹਿੰਦਾ ਹੈ ਕਿ ਜਿਹੜਾ ਬੰਦਾ ਇਸ ਨੂੰ ਰਜਾਏਗਾ ਉਸ ਨੂੰ ਮੂੰਹ ਮੰਗਿਆ ਇਨਾਮ ਦਿੱਤਾ ਜਾਵੇਗਾ।

ਇਕ ਬੰਦਾ ਆਉਂਦਾ ਹੈ ਤੇ ਕਹਿੰਦਾ ਹੈ ਕਿ ਮੈਂ ਇਸ ਨੂੰ ਰਜਾ ਸਕਦਾ ਹਾਂ ਪਰ ਕੁਝ ਦਿਨਾਂ ਲਈ ਬੱਕਰੇ ਨੂੰ ਤੁਹਾਨੂੰ ਮੇਰੇ ਹਵਾਲੇ ਕਰਨਾ ਪਵੇਗਾ। ਰਾਜਾ ਮੰਨ ਜਾਂਦਾ ਹੈ ਤੇ ਉਸ ਬੰਦੇ ਨੂੰ ਬੱਕਰਾ ਦੇ ਦਿੰਦਾ ਹੈ। ਬੰਦਾ ਉਸ ਬੱਕਰੇ ਨੂੰ ਘਰ ਲਿਆ ਕੇ ਜਦੋਂ ਘਾਹ ਖਵਾਉਂਦਾ ਹੈ ਤਾਂ ਉਸੇ ਵੇਲੇ ਉਸ ਦੇ ਸਿਰ ਤੇ ਸੋਟਾ ਮਾਰ ਦਿੰਦਾ ਹੈ। ਬਾਰ-ਬਾਰ ਇਸ ਤਰ੍ਹਾਂ ਕਰਨ ਨਾਲ ਬੱਕਰੇ ਨੂੰ ਪਤਾ ਲੱਗ ਜਾਂਦਾ ਹੈ ਕਿ ਹੁਣ ਜਦੋਂ ਮੈਂ ਘਾਹ ਖਾਵਾਂਗਾ ਤਾਂ ਮੇਰੇ ਸਿਰ ਤੇ ਸੋਟਾ ਪਵੇਗਾ। ਇਸ ਡਰ ਕਰਕੇ ਉਹ ਘਾਹ ਖਾਣਾ ਬੰਦ ਕਰ ਦਿੰਦਾ ਹੈ। ਕੁਝ ਸਮੇਂ ਬਾਦ ਉਹ ਬੰਦਾ ਬੱਕਰੇ ਨੂੰ ਰਾਜੇ ਕੋਲ ਲੈ ਕੇ ਵਾਪਸ ਜਾਂਦਾ ਹੈ ਤੇ ਕਹਿੰਦਾ ਹੈ ਕਿ ਮੈਂ ਇਸ ਨੂੰ ਰਜਾ ਦਿੱਤਾ ਹੈ। ਇਸ ਨੂੰ ਘਾਹ ਖਵਾ ਕੇ ਦੇਖੋ ਹੁਣ ਇਹ ਘਾਹ ਨਹੀਂ ਖਾਵੇਗਾ।

ਰਾਜੇ ਦੇ ਕਰਮਚਾਰੀ ਉਸ ਨੂੰ ਘਾਹ ਖਵਾਉਂਦੇ ਹਨ ਪਰ ਬੱਕਰਾ ਘਾਹ ਨਹੀਂ ਖਾਂਦਾ। ਰਾਜਾ ਤੇ ਉਸ ਦੇ ਕਰਮਚਾਰੀ ਬਹੁਤ ਹੈਰਾਨ ਹੁੰਦੇ ਹਨ ਕਿ ਬੱਕਰੇ ਨੇ ਘਾਹ ਖਾਣਾ ਕਿਵੇਂ ਛੱਡ ਦਿੱਤਾ, ਇਹ ਕਿਵੇਂ ਰੱਜ ਗਿਆ। ਰਾਜਾ ਉਸ ਬੰਦੇ ਨੂੰ ਪੁੱਛਦਾ ਹੈ ਕਿ ਤੂੰ ਇਸ ਨੂੰ ਕਿਵੇਂ ਰਜਾ ਦਿੱਤਾ? ਤਾਂ ਉਹ ਬੰਦਾ ਕਹਿੰਦਾ ਹੈ ਕਿ ਜਦੋਂ ਇਹ ਘਾਹ ਖਾਂਦਾ ਸੀ ਤਾਂ ਮੈਂ ਇਸ ਦੇ ਸਿਰ ਤੇ ਸੋਟਾ ਮਾਰ ਦਿੰਦਾ ਸੀ ਤੇ ਇਹ ਘਾਹ ਖਾਣ ਤੋਂ ਰੁਕ ਜਾਂਦਾ ਸੀ। ਇਸ ਤਰ੍ਹਾਂ ਬਾਰ-ਬਾਰ ਕਰਨ ਨਾਲ ਇਸਦੇ ਮਨ ਵਿਚ ਡਰ ਬੈਠ ਗਿਆ ਕਿ ਜਦ ਵੀ ਮੈਂ ਘਾਹ ਖਾਵਾਂਗਾ ਤਾਂ ਮੇਰੇ ਸਿਰ ਤੇ ਸੋਟਾ ਪਵੇਗਾ। ਇਸ ਲਈ

ਇਸਨੇ ਘਾਹ ਖਾਣਾ ਬੰਦ ਕਰ ਦਿੱਤਾ।

**ਸਾਡੇ ਮਨ ਦਾ ਵੀ ਹਾਲ ਬੱਕਰੇ ਵਰਗਾ ਹੀ ਹੈ। ਮਨ ਨੂੰ ਜਿੰਨਾ ਦੁਨਿਆਵੀ ਪਦਾਰਥਾਂ ਦਾ ਘਾਹ ਪਾਵਾਂਗੇ ਉਨ੍ਹਾਂ ਹੀ ਇਹ ਹੋਰ ਮੰਗੇਗਾ ਤੇ ਕਦੇ ਵੀ ਰੱਜੇਗਾ ਨਹੀਂ । ਜਦੋਂ ਇਸ 'ਮਨ' ਤੇ 'ਸ਼ਬਦ' ਦਾ ਸੋਟਾ ਵੱਜੇਗਾ ਤਾਂ ਫਿਰ ਇਹ ਵਿਕਾਰਾਂ ਵਲੋਂ ਵੀ ਹਟੇਗਾ ਅਤੇ ਰੱਜਣਾ ਵੀ ਸ਼ੁਰੂ ਹੋ ਜਾਵੇਗਾ।**

**ਇਸ ਅਜਿੱਤ ਮਨ ਨੂੰ ਜਿੱਤਣ ਲਈ ਸਾਨੂੰ ਇਸ ਨੂੰ ਗੁਰੂ ਜੀ ਦੇ ਹਵਾਲੇ ਕਰਨਾ ਪਵੇਗਾ ਅਤੇ ਇਸ ਮਨ ਦੇ ਉੱਤੇ 'ਸ਼ਬਦ ਦੇ ਗਿਆਨ ਦਾ ਹਥੌੜਾ' ਚਲਾਉਣਾ ਪਵੇਗਾ ਤਾਂ ਹੀ ਇਹ ਆਪਣੇ ਨਿੱਜ ਘਰ ਵਿਚ ਆ ਕੇ ਟਿਕੇਗਾ।** ਇਸ ਸੰਬੰਧ ਵਿਚ ਮਨ ਨੂੰ ਜਿਤਣ ਲਈ ਸਾਨੂੰ ਜਪੁ ਜੀ ਸਾਹਿਬ ਦੀ ਅਖੀਰਲੀ ਪਉੜੀ ਵਿਚ ਦੱਸੀ ਗਈ ਹੇਠ ਲਿਖੀ ਜੁਗਤਿ ਆਪਣਾਉਣੀ ਪਵੇਗੀ:

**"ਜਤੁ ਪਾਹਾਰਾ ਧੀਰਜੁ ਸੁਨਿਆਰੁ॥**
**ਅਹਰਣਿ ਮਤਿ ਵੇਦੁ ਹਥੀਆਰੁ॥ "**

ਅਰਥਾਤ ਆਪਣੀ ਮਨ ਦੀ ਮਤ ਉਤੇ ਰੱਬੀ ਗਿਆਨ ਦਾ ਹਥੌੜਾ ਮਾਰਨਾ ਪਵੇਗਾ ਤਾਂ ਹੀ ਇਸ ਮਨ ਦੀ ਘਾੜਤ ਵੱਧੀਆ ਘੜੀ ਜਾਵੇਗੀ। ਜਿਵੇਂ ਜਿਵੇਂ ਗੁਰੂ ਦਾ ਸ਼ਬਦ ਸਾਡੇ ਮਨ ਅਤੇ ਮੱਤ ਤੇ ਚੱਲੇਗਾ ਸਾਡੇ ਅੰਦਰੋਂ ਕੂੜ ਦੀ ਕੰਧ ਟੁੱਟ ਜਾਏਗੀ ਅਤੇ ਅਸੀਂ ਪਰਮਾਤਮਾ ਵਿਚ ਅਭੇਦ ਹੋ ਜਾਵਾਂਗੇ।

# ਉਨੱਤੀਵੀਂ ਪਉੜੀ

**ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥**
**ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥**
**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥**
**ਆਦੇਸੁ ਤਿਸੈ ਆਦੇਸੁ॥**
**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੯॥**

**ਪਦ ਅਰਥ:- ਭੁਗਤਿ**-ਚੂਰਮਾ। **ਭੰਡਾਰਣਿ**-ਭੰਡਾਰਾ ਵਰਤਾਣ ਵਾਲੀ। **ਘਟਿ ਘਟਿ**-ਹਰੇਕ ਸਰੀਰ ਵਿਚ। **ਵਾਜਹਿ**-ਵੱਜ ਰਹੇ ਹਨ। **ਨਾਦ**-ਸ਼ਬਦ (ਜੋਗੀ ਭੰਡਾਰਾ ਖਾਣ ਵੇਲੇ ਇਕ ਨਾਦੀ ਵਜਾਂਦੇ ਹਨ, ਜੋ ਉਹਨਾਂ ਆਪਣੇ ਗਲ ਵਿਚ ਲਟਕਾਈ ਹੁੰਦੀ ਹੈ)। **ਆਪਿ**-ਅਕਾਲ ਪੁਰਖ ਆਪ। **ਨਾਥੀ**-ਨੱਥੀ ਹੋਈ, ਵੱਸ ਵਿਚ। **ਸਭ**-ਸਾਰੀ ਸ੍ਰਿਸ਼ਟੀ। **ਰਿਧਿ**-ਪਰਤਾਪ, ਵਡਿਆਈ।**ਲੇਖੇ**-ਕੀਤੇ ਕਰਮਾਂ ਦੇ ਲੇਖੇ ਅਨੁਸਾਰ । **ਭਾਗ**-ਆਪੋ ਆਪਣੇ ਹਿੱਸੇ, ਆਪਣੇ ਆਪਣੇ ਛਾਂਦੇ।੨੯।

**ਅਰਥ:-** ਹੇ ਜੋਗੀ! ਜੇ ਅਕਾਲ ਪੁਰਖ ਦੀ ਸਰਬ-ਵਿਆਪਕਤਾ ਦਾ ਗਿਆਨ ਤੇਰੇ ਲਈ ਭੰਡਾਰਾ (ਚੂਰਮਾ) ਹੋਵੇ, ਦਇਆ ਇਸ ਗਿਆਨ-ਰੂਪ ਭੰਡਾਰੇ ਦੀ ਵਰਤਾਵੀ ਹੋਵੇ, ਹਰੇਕ ਜੀਵ ਦੇ ਅੰਦਰ ਜਿਹੜੀ ਜ਼ਿੰਦਗੀ ਦੀ ਰੌ ਚੱਲ ਰਹੀ ਹੈ, (ਭੰਡਾਰਾ ਛਕਣ ਵੇਲੇ ਜੇ ਤੇਰੇ ਅੰਦਰ) ਇਹ ਨਾਦੀ ਵੱਜ ਰਹੀ ਹੋਵੇ, ਤੇਰਾ ਨਾਥ ਆਪ ਅਕਾਲ ਪੁਰਖ ਹੋਵੇ, ਜਿਸ ਦੇ ਵੱਸ ਵਿਚ ਸਾਰੀ ਸ੍ਰਿਸ਼ਟੀ ਹੈ, (ਤਾਂ ਕੂੜ ਦੀ ਕੰਧ ਤੇਰੇ ਅੰਦਰੋਂ ਟੁੱਟ ਕੇ ਪਰਮਾਤਮਾ ਨਾਲੋਂ ਤੇਰੀ ਵਿੱਥ ਮਿਟ ਸਕਦੀ ਹੈ।)

ਜੋਗ ਸਾਧਨਾਂ ਦੀ ਰਾਹੀਂ ਪ੍ਰਾਪਤ ਹੋਈਆਂ ਰਿੱਧੀਆਂ ਵਿਅਰਥ ਹਨ, ਇਹ ਰਿੱਧੀਆਂ ਤੇ ਸਿੱਧੀਆਂ ਤਾਂ ਕਿਸੇ ਹੋਰ ਪਾਸੇ ਖੜਨ ਵਾਲੇ ਸੁਆਦ ਹਨ। ਅਕਾਲ ਪੁਰਖ ਦੀ "ਸੰਜੋਗ" ਸੱਤਾ ਤੇ "ਵਿਜੋਗ" ਸੱਤਾ ਦੋਵੇਂ ਮਿਲ ਕੇ ਇਸ ਸੰਸਾਰ ਦੀ ਕਾਰ ਨੂੰ ਚਲਾ ਰਹੀਆਂ ਹਨ ਭਾਵ, ਪਿਛਲੇ ਸੰਜੋਗਾਂ ਕਰ ਕੇ ਟੱਬਰ ਆਦਿਕਾਂ ਦੇ ਜੀਵ ਇੱਥੇ ਆ ਇਕੱਠੇ ਹੁੰਦੇ ਹਨ।

ਰਜ਼ਾ ਵਿਚ ਫਿਰ ਵਿਛੜ ਵਿਛੜ ਕੇ ਆਪੋ-ਆਪਣੀ ਵਾਰੀ ਇੱਥੋਂ ਤੁਰ ਜਾਂਦੇ ਹਨ ਅਤੇ ਸਭ ਜੀਵਾਂ ਦੇ ਕੀਤੇ ਕਰਮਾਂ ਦੇ ਲੇਖ ਅਨੁਸਾਰ ਦਰਜਾ-ਬ-ਦਰਜਾ ਸੁਖ ਦੁਖ ਦੇ ਛਾਂਦੇ ਮਿਲ ਰਹੇ ਹਨ। (ਜੇ ਇਹ ਯਕੀਨ ਬਣ ਜਾਏ ਤਾਂ ਅੰਦਰੋਂ ਕੂੜ ਦੀ ਕੰਧ ਟੁੱਟ ਜਾਂਦੀ ਹੈ)।

ਸੋ, ਕੂੜ ਦੀ ਕੰਧ ਦੂਰ ਕਰਨ ਲਈ ਕੇਵਲ ਉਸ ਅਕਾਲ ਪੁਰਖ ਨੂੰ ਪ੍ਰਣਾਮ ਕਰੋ, ਜੋ ਸਭ ਦਾ ਮੁੱਢ ਹੈ, ਜੋ ਸ਼ੁੱਧ ਸਰੂਪ ਹੈ, ਜਿਸ ਦਾ ਕੋਈ ਮੁੱਢ ਨਹੀਂ ਲੱਭ ਸਕਦਾ, ਜੋ ਨਾਸ਼ ਰਹਿਤ ਹੈ ਅਤੇ ਜੋ ਸਦਾ ਇਕੋ ਜਿਹਾ ਰਹਿੰਦਾ ਹੈ ।੨੯।

**ਉਚਾਰਨ ਪਾਠ:-** ਵਾਜਹਿੰ, ਚਲਾਵਹਿੰ, ਆਵਹਿੰ ਸ਼ਬਦ ਬਿੰਦੀ ਸਹਿਤ ਉਚਾਰਨ ਕਰਨੇ ਹਨ।

# ਉਨੱਤੀਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

### "ਭੁਗਤਿ ਗਿਆਨੁ ਦਇਆ ਭੰਡਾਰਣਿ"

**ਅਰਥਾਤ** ਪਰਮਾਤਮਾ ਦੀ ਸਰਬ ਵਿਆਪਕਤਾ ਦਾ 'ਗਿਆਨ ਰੂਪੀ ਭੰਡਾਰਾ' (ਚੂਰਮਾ) ਹੋਏ ਜਿਸ ਨੂੰ 'ਦਇਆ' ਦੇ ਘਰ ਵਿਚ ਬੈਠ ਕੇ ਵਰਤਾਇਆ ਜਾਵੇ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਕਾਲ ਪੁਰਖੁ ਤੋਂ ਸਾਨੂੰ ਜੋ ਵੀ ਰੱਬੀ ਗਿਆਨ ਪ੍ਰਾਪਤ ਹੁੰਦਾ ਹੈ, ਉਸ ਨੂੰ ਅਸੀਂ ਦਇਆ ਰੂਪੀ ਭੰਡਾਰੇ ਦੇ ਰਾਹੀਂ ਸਰਬੱਤ ਵਿਚ ਵੰਡਣਾ ਹੈ। ਰੱਬੀ ਗਿਆਨ ਨੂੰ ਜਿੰਨਾ ਜਿੰਨਾ ਅਸੀਂ ਵੰਡਦੇ ਜਾਂਦੇ ਹਾਂ ਇਹ ਉਤਨਾ ਹੀ ਉਹ ਹੋਰ ਵੱਧਦਾ ਜਾਂਦਾ ਹੈ ਅਤੇ ਕਦੇ ਵੀ ਘੱਟਦਾ ਨਹੀਂ ਹੈ। ਇਸ ਬਾਰੇ ਗੁਰਬਾਣੀ ਫੁਰਮਾਨ ਹੈ:-

**"ਖਾਵਹਿ ਖਰਚਹਿ ਰਲਿ ਮਿਲਿ ਭਾਈ॥**
**ਤੋਟਿ ਨ ਆਵੈ ਵਧਦੋ ਜਾਈ॥ "(ਅੰਗ:186)**

**ਆਓ ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰਾਪਤ ਗਿਆਨ ਨੂੰ ਸਾਰੀ ਸਿੱਖ ਕੌਮ ਵਿਚ ਵੰਡਣਾ ਕਰੀਏ ਤਾਂ ਜੋ ਕੋਈ ਵੀ ਸਿੱਖ ਮੜ੍ਹੀਆਂ ਮਸਾਣਾਂ ਨੂੰ ਨਾ ਪੂਜੇ, ਵਹਿਮ ਭਰਮ ਨਾ ਕਰੇ, ਨਸ਼ਿਆਂ ਅਤੇ ਹੋਰ ਕੁਰੀਤੀਆਂ ਤੋਂ ਬਚਿਆ ਰਹੇ।** ਇਕ ਅਜਿਹਾ ਆਦਰਸ਼ ਇਨਸਾਨ ਬਣੇ ਜਿਸ ਦੀ ਜੀਵਨ ਸ਼ੈਲੀ ਨੂੰ ਦੇਖ ਕੇ ਹੋਰ ਧਰਮਾਂ ਦੇ ਲੋਕ ਵੀ ਸਿੱਖ ਧਰਮ ਨੂੰ ਅਪਨਾ ਧਰਮ ਬਣਾਉਣ।

ਆਪ ਜੀ ਨਾਲ ਇਕ ਛੋਟੀ ਜਿਹੀ ਕਹਾਣੀ ਸਾਂਝੀ ਕਰਨਾ ਚਾਹੁੰਦਾ ਹਾਂ। ਇਕ ਵਾਰ ਇਕ ਖੋਜੀ ਨੂੰ ਇਕ ਖਜ਼ਾਨੇ ਦਾ ਪਤਾ ਚੱਲਿਆ ਜੋ ਕਿ ਉਸ ਦੇ ਪਿੰਡ ਦੇ ਬਾਹਰਵਾਰ ਸੀ। ਉਹ ਉੱਥੇ ਜਾਂਦਾ ਹੈ ਅਤੇ ਦੇਖਦਾ ਹੈ ਕਿ ਉੱਥੇ ਤਾਂ ਬਹੁਤ ਹੀ ਵੱਡਾ ਖਜ਼ਾਨਾ ਹੈ ਤੇ ਉਸ ਖਜ਼ਾਨੇ ਦੀ ਵਿਸ਼ੇਸ਼ਤਾ ਇਹ ਸੀ ਕਿ ਉਸ ਵਿਚੋਂ ਜਿੰਨਾ ਮਰਜ਼ੀ ਖਜ਼ਾਨਾ ਕੱਢ ਲਵੋ, ਉਹ ਘੱਟਦਾ ਨਹੀਂ ਸੀ ਅਤੇ ਫਿਰ ਭਰ ਜਾਂਦਾ ਸੀ।

ਉਸ ਖੋਜੀ ਨੇ ਜਦੋਂ ਇਹ ਸਭ ਦੇਖਿਆ ਤਾਂ ਉਸ ਦੇ ਮਨ ਵਿਚ ਵਿਚਾਰ ਆਇਆ ਕਿ ਮੇਰੇ ਪਿੰਡ ਦੇ ਲੋਕ ਬਹੁਤ ਗਰੀਬ ਹਨ। ਅਗਰ ਮੈਂ ਉਨ੍ਹਾਂ ਨੂੰ ਇਸ ਖਜ਼ਾਨੇ ਬਾਰੇ ਦੱਸ ਦੇਵਾਂ ਤਾਂ ਸਾਰਿਆਂ ਦੀ ਗਰੀਬੀ ਦੂਰ ਹੋ ਜਾਏਗੀ ਤੇ ਸਾਰੇ ਹੀ ਇਕ ਚੰਗੀ ਤੇ ਖੁਸ਼ਹਾਲ ਜਿੰਦਗੀ ਜੀਊਣਗੇ।

ਖੋਜੀ ਨੂੰ ਕੁਝ ਸਾਲਾਂ ਲਈ ਇਕਦਮ ਆਪਣੇ ਪਿੰਡ ਤੋਂ ਬਾਹਰ ਜਾਣਾ ਪੈਂਦਾ ਹੈ। ਬਾਹਰ ਜਾਣ ਤੋਂ ਪਹਿਲੇ ਉਸ ਦੇ ਮਨ ਵਿਚ ਇਹ ਗੱਲ ਆਉਂਦੀ ਹੈ ਕਿ ਕਿੰਨਾ ਹੀ ਚੰਗਾ ਹੋਵੇ ਜੇ ਮੈਂ ਖਜ਼ਾਨੇ ਦੇ ਭੇਦਾਂ ਬਾਰੇ ਇਕ ਕਿਤਾਬ ਤਿਆਰ ਕਰਕੇ ਪਿੰਡ ਵਾਲਿਆਂ ਨੂੰ ਦੇ ਜਾਵਾਂ। ਉਹ ਕਿਤਾਬ ਤਿਆਰ ਕਰਨੀ ਸ਼ੁਰੂ ਕਰ ਦਿੰਦਾ ਹੈ ਅਤੇ ਉਸ ਕਿਤਾਬ ਵਿਚ ਉਸ ਖਜ਼ਾਨੇ ਤੱਕ ਪਹੁੰਚਣ ਲਈ ਵੱਖਰੇ-

ਵੱਖਰੇ ਪੜਾਂਵਾਂ ਦਾ ਜ਼ਿਕਰ ਕਰ ਦਿੰਦਾ ਹੈ। ਜਦੋਂ ਪੁਸਤਕ ਤਿਆਰ ਹੋ ਜਾਂਦੀ ਹੈ ਤਾਂ ਪਿੰਡ ਦੇ ਬੰਦਿਆਂ ਨੂੰ ਬੁਲਾ ਕੇ ਕਿਤਾਬ ਦੇ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਇਸ ਨੂੰ ਪੜ੍ਹ ਲੈਣਾ, ਤੁਹਾਡੀ ਗਰੀਬੀ ਦੂਰ ਹੋ ਜਾਵੇਗੀ ।

ਜਦੋਂ ਖੋਜੀ ਵਾਪਸ ਆਉਂਦਾ ਹੈ ਤਾਂ ਉਸ ਦੇ ਮਨ ਵਿਚ ਵਿਚਾਰ ਚੱਲ ਰਹੇ ਹੁੰਦੇ ਹਨ ਕਿ ਹੁਣ ਮੇਰੇ ਪਿੰਡ ਦੇ ਲੋਕ ਅਮੀਰ ਬਣ ਚੁੱਕੇ ਹੋਣਗੇ। ਕਿਸੇ ਨੂੰ ਕੋਈ ਤੰਗੀ ਨਹੀਂ ਹੋਵੇਗੀ ਤੇ ਸਾਰੇ ਖੁਸ਼ਹਾਲ ਹੋਣਗੇ। ਪਰ ਜਦੋਂ ਉਹ ਪਿੰਡ ਪਹੁੰਚਦਾ ਹੈ ਤਾਂ ਦੇਖਦਾ ਹੈ ਕਿ ਉਸ ਦੇ ਪਿੰਡ ਦੇ ਲੋਕ ਬਿਲਕੁਲ ਪਹਿਲਾਂ ਦੀ ਤਰ੍ਹਾਂ ਗਰੀਬੀ ਵਿਚ ਹੀ ਜੀਵਨ ਗੁਜ਼ਾਰ ਰਹੇ ਹਨ। ਉਨ੍ਹਾਂ ਦੀ ਹਾਲਤ ਦੇਖ ਕੇ ਉਹ ਪਿੰਡ ਦੇ ਲੋਕਾਂ ਨੂੰ ਪੁੱਛਦਾ ਹੈ ਕਿ "ਮੈਂ ਜਾਣ ਤੋਂ ਪਹਿਲਾਂ ਤੁਹਾਨੂੰ ਇਕ ਕਿਤਾਬ ਦੇ ਕੇ ਗਿਆ ਸੀ ਜਿਸ ਵਿਚ ਖਜ਼ਾਨੇ ਬਾਰੇ ਲਿਖਿਆ ਸੀ। ਕੀ ਤੁਸੀਂ ਉਸ ਕਿਤਾਬ ਨੂੰ ਪੜ੍ਹਿਆ ਨਹੀਂ?" ਤਾਂ ਪਿੰਡ ਦੇ ਲੋਕ ਖੋਜੀ ਨੂੰ ਕਹਿਣ ਲੱਗੇ ਕਿ ਅਸੀਂ ਕਿਤਾਬ ਤਾਂ ਨਹੀਂ ਪੜ੍ਹੀ ਪਰ ਆਓ ਤੁਹਾਨੂੰ ਦਿਖਾਈਏ ਕਿ ਅਸੀਂ ਕਿਤਾਬ ਦਾ ਕਿੰਨਾ ਸਤਿਕਾਰ ਕਰਦੇ ਹਾਂ। ਉਹ ਖੋਜੀ ਨੂੰ ਆਪਣੇ ਨਾਲ ਲੈ ਜਾਂਦੇ ਹਨ ਅਤੇ ਇਕ ਕਮਰੇ ਵਿਚ ਜਾ ਕੇ ਉਹ ਕਿਤਾਬ ਦਿਖਾਉਂਦੇ ਹਨ ਜਿਸ ਨੂੰ ਉਨ੍ਹਾਂ ਨੇ ਰੇਸ਼ਮੀ ਕਪੜਿਆਂ ਵਿਚ ਸੰਭਾਲ ਕੇ ਸਤਿਕਾਰ ਨਾਲ ਰੱਖਿਆ ਹੁੰਦਾ ਹੈ। ਖੋਜੀ ਇਹ ਦੇਖ ਕੇ ਹੈਰਾਨ ਹੋ ਜਾਂਦਾ ਹੈ ਕਿ ਇਨ੍ਹਾਂ ਲੋਕਾਂ ਨੇ ਮੇਰੀ ਦਿਤੀ ਹੋਈ ਕਿਤਾਬ ਦੀ ਸਿਰਫ ਸੰਭਾਲ ਕੀਤੀ, ਸਤਿਕਾਰ ਕੀਤਾ ਪਰ ਜੋ ਉਸ ਵਿਚ ਲਿਖਿਆ ਸੀ ਉਹ ਨਹੀਂ ਪੜ੍ਹਿਆ। ਅਗਰ ਇਹ ਲੋਕ ਕਿਤਾਬ ਵਿਚ ਲਿਖਿਆ ਪੜ੍ਹ ਕੇ ਉਸ ਤੇ ਅਮਲ ਕਰਦੇ ਤਾਂ ਅੱਜ ਇਨ੍ਹਾਂ ਦੀ ਜਿੰਦਗੀ ਕੁਝ ਹੋਰ ਹੀ ਹੁੰਦੀ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੂਪੀ ਰੱਬੀ ਗਿਆਨ ਦੇ ਖਜਾਨੇ ਨੂੰ ਪੜ੍ਹ ਕੇ ਉਸ ਦਾ ਲਾਭ ਲਈਏ, ਪਾਠ ਦੀ ਵੀਚਾਰ ਕਰੀਏ ਅਤੇ ਇਸ ਨੂੰ ਜੀਵਨ ਵਿਚ ਕਮਾਈਏ।**

## ਦੂਜੀ ਸਿੱਖਿਆ

### "ਘਟਿ ਘਟਿ ਵਾਜਹਿ ਨਾਦ"

ਹਰੇਕ ਜੀਵ ਦੇ ਅੰਦਰ ਜੋ ਜਿੰਦਗੀ ਦੀ ਰੌਂਅ ਚੱਲ ਰਹੀ ਹੈ ਇਹ ਸਾਰੀ ਪਰਮਾਤਮਾ ਦੀ ਜੋਤ ਦਾ ਸਦਕਾ ਹੀ ਹੈ। ਉਹ ਪਰਮਾਤਮਾ ਇਕ ਹੋ ਕੇ ਵੀ ਅਨੇਕ ਹੈ। ਜੇ ਉਹ ਪਰਮਾਤਮਾ ਇਕ ਹੋ ਕੇ ਵੀ ਅਨੇਕ ਹੈ ਤਾਂ ਇਸ ਦਾ ਮਤਲਬ ਸਪੱਸ਼ਟ ਹੈ ਕਿ ਉਹ ਹਰੇਕ ਜੀਵ ਦੇ ਅੰਦਰ ਨਿਵਾਸ ਕਰ ਰਿਹਾ ਹੈ। ਜੇ ਉਹ ਹਰੇਕ ਜੀਵ ਦੇ ਅੰਦਰ ਨਿਵਾਸ ਕਰ ਰਿਹਾ ਹੈ ਤਾਂ ਫਿਰ ਸਾਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ **ਅਸੀਂ ਕਿਸੇ ਜੀਵ ਦੇ ਨਾਲ ਵੀ ਛਲ-ਕਪਟ, ਧੋਖਾ ਨਾ ਕਰੀਏ ਅਤੇ ਨਾ ਹੀ ਕਿਸੇ ਦੇ ਦਿਲ ਨੂੰ ਦੁਖਾਈਏ ਕਿਉਂਕਿ ਉਸ ਦਾ ਨਿਵਾਸ ਤਾਂ ਹਰੇਕ ਜੀਵ ਦੇ ਅੰਦਰ ਹੈ।**

## ਤੀਜੀ ਸਿੱਖਿਆ

### "ਆਪਿ ਨਾਥੁ ਨਾਥੀ ਸਭ ਜਾ ਕੀ"

ਸਾਰੀ ਸ੍ਰਿਸ਼ਟੀ ਦਾ ਮਾਲਕ (ਨਾਥ) ਉਹ ਅਕਾਲ ਪੁਰਖੁ ਆਪ ਹੀ ਹੈ ਅਤੇ ਸਾਰੀ ਸ੍ਰਿਸ਼ਟੀ ਉਸੇ ਦੁਆਰਾ ਹੀ ਨੱਥੀ ਹੋਈ (ਨਾਥੀ) ਅਰਥਾਤ ਵੱਸ ਵਿਚ ਹੈ। ਇਸ ਦਾ ਮਤਲਬ

ਇਹ ਹੈ ਕਿ ਉਸ ਦਾ ਹੁਕਮ ਸਾਰੀ ਸ੍ਰਿਸ਼ਟੀ ਵਿਚ ਚੱਲਦਾ ਹੈ। ਇਸ ਲਈ ਅਸੀਂ ਵੀ ਉਸ ਦੇ ਹੁਕਮ ਅਨੁਸਾਰ ਹੀ ਚੱਲਣਾ ਹੈ ਤੇ ਇਕ ਅਕਾਲ ਪੁਰਖੁ ਨੂੰ ਛੱਡ ਕੇ ਕਿਸੇ ਹੋਰ ਦੀ ਪੂਜਾ ਨਹੀਂ ਕਰਨੀ ਕਿਉਂਕਿ ਉਹ ਅਕਾਲ ਪੁਰਖੁ ਸਭ ਤੋਂ ਵੱਡਾ ਹੈ।

## ਚੌਥੀ ਸਿੱਖਿਆ

### "ਰਿਧਿ ਸਿਧਿ ਅਵਰਾ ਸਾਦ"

ਜੋਗੀ ਲੋਕ ਜੋਗ ਅਭਿਆਸ ਦੇ ਰਾਹੀਂ ਰਿੱਧੀਆਂ ਸਿੱਧੀਆਂ ਪ੍ਰਾਪਤ ਕਰਕੇ ਲੋਕਾਂ ਨੂੰ ਭਰਮਾਉਂਦੇ ਸਨ ਤੇ ਆਪਣੀ ਜੈ-ਜੈ ਕਾਰ ਕਰਵਾਉਂਦੇ ਸਨ। ਗੁਰੂ ਜੀ ਸਮਝਾਉਂਦੇ ਹਨ ਕਿ ਜੋਗ-ਸਾਧਨਾਂ ਦੇ ਰਾਹੀਂ ਪ੍ਰਾਪਤ ਹੋਈਆਂ ਰਿਧੀਆਂ ਸਿਧੀਆਂ ਵਿਅਰਥ ਹਨ, ਇਹ ਕਿਸੇ ਹੋਰ ਪਾਸੇ ਲੈ ਜਾਣ ਵਾਲਾ ਸੁਆਦ ਹਨ ਕਿਉਂਕਿ ਇਹ ਸਾਨੂੰ ਕੁਰਾਹੇ ਲੈ ਕੇ ਜਾਂਦੀਆਂ ਹਨ ਅਤੇ ਹਉਮੈ ਨੂੰ ਜਨਮ ਦਿੰਦੀਆਂ ਹਨ। **ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਮਾਇਆ ਦੇ ਤਿੰਨੋ ਗੁਣ-ਤਮੋ, ਰਜੋ, ਸਤੋ ਤੋਂ ਉਪਰ ਉੱਠ ਕੇ ਚੌਥੇ ਪਦ (ਸਹਿਜ ਅਵਸਥਾ) ਤੱਕ ਪਹੁੰਚਣ ਲਈ ਪ੍ਰਯਤਨਸ਼ੀਲ ਰਹਿਣਾ ਹੈ।**

## ਪੰਜਵੀਂ ਸਿੱਖਿਆ

### "ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ"

ਅਕਾਲ ਪੁਰਖੁ ਦੀ 'ਸੰਜੋਗ ਸੱਤਾ' ਅਤੇ 'ਵਿਜੋਗ ਸੱਤਾ' ਦੋਵੇਂ ਮਿਲ ਕੇ ਇਸ ਸੰਸਾਰ ਦੀ ਕਾਰ ਨੂੰ ਚਲਾ ਰਹੀਆਂ ਹਨ। ਪਰ ਅਸੀਂ ਆਮ ਦੇਖਦੇ ਹਾਂ ਕਿ ਅਕਾਲ ਪੁਰਖ ਦੀ 'ਸੰਜੋਗ ਸੱਤਾ' ਕਰਕੇ ਘਰ ਵਿਚ ਜਦੋਂ ਬੱਚੇ ਦਾ ਜਨਮ ਹੁੰਦਾ ਹੈ ਤਾਂ ਲੋਕੀਂ ਲੋੜ ਤੋਂ ਜਿਆਦਾ ਖੁਸ਼ ਹੋ ਕੇ ਡੀਂਗਾਂ ਮਾਰਦੇ ਹਨ ਅਤੇ ਅਕਾਲ ਪੁਰਖੁ ਦਾ ਸ਼ੁਕਰਾਨਾ ਕਰਨਾ ਵੀ ਭੁੱਲ ਜਾਂਦੇ ਹਨ। **ਅਸੀਂ ਆਪਣੇ ਜੀਵਨ ਦੇ ਵਿਚ ਇਹ ਗੱਲ ਹਮੇਸ਼ਾ ਯਾਦ ਰੱਖਣੀ ਹੈ ਕਿ ਸੰਜੋਗਾਂ ਕਰਕੇ ਸਾਨੂੰ ਕੋਈ ਵੀ ਚੀਜ ਪ੍ਰਾਪਤ ਹੁੰਦੀ ਹੈ ਤਾਂ ਅਕਾਲ ਪੁਰਖੁ ਦਾ ਸ਼ੁਕਰਾਨਾ ਕਰਨਾ ਹੈ ਅਤੇ ਹਉਮੈ ਨਹੀਂ ਕਰਨੀ।**

ਇਸੇ ਤਰ੍ਹਾਂ ਹੀ ਅਕਾਲ ਪੁਰਖੁ ਦੀ ਵਿਜੋਗ ਸੱਤਾ ਕਰਕੇ ਜਦ ਕਿਸੇ ਬੰਦੇ ਦੀ ਮੌਤ ਹੋ ਜਾਂਦੀ ਹੈ ਤਾਂ ਲੋਕੀਂ ਢਾਹਾਂ ਮਾਰ ਕੇ ਰੋਂਦੇ ਹਨ, ਕੀਰਨੇ ਪਾਉਂਦੇ ਹਨ ਤੇ ਅਕਾਲ ਪੁਰਖੁ ਨੂੰ ਉਲ੍ਹਾਮੇ ਦਿੰਦੇ ਹਨ ਜੋ ਕਿ ਗੁਰਬਾਣੀ ਦੇ ਸਿਧਾਂਤ ਤੋਂ ਉਲਟ ਹੈ। ਇਸ ਲਈ ਗੁਰੂ ਦੇ ਸਿੱਖ ਨੇ ਹਮੇਸ਼ਾ ਦੁਖ-ਸੁਖ ਵਿਚ ਇਕੋ ਜਿਹਾ ਰਹਿਣਾ ਹੈ ਕਿਉਂਕਿ ਦੁਖ-ਸੁਖ ਪਰਮਾਤਮਾ ਦੇ ਹੁਕਮ ਵਿਚ ਹੀ ਮਿਲਦੇ ਹਨ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ:-

**"ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥**
**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥" (ਅੰਗ:219)**

# ਤੀਹਵੀਂ ਪਉੜੀ

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥**
**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥**
**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥**
**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥**
**ਆਦੇਸੁ ਤਿਸੈ ਆਦੇਸੁ ॥**
**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩੦ ॥**

**ਪਦ ਅਰਥ:- ਏਕਾ**-ਇਕੱਲੀ। **ਮਾਈ**-ਮਾਇਆ। **ਜੁਗਤਿ**-ਜੁਗਤੀ ਨਾਲ। **ਵਿਆਈ**-ਪ੍ਰਸੂਤ ਹੋਈ। **ਪਰਵਾਣੁ**-ਪਰਤੱਖ। **ਸੰਸਾਰੀ**-ਘਰ-ਬਾਰੀ। **ਭੰਡਾਰੀ**-ਭੰਡਾਰੇ ਦਾ ਮਾਲਕ। **ਲਾਏ**-ਲਾਉਂਦਾ ਹੈ। **ਦੀਬਾਣੁ**-ਕਚਹਿਰੀ। **ਜਿਵ**-ਜਿਵੇਂ। **ਤਿਸੁ**-ਉਸ ਅਕਾਲ ਪੁਰਖ ਨੂੰ । **ਚਲਾਵੈ**-ਸੰਸਾਰ ਦੀ ਕਾਰ ਤੋਰਦਾ ਹੈ। **ਫੁਰਮਾਣੁ**-ਹੁਕਮ। **ਓਹੁ**-ਅਕਾਲ ਪੁਰਖ। **ਓਨਾ**-ਜੀਵਾਂ ਨੂੰ। **ਵਿਡਾਣੁ**-ਅਸਚਰਜ ਕੌਤਕ ।੩੦।

**ਅਰਥ:-** (ਹਿੰਦੂ ਲੋਕਾਂ ਵਿਚ ਇਹ ਖ਼ਿਆਲ ਆਮ ਪ੍ਰਚੱਲਤ ਹੈ ਕਿ) ਇਕੱਲੀ ਮਾਇਆ ਕਿਸੇ ਜੁਗਤੀ ਨਾਲ ਪ੍ਰਸੂਤ ਹੋਈ ਤੇ ਪਰਤੱਖ ਤੌਰ 'ਤੇ ਉਸ ਦੇ ਤਿੰਨ ਪੁੱਤਰ ਜੰਮ ਪਏ। ਉਹਨਾਂ ਵਿਚੋਂ ਇਕ ਬ੍ਰਹਮਾ ਘਰਬਾਰੀ ਬਣ ਗਿਆ; ਭਾਵ, ਜੀਵ-ਜੰਤਾਂ ਨੂੰ ਪੈਦਾ ਕਰਨ ਲੱਗ ਪਿਆ, ਇਕ ਵਿਸ਼ਨੂੰ ਭੰਡਾਰੇ ਦਾ ਮਾਲਕ ਬਣ ਗਿਆ; ਭਾਵ, ਜੀਵਾਂ ਨੂੰ ਰਿਜ਼ਕ ਅਪੜਾਣ ਦਾ ਕੰਮ ਕਰਨ ਲੱਗਾ, ਅਤੇ ਇੱਕ ਸ਼ਿਵ ਕਚਹਿਰੀ ਲਾਉਂਦਾ ਹੈ; ਭਾਵ, ਜੀਵਾਂ ਨੂੰ ਸੰਘਾਰਦਾ ਹੈ।

ਪਰ ਗੁਰੂ ਸਾਹਿਬ ਉਪਰਲੀ ਮਨੌਤ ਦਾ ਖੰਡਨ ਕਰਦੇ ਹੋਏ ਫੁਰਮਾਂਦੇ ਹਨ ਕਿ ਅਸਲ ਗੱਲ ਇਹ ਹੈ ਕਿ ਜਿਵੇਂ ਉਸ ਅਕਾਲ ਪੁਰਖ ਨੂੰ ਭਾਉਂਦਾ ਹੈ ਅਤੇ ਜਿਵੇਂ ਉਸ ਦਾ ਹੁਕਮ ਹੁੰਦਾ ਹੈ, ਤਿਵੇਂ ਹੀ ਉਹ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ, ਇਹਨਾਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਕੁਝ ਹੱਥ ਨਹੀਂ। ਇਹ ਬੜਾ ਅਸਚਰਜ ਕੌਤਕ ਹੈ ਕਿ ਉਹ ਅਕਾਲ ਪੁਰਖ ਸਭ ਜੀਵਾਂ ਨੂੰ ਵੇਖ ਰਿਹਾ ਹੈ ਪਰ ਜੀਵਾਂ ਨੂੰ ਅਕਾਲ ਪੁਰਖ ਨਹੀਂ ਦਿੱਸਦਾ।

ਸੋ, ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿਕ ਦੀ ਥਾਂ ਕੇਵਲ ਉਸ ਅਕਾਲ ਪੁਰਖ ਨੂੰ ਪ੍ਰਣਾਮ ਕਰੋ, ਜੋ ਸਭ ਦਾ ਮੁੱਢ ਹੈ, ਜੋ ਸ਼ੁੱਧ ਸਰੂਪ ਹੈ, ਜਿਸ ਦਾ ਕੋਈ ਮੁੱਢ ਨਹੀਂ ਲੱਭ ਸਕਦਾ, ਜੋ ਨਾਸ ਰਹਿਤ ਹੈ ਅਤੇ ਜੋ ਸਦਾ ਇਕੋ ਜਿਹਾ ਰਹਿੰਦਾ ਹੈ। ਇਹ ਹੀ ਵਸੀਲਾ ਉਸ ਪ੍ਰਭੂ ਨਾਲੋਂ ਵਿੱਥ ਦੂਰ ਕਰਨ ਦਾ।੩੦।

**ਉਚਾਰਨ ਪਾਠ:-** ਜਿਵੇਂ 'ਓਹੁ' ਦਾ ਉਚਾਰਨ 'ਓਹ' ਹੈ, ਇਸੇ ਤਰ੍ਹਾਂ 'ਏਹੁ' ਦਾ ਉਚਾਰਨ 'ਏਹ' ਹੀ ਕਰਨਾ ਹੈ, 'ਏਹੋ' ਨਹੀਂ।

# ਤੀਹਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

**"ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥"**

ਹਿੰਦੂ ਧਰਮ ਦੇ ਮੁਤਾਬਿਕ ਮਾਇਆ ਦੇ ਤਿੰਨ ਬੱਚੇ ਹੋਏ ਜਿਨ੍ਹਾਂ ਦਾ ਨਾਮ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਹੋਏ। ਗੁਰੂ ਸਾਹਿਬ ਨੇ ਇਸ ਉਪਰਲੀ ਮਨੌਤ ਦਾ ਖੰਡਨ ਕਰਦਿਆਂ ਹੋਇਆਂ ਫੁਰਮਾਇਆ ਹੈ ਕਿ ਬ੍ਰਹਮਾ, ਵਿਸ਼ਨੂੰ, ਮਹੇਸ਼ ਵੀ ਅਕਾਲ ਪੁਰਖੁ ਦੇ ਹੁਕਮ ਮੁਤਾਬਿਕ ਹੀ ਸਭ ਕੰਮ ਕਰਦੇ ਹਨ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਸਿੱਖ ਨੇ ਕੇਵਲ ਤੇ ਕੇਵਲ ਇਕ ਅਕਾਲ ਪੁਰਖੁ ਨੂੰ ਹੀ ਮੰਨਣਾ ਹੈ ਕਿਉਂਕਿ ਅਕਾਲ ਪੁਰਖੁ ਹੀ ਸਭ ਤੋਂ ਵੱਡੀ ਹਸਤੀ ਹੈ।

## ਦੂਜੀ ਸਿੱਖਿਆ

**"ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥"**

ਅਰਥਾਤ ਉਹ ਮਾਲਕ ਸਭ ਜੀਵਾਂ ਨੂੰ ਦੇਖ ਰਿਹਾ ਹੈ ਪਰ ਹੈਰਾਨਗੀ ਦੀ ਗੱਲ ਹੈ ਕਿ ਜੀਵਾਂ ਨੂੰ ਅਕਾਲ ਪੁਰਖੁ ਨਹੀਂ ਦਿੱਸਦਾ। ਜੇ ਜੀਵਾਂ ਨੂੰ ਵੀ ਅਕਾਲ ਪੁਰਖੁ ਦਿੱਸਦਾ ਹੁੰਦਾ ਤਾਂ ਦੁਨੀਆ ਵਿਚ ਕੋਈ ਗਲਤ ਕੰਮ ਨਹੀਂ ਸੀ ਹੋਣਾ ।

ਇਸ ਸੰਬੰਧ ਵਿਚ ਇਕ ਕਹਾਣੀ ਆਪ ਜੀ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ। ਇਕ ਸੰਨਿਆਸੀ ਸੀ ਜੋ ਕਿ ਬਹੁਤ ਹੀ ਜ਼ਿਆਦਾ ਜਾਇਦਾਦ ਦਾ ਮਾਲਕ ਸੀ। ਉਸ ਦੇ ਬਹੁਤ ਸਾਰੇ ਪੈਰੋਕਾਰ (ਚੇਲੇ) ਸਨ। ਪਰ ਉਨ੍ਹਾਂ ਵਿਚੋਂ ਦੋ ਚੇਲੇ ਉਸ ਦੇ ਬਹੁਤ ਕਰੀਬ ਸੀ।

ਸੰਨਿਆਸੀ ਜਦੋਂ ਵੀ ਆਪਣੇ ਚੇਲਿਆਂ ਨੂੰ ਕੋਈ ਉਪਦੇਸ਼ ਕਰਦਾ ਤਾਂ ਹਮੇਸ਼ਾ ਹੀ ਇਹ ਗੱਲ ਜ਼ਰੂਰ ਦੁਹਰਾਂਦਾ ਸੀ ਕਿ **ਪਰਮਾਤਮਾ ਹਰ ਜਗ੍ਹਾ ਮੌਜੂਦ ਹੈ ਅਤੇ ਉਹ ਸਾਨੂੰ ਹਰ ਵਕਤ ਦੇਖ ਰਿਹਾ ਹੈ।** ਇਸ ਤਰ੍ਹਾਂ ਕਰਦੇ ਕਰਦੇ ਕਈ ਸਾਲ ਬੀਤ ਗਏ। ਪਰ ਉਹ ਸੰਨਿਆਸੀ ਆਪਣੇ ਚੇਲਿਆਂ ਨੂੰ ਉਪਦੇਸ਼ ਦੇਣ ਵਕਤ ਹਰ ਰੋਜ਼ ਉਹੀ ਉਪਦੇਸ਼ ਦ੍ਰਿੜ ਕਰਵਾਉਂਦਾ ਰਹਿੰਦਾ ਸੀ ਕਿ **ਪਰਮਾਤਮਾ ਹਰ ਜਗ੍ਹਾ ਮੌਜੂਦ ਹੈ ਅਤੇ ਉਹ ਸਾਨੂੰ ਹਰ ਵਕਤ ਦੇਖ ਰਿਹਾ ਹੈ।**

ਜਦੋਂ ਸੰਨਿਆਸੀ ਬਜ਼ੁਰਗ ਹੋ ਗਿਆ ਅਤੇ ਕਾਫੀ ਬੀਮਾਰ ਰਹਿਣ ਲੱਗਾ, ਉਸ ਨੂੰ ਇੰਝ ਮਹਿਸੂਸ ਹੋਇਆ ਕਿ ਹੁਣ ਉਸ ਦਾ ਅਖੀਰਲਾ ਸਮਾਂ ਨੇੜੇ ਹੈ। ਉਸ ਨੇ ਸੋਚਿਆ ਕਿੰਨਾ ਹੀ ਚੰਗਾ

ਹੋਵੇ ਜੇ ਮੈਂ ਆਪਣੇ ਜਿਊਂਦਿਆਂ ਹੀ ਇਨ੍ਹਾਂ ਦੋਨਾਂ ਕਰੀਬੀ ਚੇਲਿਆਂ ਵਿਚੋਂ ਕਿਸੇ ਇਕ ਨੂੰ ਆਪਣਾ ਉਤਰਾਧਿਕਾਰੀ (ਵਾਰਿਸ) ਬਣਾਂ ਜਾਵਾਂ। ਇਹ ਸੋਚ ਕੇ ਸੰਨਿਆਸੀ ਨੇ ਆਪਣੇ ਚੇਲਿਆਂ ਦੀ ਪ੍ਰੀਖਿਆ ਲੈਣ ਬਾਰੇ ਸੋਚਿਆ ਤਾਂ ਕਿ ਉਸ ਨੂੰ ਪਤਾ ਚੱਲ ਸਕੇ ਕਿ ਮੈਂ ਜੋ ਉਪਦੇਸ਼ ਇਨ੍ਹਾਂ ਨੂੰ ਰੋਜ਼ਾਨਾ ਦ੍ਰਿੜ ਕਰਵਾਉਂਦਾ ਰਿਹਾਂ ਹਾਂ ਇਹ ਇਨ੍ਹਾਂ ਨੂੰ ਕਿੰਨਾ ਕੁ ਪੱਕਾ ਹੋਇਆ ਹੈ।

ਇਸ ਲਈ ਸੰਨਿਆਸੀ ਨੇ ਦੋ ਕਬੂਤਰ ਮੰਗਵਾਏ। ਸੰਨਿਆਸੀ ਨੇ ਆਪਣੇ ਚੇਲਿਆਂ ਨੂੰ ਆਪਣੇ ਕੋਲ ਬੁਲਾ ਕੇ ਕਿਹਾ ਕਿ ਤੁਹਾਡੇ ਦੋਨਾਂ ਵਿਚੋਂ ਮੈਂ ਇਕ ਨੂੰ ਆਪਣਾ ਉਤਰਾਧਿਕਾਰੀ (ਵਾਰਿਸ) ਬਣਾਉਣਾ ਚਾਹੁੰਦਾ ਹਾਂ। ਇਸ ਲਈ ਤੁਸੀਂ ਮੇਰੀ ਇਕ ਸ਼ਰਤ ਪੂਰੀ ਕਰਨੀ ਹੈ। ਤੁਸੀਂ ਦੋਨੋਂ ਇਕ ਇਕ ਕਬੂਤਰ ਲੈ ਲਵੋ ਅਤੇ ਇਸ ਕਬੂਤਰ ਨੂੰ ਉਥੇ ਮਾਰਨਾ ਹੈ ਜਿਥੇ ਤੁਹਾਨੂੰ ਕੋਈ ਨਾ ਦੇਖ ਰਿਹਾ ਹੋਵੇ। ਤੁਹਾਡੇ ਵਿਚੋਂ ਜਿਹੜਾ ਇਸ ਕਬੂਤਰ ਨੂੰ ਮਾਰ ਕੇ ਜਲਦੀ ਮੇਰੇ ਕੋਲ ਪਹੁੰਚ ਜਾਵੇਗਾ ਉਸ ਨੂੰ ਮੈਂ ਆਪਣਾ ਉਤਰਾਧਿਕਾਰੀ (ਵਾਰਿਸ) ਬਣਾ ਦੇਵਾਂਗਾ।

ਦੋਵੇਂ ਚੇਲੇ ਕਬੂਤਰਾਂ ਨੂੰ ਲੈ ਕੇ ਬਾਹਰ ਇਕਾਂਤ ਵਿਚ ਚਲੇ ਗਏ। ਇਕ ਚੇਲੇ ਨੇ ਕੁਝ ਦੂਰੀ ਤੇ ਜਾ ਕੇ ਜਿੱਥੇ ਲੋਕਾਂ ਦਾ ਲਾਂਘਾ ਨਹੀਂ ਸੀ ਭਾਵ ਕੋਈ ਆਉਂਦਾ ਜਾਂਦਾ ਨਹੀਂ ਸੀ, ਉਥੇ ਜਾ ਕੇ ਕਬੂਤਰ ਨੂੰ ਮਾਰ ਦਿਤਾ ਤੇ ਵਾਪਸ ਸੰਨਿਆਸੀ ਕੋਲ ਜਲਦੀ ਆ ਗਿਆ।

ਦੂਜਾ ਚੇਲਾ ਬਹੁਤ ਦੂਰ ਇਕ ਜੰਗਲ ਵਿਚ ਚਲਾ ਗਿਆ। ਉਥੇ ਜਾ ਕੇ ਉਸ ਨੇ ਦੇਖਿਆ ਕਿ ਹੁਣ ਹੋਰ ਕਈ ਨਹੀਂ ਹੈ। ਜਦ ਉਹ ਕਬੂਤਰ ਨੂੰ ਮਾਰਨ ਲੱਗਾ ਤਾਂ ਉਸ ਨੂੰ ਖਿਆਲ ਆਇਆ ਕਿ ਸੰਨਿਆਸੀ ਜੀ ਨੇ ਕਿਹਾ ਸੀ ਕਿ ਇਸ ਨੂੰ ਉਥੇ ਮਾਰਨਾ ਜਿਥੇ ਕੋਈ ਨਾ ਦੇਖ ਰਿਹਾ ਹੋਵੇ। ਪਰ ਇਹ ਕਬੂਤਰ ਤਾਂ ਮੇਰੇ ਵੱਲ ਦੇਖ ਰਿਹਾ ਹੈ ਅਤੇ ਮੈਂ ਵੀ ਇਸ ਵੱਲ ਦੇਖ ਰਿਹਾਂ ਹਾਂ। ਇਹ ਸੋਚ ਕੇ ਉਸ ਨੇ ਕਬੂਤਰ ਦੀਆਂ ਅੱਖਾਂ ਬੰਨ੍ਹ ਦਿੱਤੀਆਂ ਤੇ ਆਪਣੀਆਂ ਅੱਖਾਂ ਤੇ ਵੀ ਪੱਟੀ ਬੰਨ੍ਹ ਲਈ ਤਾਂ ਕਿ ਉਹ ਦੋਨੋਂ ਇਕ ਦੂਜੇ ਵੱਲ ਨਾ ਦੇਖਣ। ਜਦੋਂ ਉਹ ਦੁਬਾਰਾ ਕਬੂਤਰ ਨੂੰ ਮਾਰਨ ਲੱਗਾ ਤਾਂ ਉਸ ਨੂੰ ਸੰਨਿਆਸੀ ਦੇ ਕਹੇ ਹੋਏ ਸ਼ਬਦ ਯਾਦ ਆ ਗਏ ਕਿ **"ਪਰਮਾਤਮਾ ਹਰ ਜਗ੍ਹਾ ਮੌਜੂਦ ਹੈ ਅਤੇ ਉਹ ਸਾਨੂੰ ਹਰ ਵਕਤ ਦੇਖ ਰਿਹਾ ਹੈ।"**

ਜਦੋਂ ਉਸ ਨੂੰ ਇਹ ਗੱਲ ਯਾਦ ਆਈ ਤਾਂ ਉਹ ਕਬੂਤਰ ਨੂੰ ਮਾਰੇ ਬਿਨਾਂ ਹੀ ਸੰਨਿਆਸੀ ਕੋਲ ਪੁੱਜ ਗਿਆ। ਸੰਨਿਆਸੀ ਨੇ ਪੁੱਛਿਆ ਕਿ ਤੂੰ ਇਸ ਨੂੰ ਮਾਰਿਆ ਕਿਉਂ ਨਹੀਂ ? ਤਾਂ ਉਸ ਚੇਲੇ ਨੇ ਕਿਹਾ ਕਿ ਜਦੋਂ ਵੀ ਮੈਂ ਇਸ ਨੂੰ ਮਾਰਨ ਲੱਗਦਾ ਸੀ ਤਾਂ ਤੁਹਾਡੇ ਕਹੇ ਹੋਏ ਸ਼ਬਦ ਮੈਨੂੰ ਯਾਦ ਆ ਜਾਂਦੇ ਸੀ ਕਿ ਇਸ ਨੂੰ ਉਥੇ ਮਾਰਨਾ ਜਿਥੇ ਕੋਈ ਨਾ ਦੇਖ ਰਿਹਾ ਹੋਵੇ। ਪਰ ਦੁਨੀਆ ਤੇ ਇਹੋ ਜਿਹੀ ਕੋਈ ਜਗ੍ਹਾ ਨਹੀਂ ਹੈ ਜਿਥੇ ਪਰਮਾਤਮਾ ਮੌਜੂਦ ਨਾ ਹੋਵੇ। ਇਸ ਲਈ ਮੈਂ ਇਸ ਕਬੂਤਰ ਨੂੰ ਨਹੀਂ ਮਾਰ ਸਕਿਆ। ਸੰਨਿਆਸੀ ਇਹ ਸੁਣ ਕੇ ਬਹੁਤ ਖੁਸ਼ ਹੋਇਆ ਤੇ ਉਸ ਨੇ ਆਪਣੇ ਚੇਲੇ ਨੂੰ ਕਿਹਾ ਕਿ ਤੂੰ ਮੇਰੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿਚ ਪੂਰੇ ਦਾ ਪੂਰਾ ਕਮਾਇਆ ਹੈ ਅਤੇ ਮੈਂ ਤੈਨੂੰ ਹੀ ਆਪਣਾ ਉਤਰਾਧਿਕਾਰੀ ਬਣਾਉਂਦਾ ਹਾਂ।

**ਇਸ ਕਹਾਣੀ ਤੋਂ ਸਾਨੂੰ ਵੀ ਇਹੀ ਸਿੱਖਿਆ ਮਿਲਦੀ ਹੈ ਕਿ** ਅਸੀਂ ਪਰਮਾਤਮਾ ਨੂੰ ਹਰ ਜਗ੍ਹਾ ਤੇ ਹਰ ਵੇਲੇ ਆਪਣੇ ਅੰਗ-ਸੰਗ ਮਹਿਸੂਸ ਕਰਨਾ ਹੈ ਅਤੇ ਜੇ ਇਹ ਗੱਲ ਸਾਡੇ ਮਨ ਵਿਚ ਚੰਗੀ ਤਰ੍ਹਾਂ ਦ੍ਰਿੜ ਹੋ ਜਾਵੇ ਤਾਂ ਸਾਡੇ ਕੋਲੋਂ ਕਦੀਂ ਵੀ ਕੋਈ ਗਲਤ ਕੰਮ ਨਹੀਂ ਹੋਵੇਗਾ।

# ਇਕੱਤੀਵੀਂ ਪਉੜੀ

**ਆਸਣੁ ਲੋਇ ਲੋਇ ਭੰਡਾਰ॥**
**ਜੋ ਕਿਛੁ ਪਾਇਆ ਸੁ ਏਕਾ ਵਾਰ॥**
**ਕਰਿ ਕਰਿ ਵੇਖੈ ਸਿਰਜਣਹਾਰੁ॥**
**ਨਾਨਕ ਸਚੇ ਕੀ ਸਾਚੀ ਕਾਰ॥**
**ਆਦੇਸੁ ਤਿਸੈ ਆਦੇਸੁ॥**
**ਆਦਿ ਅਨੀਲੁ ਅਨਾਦਿ ਅਨਾਹਤਿ**
**ਜੁਗੁ ਜੁਗੁ ਏਕੋ ਵੇਸੁ॥**੩੧॥

**ਪਦ ਅਰਥ:– ਆਸਣੁ**–ਟਿਕਾਣਾ। **ਲੋਇ**–ਲੋਕ ਵਿਚ। **ਲੋਇ ਲੋਇ**–ਹਰੇਕ ਭਵਨ ਵਿਚ। **ਪਾਇਆ–**ਉਸ ਅਕਾਲ ਪੁਰਖ ਨੇ ਪਾ ਦਿੱਤਾ ਹੈ। **ਕਰਿ ਕਰਿ**–ਜੀਵਾਂ ਨੂੰ ਪੈਦਾ ਕਰ ਕੇ। **ਵੇਖੈ**–ਸੰਭਾਲ ਕਰਦਾ ਹੈ। **ਸਾਚੀ**–ਸਦਾ ਅਟੱਲ ਰਹਿਣ ਵਾਲੀ ।੩੧।

**ਅਰਥ**:– ਅਕਾਲ ਪੁਰਖ ਦੇ ਭੰਡਾਰਿਆਂ ਦਾ ਟਿਕਾਣਾ ਹਰੇਕ ਭਵਨ ਵਿਚ ਹੈ; ਭਾਵ, ਹਰੇਕ ਭਵਨ ਵਿਚ ਅਕਾਲ ਪੁਰਖ ਦੇ ਭੰਡਾਰੇ ਚੱਲ ਰਹੇ ਹਨ। ਜੋ ਕੁਝ ਅਕਾਲ ਪੁਰਖ ਨੇ ਉਹਨਾਂ ਭੰਡਾਰਿਆਂ ਵਿਚ ਪਾਇਆ ਹੈ ਇਕੋ ਵਾਰੀ ਪਾ ਦਿੱਤਾ ਹੈ,

ਭਾਵ, ਉਸ ਦੇ ਭੰਡਾਰੇ ਸਦਾ ਅਖੁੱਟ ਹਨ। ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਜੀਵਾਂ ਨੂੰ ਪੈਦਾ ਕਰ ਕੇ ਉਹਨਾਂ ਦੀ ਸੰਭਾਲ ਕਰ ਰਿਹਾ ਹੈ। ਹੇ ਨਾਨਕ! ਸਦਾ-ਥਿਰ ਰਹਿਣ ਵਾਲੇ ਅਕਾਲ ਪੁਰਖ ਦੀ ਸ੍ਰਿਸ਼ਟੀ ਦੀ ਸੰਭਾਲ ਵਾਲੀ ਇਹ ਕਾਰ ਸਦਾ ਅਟੱਲ ਹੈ; ਭਾਵ, ਉਕਾਈ ਤੋਂ ਖ਼ਾਲੀ ਹੈ।

ਸੋ ਕੇਵਲ ਉਸ ਅਕਾਲ ਪੁਰਖ ਨੂੰ ਪ੍ਰਣਾਮ ਕਰੋ ਜੋ ਸਭ ਦਾ ਮੁੱਢ ਹੈ, ਜੋ ਸ਼ੁੱਧ ਸਰੂਪ ਹੈ, ਜਿਸ ਦਾ ਕੋਈ ਮੁੱਢ ਨਹੀਂ ਲੱਭ ਸਕਦਾ, ਜੋ ਨਾਸ ਰਹਿਤ ਹੈ ਅਤੇ ਜੋ ਸਦਾ ਹੀ ਇਕੋ ਜਿਹਾ ਰਹਿੰਦਾ ਹੈ। (ਇਹੀ ਹੈ ਤਰੀਕਾ, ਜਿਸ ਨਾਲ ਉਸ ਪ੍ਰਭੂ ਨਾਲੋਂ ਵਿੱਥ ਮਿੱਟ ਸਕਦੀ ਹੈ) ।੩੧।

# ਇਕੱਤੀਵੀਂ ਪਉੜੀ ਦੀ ਸਿੱਖਿਆ

**"ਆਸਣੁ ਲੋਇ ਲੋਇ ਭੰਡਾਰ॥ ਜੋ ਕਿਛੁ ਪਾਇਆ ਸੁ ਏਕਾ ਵਾਰ॥
ਕਰਿ ਕਰਿ ਵੇਖੈ ਸਿਰਜਣਹਾਰੁ॥ ਨਾਨਕ ਸਚੇ ਕੀ ਸਾਚੀ ਕਾਰ॥"**

ਅਰਥਾਤ ਜਦੋਂ ਜੀਵ ਸੰਸਾਰ ਤੇ ਆਉਂਦਾ ਹੈ ਤਾਂ ਪਰਮਾਤਮਾ ਉਸ ਦੀ ਪਾਲਣ ਪੋਸ਼ਣ ਦਾ ਪੂਰਾ ਪ੍ਰਬੰਧ ਇਕੋ ਵਾਰ ਵਿਚ ਹੀ ਕਰ ਦਿੰਦਾ ਹੈ। ਉਹ ਜੀਵਾਂ ਨੂੰ ਪੈਦਾ ਕਰਕੇ ਉਹਨਾਂ ਦੀ ਸੰਭਾਲ ਕਰ ਰਿਹਾ ਹੈ ਅਤੇ ਨਾਨਕ ਜੀ ਕਹਿੰਦੇ ਹਨ ਕਿ ਅਕਾਲ ਪੁਰਖੁ ਦੀ ਸ੍ਰਿਸ਼ਟੀ ਦੀ ਸੰਭਾਲ ਵਾਲੀ ਇਹ ਕਾਰ ਸਦਾ ਅਟੱਲ ਹੈ।

ਪਰ ਹੈਰਾਨਗੀ ਦੀ ਗੱਲ ਹੈ ਕਿ ਮਨੁੱਖ ਜੋ ਕਿ ਆਪਣੀ ਰੋਜੀ ਰੋਟੀ ਕਮਾਉਣ ਦੇ ਸਮਰਥ ਹੈ ਤਾਂ ਵੀ ਇਹ ਫਿਕਰਮੰਦ ਰਹਿੰਦਾ ਹੈ ਕਿ ਮੇਰਾ ਗੁਜ਼ਾਰਾ ਕਿਵੇਂ ਹੋਵੇਗਾ, ਮੇਰੇ ਬੱਚਿਆਂ ਦਾ ਕੀ ਬਣੇਗਾ, ਮੇਰੇ ਮਰਨ ਤੋਂ ਬਾਅਦ ਮੇਰੀ ਘਰਵਾਲੀ ਦਾ ਕੀ ਹੋਵੇਗਾ ਆਦਿ ਆਦਿ। ਇਸ ਨੂੰ ਇਸ ਗੱਲ ਦਾ ਗਿਆਨ ਨਹੀਂ ਹੈ ਕਿ ਪਰਮਾਤਮਾ ਨੇ ਜਦੋਂ ਮੈਨੂੰ ਪੈਦਾ ਕੀਤਾ ਸੀ ਤਾਂ ਮੇਰੇ ਨਾਲ ਮੇਰੇ ਭਾਗ ਦੇ ਭੰਡਾਰੇ ਇਕੋ ਵਾਰ ਹੀ ਭੇਜ ਦਿੱਤੇ ਸਨ। ਸੱਚ ਤਾਂ ਇਹ ਹੈ ਕਿ ਵਾਹਿਗੁਰੂ ਜੀ ਨੇ ਤਾਂ ਜੀਵ ਦੇ ਜਨਮ ਲੈਣ ਤੋਂ ਪਹਿਲਾਂ ਹੀ ਉਸ ਦੀ ਖੁਰਾਕ ਦਾ ਇੰਤਜ਼ਾਮ ਕਰ ਦਿੱਤਾ ਹੁੰਦਾ ਹੈ। ਪਰਮਾਤਮਾ ਤਾਂ ਉਨ੍ਹਾਂ ਨੂੰ ਵੀ ਰਿਜ਼ਕ ਪਹੁੰਚਾਉਂਦਾ ਹੈ ਜਿਹੜੇ ਜੀਵ ਪਾਣੀ ਵਿਚ ਰਹਿੰਦੇ ਹਨ ਜਿੱਥੇ ਕੋਈ ਕਿਰਤ ਨਹੀਂ ਹੁੰਦੀ।

ਯਥਾ:

**ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ॥ (ਅੰਗ: 955)**

**ਭਾਵ:** ਹੇ ਨਾਨਕ! ਆਪਣੀ ਰੋਜ਼ੀ ਲਈ ਫਿਕਰ ਚਿੰਤਾ ਨਾ ਕਰੋ, ਇਹ ਫਿਕਰ ਤਾਂ ਉਸ ਪ੍ਰਭੂ ਨੂੰ ਆਪ ਹੀ ਹੈ। ਉਸ ਨੇ ਪਾਣੀ ਵਿਚ ਜੀਵ ਪੈਦਾ ਕੀਤੇ ਹਨ ਉਹਨਾਂ ਨੂੰ ਭੀ ਰਿਜ਼ਕ ਦੇਂਦਾ ਹੈ। ਪਾਣੀ ਵਿਚ ਨਾ ਕੋਈ ਦੁਕਾਨ ਚੱਲਦੀ ਹੈ ਨਾਹ ਕੋਈ ਵਾਹੀ ਕਰਦਾ ਹੈ। ਨਾ ਉਥੇ ਕੋਈ ਸਉਦਾ ਸੂਤ ਹੋ ਰਿਹਾ ਹੈ ਨਾ ਕੋਈ ਲੈਣ ਦੇਣ ਦਾ ਵਾਪਾਰ ਹੈ।

ਇਸ ਸੰਬੰਧ ਵਿਚ ਇਕ ਕਹਾਣੀ ਸਾਂਝੀ ਕਰ ਰਿਹਾ ਹਾਂ। ਇਕ ਵਾਰ ਇਕ ਰਾਜੇ ਨੇ ਆਪਣੇ ਲਈ ਬਹੁਤ ਵੱਡਾ ਆਲੀਸ਼ਾਨ ਮਹਿਲ ਬਣਵਾਇਆ। ਉਸ ਮਹਿਲ ਨੂੰ ਬਣਨ ਵਿਚ ਕਈ ਸਾਲ ਲੱਗ ਗਏ। ਜਦੋਂ ਰਾਜੇ ਨੇ ਉਸ ਮਹਿਲ ਵਿਚ ਗ੍ਰਹਿ ਪ੍ਰਵੇਸ਼ ਕਰਨਾ ਸੀ ਤਾਂ ਉਸ ਨੇ ਇਕ ਮਹਾਂਪੁਰਸ਼ ਨੂੰ ਬੁਲਾਇਆ। ਮਹਾਂਪੁਰਸ਼ ਨੇ ਉਸ ਦੇ ਮਹਿਲ ਦੀ ਬਹੁਤ ਤਾਰੀਫ ਕੀਤੀ ਤਾਂ ਰਾਜੇ ਨੇ ਆਪਣੇ ਆਪ ਨੂੰ ਵੱਡਾ ਦਰਸਾਉਣ ਲਈ ਮਹਾਂਪੁਰਸ਼ ਨੂੰ ਇਹ ਗੱਲ ਕਹੀ ਕਿ ਮੇਰੇ ਮਹਿਲ ਬਣਵਾਉਣ ਕਰਕੇ ਹੀ ਕਈਆਂ ਨੂੰ ਕੰਮ ਮਿਲਿਆ ਹੈ ਜਿਸ ਕਰਕੇ ਇਨ੍ਹਾਂ ਦੀ ਰੋਜ਼ੀ ਰੋਟੀ ਚਲਦੀ ਰਹੀ। ਜੇ ਮੈਂ ਮਹਿਲ ਨਾ ਬਣਵਾਉਂਦਾ ਤਾਂ ਇਨ੍ਹਾਂ ਨੂੰ ਰੋਜ਼ੀ ਰੋਟੀ ਨਾ ਮਿਲਦੀ।

ਇਹ ਗੱਲ ਸੁਣ ਕੇ ਮਹਾਂਪੁਰਸ਼ਾਂ ਨੂੰ ਮਹਿਸੂਸ ਹੋਇਆ ਕਿ ਰਾਜਾ ਹਉਮੈ ਵਿਚ ਗ੍ਰਸਿਆ ਪਿਆ ਹੈ। ਰਾਜੇ ਨੂੰ ਸਿੱਖਿਆ ਦੇਣ ਲਈ ਮਹਾਂਪੁਰਸ਼ ਨੇ ਰਾਜੇ ਨੂੰ ਕਿਹਾ ਕਿ ਆਪਣੇ ਕਾਮਿਆਂ ਨੂੰ ਕਹੋ ਕਿ ਜੋ ਤੇਰੇ ਮਹਿਲ ਦੇ ਬਾਹਰ ਪੱਥਰ ਪਿਆ ਹੈ ਉਸ ਨੂੰ ਉਹ ਤੋੜਨ। ਜਦੋਂ ਕਾਮਿਆਂ ਨੇ ਪੱਥਰ ਤੋੜਿਆ ਤਾਂ ਵਿਚੋਂ ਇਕ ਜੀਉਂਦਾ ਜਾਗਦਾ ਕੀੜਾ ਨਿਕਲਿਆ ਜਿਸ ਦੇ ਮੂੰਹ ਵਿਚ ਦਾਣਾ ਸੀ। ਰਾਜਾ ਅਤੇ ਕਾਮੇ ਇਹ ਦੇਖ ਕੇ ਹੈਰਾਨ ਰਹਿ ਗਏ।

ਮਹਾਂਪੁਰਸ਼ ਨੇ ਰਾਜੇ ਨੂੰ ਕਿਹਾ ਕਿ ਕੀ ਇਸ ਕੀੜੇ ਨੂੰ ਵੀ ਤੂੰ ਹੀ ਰਿਜ਼ਕ ਦੇ ਰਿਹਾ ਸੀ ਕਿਉਂਕਿ ਇਹ ਤੇਰੇ ਹੀ ਮਹਿਲ ਦੇ ਪੱਥਰ ਵਿਚੋਂ ਨਿਕਲਿਆ ਹੈ। ਤਾਂ ਰਾਜਾ ਬਹੁਤ ਸ਼ਰਮਿੰਦਾ ਹੋਇਆ। ਉਸ ਨੂੰ ਗਿਆਨ ਹੋ ਗਿਆ ਕਿ ਉਹ ਕਿਸੇ ਨੂੰ ਕੁਝ ਵੀ ਦੇਣ ਦੇ ਸਮਰਥ ਨਹੀਂ ਹੈ। ਸਭ ਜੀਵਾਂ ਦੀ ਸੰਭਾਲ ਕੇਵਲ ਪਰਮਾਤਮਾ ਹੀ ਕਰ ਰਿਹਾ ਹੈ, ਉਹ ਹੀ ਸਭ ਤੱਕ ਰਿਜ਼ਕ ਪਹੁੰਚਾ ਰਿਹਾ ਹੈ। ਇਸ ਲਈ ਕਿਸੇ ਨੂੰ ਵੀ ਫਿਕਰਮੰਦ ਹੋਣ ਦੀ ਜ਼ਰੂਰਤ ਨਹੀਂ ਹੈ।

ਗੁਰਬਾਣੀ ਦਾ ਫੁਰਮਾਨ ਹੈ:-

**"ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ॥**
**ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥" (ਅੰਗ: 10)**

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਆਪਣੇ ਕੰਮ ਧੰਦੇ ਦਿਲ ਲਗਾ ਕੇ ਕਰਨੇ ਹਨ ਕਿਉਂਕਿ ਗੁਰੂ ਜੀ ਦੇ ਤਿੰਨ ਸੁਨਹਿਰੀ ਉਪਦੇਸ਼ਾਂ ਵਿਚੋਂ ਪਹਿਲਾ ਉਪਦੇਸ਼ ਵੀ ਇਹੀ ਹੈ ਕਿ 'ਕਿਰਤ ਕਰੋ'। ਕਿਰਤ ਤਾਂ ਜ਼ਰੂਰ ਕਰਨੀ ਹੈ ਪਰ ਫਿਕਰਮੰਦ ਨਹੀਂ ਹੋਣਾ ਕਿ ਮੇਰਾ ਕੀ ਬਣੇਗਾ ਕਿਉਂਕਿ ਜਿਸ ਸਿਰਜਣਹਾਰ ਨੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ ਉਹ ਉਸਦੀ ਸੰਭਾਲ ਵੀ ਕਰ ਰਿਹਾ ਹੈ ਅਤੇ ਉਸ ਦੀ ਇਹ ਸੰਭਾਲ ਕਰਨ ਵਾਲੀ ਕਾਰ ਸਦਾ ਅਟੱਲ ਹੈ।**

# ਬੱਤੀਵੀਂ ਪਉੜੀ

**ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥**
**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥**
**ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥**
**ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥**
**ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥੩੨॥**

**ਪਦ ਅਰਥ:– ਇਕ ਦੂ ਜੀਭੌ**–ਇਕ ਜੀਭ ਤੋਂ। **ਹੋਹਿ**–ਹੋ ਜਾਣ। **ਲਖ ਵੀਸ–**ਵੀਹ ਲੱਖ। **ਗੇੜਾ**–ਚੱਕਰ। **ਆਖੀਅਹਿ**–ਆਖੇ ਜਾਣ। **ਜਗਦੀਸ**–ਅਕਾਲ ਪੁਰਖ। **ਏਤੁ ਰਾਹਿ**–ਅਕਾਲ ਪੁਰਖ ਨੂੰ ਮਿਲਣ ਵਾਲੇ ਰਸਤੇ ਵਿਚ। **ਪਤਿ ਪਵੜੀਆ**–ਪਤੀ ਨੂੰ ਮਿਲਣ ਵਾਸਤੇ ਜੋ ਪਉੜੀਆਂ ਹਨ। **ਚੜੀਐ**– ਚੜ੍ਹ ਸਕੀਦਾ ਹੈ। **ਹੋਇ ਇਕੀਸ**–ਆਪਾ-ਭਾਵ ਗਵਾ ਕੇ। **ਸੁਣਿ**–ਸੁਣ ਕੇ। **ਕੀਟਾ**–ਕੀੜਿਆਂ ਨੂੰ। **ਨਦਰੀ**–ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਨਾਲ। **ਪਾਈਐ**–ਪਾਈਦਾ ਹੈ। **ਕੂੜੈ**–ਕੂੜੇ ਮਨੁੱਖ ਦੀ। **ਕੂੜੀ ਠੀਸ**–ਝੂਠੀ ਗੱਪ।੩੨।

**ਅਰਥ:–** ਜੇ ਇੱਕ ਜੀਭ ਤੋਂ ਲੱਖ ਜੀਭਾਂ ਹੋ ਜਾਣ, ਅਤੇ ਲੱਖ ਜੀਭਾਂ ਤੋਂ ਵੀਹ ਲੱਖ ਬਣ ਜਾਣ, ਇਹਨਾਂ ਵੀਹ ਲੱਖ ਜੀਭਾਂ ਨਾਲ ਜੇ ਅਕਾਲ ਪੁਰਖ ਦੇ ਇਕ ਨਾਮ ਨੂੰ ਇਕ ਇਕ ਲੱਖ ਵਾਰੀ ਆਖੀਏ (ਤਾਂ ਭੀ ਕੂੜੇ ਮਨੁੱਖ ਦੀ ਇਹ ਕੂੜੀ ਹੀ ਠੀਸ (ਗੱਪ) ਹੈ, ਭਾਵ, ਜੇ ਮਨੁੱਖ ਇਹ ਖ਼ਿਆਲ ਕਰੇ ਕਿ ਮੈਂ ਆਪਣੇ ਉੱਦਮ ਦੇ ਆਸਰੇ ਇਸ ਤਰ੍ਹਾਂ ਨਾਮ ਸਿਮਰ ਕੇ ਅਕਾਲ ਪੁਰਖ ਨੂੰ ਪਾ ਸਕਦਾ ਹਾਂ, ਤਾਂ ਇਹ ਝੂਠਾ ਅਹੰਕਾਰ ਹੈ)। ਇਸ ਰਸਤੇ ਵਿਚ, ਭਾਵ, ਪਰਮਾਤਮਾ ਨਾਲੋਂ ਵਿੱਥ ਦੂਰ ਕਰਨ ਵਾਲੇ ਰਾਹ ਵਿਚ ਅਕਾਲ ਪੁਰਖ ਨੂੰ ਮਿਲਣ ਵਾਸਤੇ ਜੋ ਪਉੜੀਆਂ ਹਨ, ਉਹਨਾਂ ਉੱਤੇ ਆਪਾ-ਭਾਵ ਗਵਾ ਕੇ ਹੀ ਚੜ੍ਹ ਸਕੀਦਾ ਹੈ। (ਲੱਖਾਂ ਜੀਭਾਂ ਨਾਲ ਭੀ ਗਿਣਤੀ ਦੇ ਸਿਮਰਨ ਨਾਲ ਕੁਝ ਨਹੀਂ ਬਣਦਾ। ਆਪਾ-ਭਾਵ ਦੂਰ ਕਰਨ ਤੋਂ ਬਿਨਾ ਇਹ ਗਿਣਤੀ ਦੇ ਪਾਠਾਂ ਵਾਲਾ ਉੱਦਮ ਇਉਂ ਹੈ, ਮਾਨੋ,) ਆਕਾਸ਼ ਦੀਆਂ ਗੱਲਾਂ ਸੁਣ ਕੇ ਕੀੜਿਆਂ ਨੂੰ ਭੀ ਇਹ ਰੀਸ ਆ ਗਈ ਹੈ (ਕਿ ਅਸੀਂ ਭੀ ਆਕਾਸ਼ ਤੇ ਅੱਪੜ ਜਾਈਏ)। ਹੇ ਨਾਨਕ! ਜੇ ਅਕਾਲ ਪੁਰਖ ਮਿਹਰ ਦੀ ਨਜ਼ਰ ਕਰੇ, ਤਾਂ ਹੀ ਉਸ ਨੂੰ ਮਿਲੀਦਾ ਹੈ, ਨਹੀਂ ਤਾਂ ਕੂੜੇ ਮਨੁੱਖ ਦੀ ਆਪਣੇ ਆਪ ਦੀ ਨਿਰੀ ਕੂੜੀ ਹੀ ਵਡਿਆਈ ਹੈ ਕਿ ਮੈਂ ਸਿਮਰਨ ਕਰ ਰਿਹਾ ਹਾਂ ।੩੨।

**ਉਚਾਰਨ ਪਾਠ:–** ਹੋਹਿੰ, ਹੋਵਹਿੰ, ਆਖੀਅਹਿੰ, ਪਵੜੀਆਂ, ਗਲਾਂ, ਕੀਟਾਂ, ਨਦਰੀਂ ਸ਼ਬਦ ਬਿੰਦੀ ਸਹਿਤ ਉਚਾਰਨੇ ਹਨ।

# ਬੱਤੀਵੀਂ ਪਉੜੀ ਦੀ ਸਿੱਖਿਆ

**ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥**
**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥**
**ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥**
**ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥**
**ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥੩੨॥**

ਜੀਵ ਨੇ ਉਸ ਪਰਮਾਤਮਾ ਨੂੰ ਬਾਰ ਬਾਰ ਸਿਮਰਨਾ ਹੈ, ਲੱਖਾਂ ਕਰੋੜਾਂ ਵਾਰੀ ਵੀ ਸਿਮਰਨਾ ਹੈ ਕਿਉਂਕਿ ਪਰਮਾਤਮਾ ਨਾਲ ਮਿਲਾਪ ਕਰਨ ਦੀ ਜੁਗਤਿ ਇਹੀ ਹੈ। ਪਰ ਜੇ ਕੋਈ ਜੀਵ ਇਹ ਕਹੇ ਕਿ ਪਰਮਾਤਮਾ ਨਾਲ ਮਿਲਾਪ ਸਿਰਫ ਉਸ ਦੇ ਸਿਮਰਨ ਦੀ ਮਿਹਨਤ ਦਾ ਸਦਕਾ ਹੀ ਹੋਇਆ ਹੈ ਤਾਂ ਉਹ ਜੀਵ ਦਾ ਝੂਠਾ ਹੰਕਾਰ ਹੈ। ਜੀਵ ਤੇ ਪਰਮਾਤਮਾ ਦਾ ਜਦੋਂ ਵੀ ਮਿਲਾਪ ਹੋਵੇਗਾ ਪਰਮਾਤਮਾ ਦੀ ਮਿਹਰ ਦਾ ਸਦਕਾ ਹੀ ਹੋਵੇਗਾ ਨਾ ਕਿ ਜੀਵ ਦੇ ਉਦਮ ਸਦਕਾ।

**ਤਾਂ ਫਿਰ ਸੁਆਲ ਇਹ ਪੈਦਾ ਹੁੰਦਾ ਹੈ ਕਿ ਜੇ ਸਾਡਾ ਮਿਲਾਪ ਉਸ ਦੀ ਮਿਹਰ ਦਾ ਸਦਕਾ ਹੀ ਹੋਣਾ ਹੈ ਤਾਂ ਫਿਰ ਸਾਨੂੰ ਨਾਮ ਜਪਣ ਦੀ ਕੀ ਲੋੜ ਹੈ? ਇਸ ਦਾ ਜੁਆਬ ਹੈ ਕਿ ਅਸੀਂ ਨਾਮ ਸਿਮਰਨ ਦੀ ਕਰੜੀ ਮਿਹਨਤ ਤਾਂ ਕਰਨੀ ਹੈ ਪਰ ਇਕ ਗੱਲ ਯਾਦ ਵੀ ਰੱਖਣੀ ਹੈ ਕਿ ਜੇ ਇਸ ਘਾਲ ਕਮਾਈ ਦੇ ਉਤੇ ਉਸ ਦੀ ਨਦਰਿ ਹੋਏਗੀ ਤਾਂ ਹੀ ਸਾਡਾ ਮਿਲਾਪ ਹੋਏਗਾ।**

ਉਦਾਹਰਣ ਦੇ ਤੌਰ ਤੇ ਜੇ ਕੋਈ ਕਿਸਾਨ ਇਹ ਕਹੇ ਕਿ ਮੈਂ ਕਣਕ ਬੀਜਾਂ ਹੀ ਨਾ ਅਤੇ ਮੇਰੇ ਘਰ ਕਣਕ ਦੀਆਂ ਬੋਰੀਆਂ ਆ ਜਾਣ ਤਾਂ ਉਸ ਦੀ ਇਹ ਸੋਚ ਗਲਤ ਹੋਵੇਗੀ ਕਿਉਂਕਿ ਉਸ ਨੇ ਕਣਕ ਬੀਜਣ ਦੀ ਮਿਹਨਤ ਹੀ ਨਹੀਂ ਕੀਤੀ। ਕਣਕ ਦੀਆਂ ਬੋਰੀਆਂ ਤਾਂ ਉਸੇ ਹੀ ਕਿਸਾਨ ਦੇ ਘਰ ਆਉਣਗੀਆਂ ਜਿਸ ਨੇ ਮਿਹਨਤ ਕੀਤੀ ਹੋਵੇਗੀ। ਇਸੇ ਤਰ੍ਹਾਂ ਉਸੇ ਹੀ ਜੀਵ ਦਾ ਪਰਮਾਤਮਾ ਨਾਲ ਮਿਲਾਪ ਹੋਵੇਗਾ ਜਿਸ ਨੇ ਘਾਲ ਕਮਾਈ ਵੀ ਕੀਤੀ ਹੈ ਤੇ ਪਰਮੇਸ਼ਰ ਦੀ ਨਦਰਿ ਦਾ ਪਾਤਰ ਵੀ ਹੈ।

**ਪਰ ਇਕ ਗੱਲ ਜ਼ਰੂਰ ਯਾਦ ਰਖਣੀ ਹੈ ਕਿ ਜਿੰਨੀ ਵੀ ਅਸੀਂ ਨਾਮ ਸਿਮਰਨ ਦੀ ਕਮਾਈ ਕਰਨੀ ਹੈ ਉਹ ਆਪਾ ਭਾਵ ਗਵਾ ਕੇ ਕਰਨੀ ਹੈ ਅਤੇ ਕਦੀ ਇਹ ਨਹੀਂ ਕਹਿਣਾ ਕਿ ਮੈਂ ਕੀਤਾ ਤੇ ਮੈਂ ਕਰ ਰਿਹਾ ਹਾਂ।** ਜਿਹੜੇ ਬੰਦੇ ਹਰ ਵੇਲੇ ਮੈਂ ਮੈਂ ਦੀ ਰਟਨ ਲਗਾਈ ਰੱਖਦੇ ਹਨ, ਉਨ੍ਹਾਂ ਨੂੰ ਗੁਰਬਾਣੀ ਵਿਚ ਮੂਰਖ ਅਤੇ ਗਾਵਾਰ ਕਿਹਾ ਗਿਆ ਹੈ। ਯਥਾ:

**"ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ॥" (ਅੰਗ: 39)**

ਇਸ ਦੇ ਉਲਟ ਜਿਹੜੇ ਬੰਦੇ ਆਪਾ ਭਾਵ ਗਵਾ ਲੈਂਦੇ ਹਨ ਅਤੇ ਆਪਣੀ ਮੈਂ ਤੇ ਮੇਰੀ ਨੂੰ ਮਿਟਾ ਦਿੰਦੇ ਹਨ ਤਾਂ ਉਨ੍ਹਾਂ ਦੇ ਮੂੰਹ ਤੋਂ ਇਹ ਪੰਕਤੀਆਂ ਨਿਕਲਦੀਆਂ ਹਨ:-

**ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ॥**
**ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ॥ (ਅੰਗ: 1367)**

# ਤੇਤੀਵੀਂ ਪਉੜੀ

**ਆਖਣਿ ਜੋਰੁ ਚੁਪੈ ਨਹ ਜੋਰੁ॥**
**ਜੋਰੁ ਨ ਮੰਗਣਿ ਦੇਣਿ ਨ ਜੋਰੁ॥**
**ਜੋਰੁ ਨ ਜੀਵਣਿ ਮਰਣਿ ਨਹ ਜੋਰੁ॥**
**ਜੋਰੁ ਨ ਰਾਜਿ ਮਾਲਿ ਮਨਿ ਸੋਰੁ॥**
**ਜੋਰੁ ਨ ਸੁਰਤੀ ਗਿਆਨਿ ਵੀਚਾਰਿ॥**
**ਜੋਰੁ ਨ ਜੁਗਤੀ ਛੁਟੈ ਸੰਸਾਰੁ॥**
**ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥**
**ਨਾਨਕ ਉਤਮੁ ਨੀਚੁ ਨ ਕੋਇ॥੩੩॥**

**ਪਦ ਅਰਥ:- ਆਖਣਿ**-ਆਖਣ ਵਿਚ । **ਚੁਪੈ**-ਚੁਪ ਰਹਿਣ ਵਿਚ। **ਜੋਰੁ**-ਸਮਰਥਾ। **ਸੋਰੁ**-ਰੌਲਾ, ਫੂੰ-ਫਾਂ। **ਸੁਰਤੀ**-ਆਤਮਕ ਜਾਗ ਵਿਚ। **ਗਿਆਨਿ**-ਗਿਆਨ ਪ੍ਰਾਪਤ ਕਰਨ ਵਿਚ। **ਵੀਚਾਰਿ**-ਵੀਚਾਰ ਕਰਨ ਵਿਚ। **ਜੁਗਤੀ**-ਜੁਗਤ ਵਿਚ । **ਛੁਟੈ**-ਮੁਕਤ ਹੁੰਦਾ ਹੈ। **ਜਿਸੁ ਹਥਿ**-ਅਕਾਲ ਪੁਰਖ ਦੇ ਹੱਥ ਵਿਚ। **ਕਰਿ ਵੇਖੈ**-ਸ੍ਰਿਸ਼ਟੀ ਨੂੰ ਰਚ ਕੇ ਸੰਭਾਲ ਕਰ ਰਿਹਾ ਹੈ। **ਸੋਇ**-ਉਹੀ ਅਕਾਲ ਪੁਰਖ।੩੩।

**ਅਰਥ:** ਬੋਲਣ ਵਿਚ ਤੇ ਚੁੱਪ ਰਹਿਣ ਵਿਚ ਭੀ ਸਾਡਾ ਕੋਈ ਆਪਣਾ ਇਖ਼ਤਿਆਰ ਨਹੀਂ ਹੈ। ਨਾ ਹੀ ਮੰਗਣ ਵਿਚ ਸਾਡੀ ਮਨ-ਮਰਜ਼ੀ ਚੱਲਦੀ ਹੈ ਅਤੇ ਨਾ ਹੀ ਦੇਣ ਵਿਚ। ਜੀਵਨ ਵਿਚ ਤੇ ਮਰਨ ਵਿਚ ਭੀ ਸਾਡੀ ਕੋਈ ਸਮਰੱਥਾ ਕੰਮ ਨਹੀਂ ਦੇਂਦੀ। ਇਸ ਰਾਜ ਤੇ ਮਾਲ ਦੇ ਪ੍ਰਾਪਤ ਕਰਨ ਵਿਚ ਭੀ ਸਾਡਾ ਕੋਈ ਜ਼ੋਰ ਨਹੀਂ ਚੱਲਦਾ ਜਿਸ ਰਾਜ ਤੇ ਮਾਲ ਦੇ ਕਾਰਨ ਸਾਡੇ ਮਨ ਵਿਚ ਫੂੰ-ਫਾਂ ਹੁੰਦੀ ਹੈ। ਆਤਮਕ ਜਾਗ ਵਿਚ, ਗਿਆਨ ਵਿਚ ਅਤੇ ਵਿਚਾਰ ਵਿਚ ਰਹਿਣ ਦੀ ਭੀ ਸਾਡੀ ਸਮਰੱਥਾ ਨਹੀਂ ਹੈ । ਉਸ ਜੁਗਤੀ ਵਿਚ ਰਹਿਣ ਲਈ ਭੀ ਸਾਡਾ ਇਖ਼ਤਿਆਰ ਨਹੀਂ ਹੈ, ਜਿਸ ਕਰ ਕੇ ਜਨਮ ਮਰਨ ਮੁੱਕ ਜਾਂਦਾ ਹੈ । ਉਹੀ ਅਕਾਲ-ਪੁਰਖ ਰਚਨਾ ਰੱਚ ਕੇ ਉਸ ਦੀ ਹਰ ਪਰਕਾਰ ਸੰਭਾਲ ਕਰਦਾ ਹੈ, ਜਿਸ ਦੇ ਹੱਥ ਵਿਚ ਸਮਰੱਥਾ ਹੈ ।

ਹੇ ਨਾਨਕ! ਆਪਣੇ ਆਪ ਵਿਚ ਨਾਹ ਕੋਈ ਮਨੁੱਖ ਉੱਤਮ ਹੈ ਅਤੇ ਨਾਹ ਹੀ ਨੀਚ ਭਾਵ, ਜੀਵਾਂ ਨੂੰ ਸਦਾਚਾਰੀ ਜਾਂ ਦੁਰਾਚਾਰੀ ਬਣਾਣ ਵਾਲਾ ਉਹ ਪ੍ਰਭੂ ਆਪ ਹੀ ਹੈ। ਜੇ ਸਿਮਰਨ ਦੀ ਬਰਕਤ ਨਾਲ ਇਹ ਨਿਸਚਾ ਬਣ ਜਾਏ ਤਾਂ ਹੀ ਪਰਮਾਤਮਾਂ ਨਾਲੋਂ ਜੀਵ ਦੀ ਵਿੱਥ ਦੂਰ ਹੁੰਦੀ ਹੈ।੩੩।

**ਉਚਾਰਨ ਪਾਠ:-**ਨਹਿੰ, ਸੁਰਤੀਂ, ਜੁਗਤੀਂ, ਜ਼ੋਰ, ਸ਼ੋਰ ਸ਼ਬਦ ਬਿੰਦੀ ਸਹਿਤ ਉਚਾਰਨੇ ਹਨ।

# ਤੇਤੀਵੀਂ ਪਉੜੀ ਦੀ ਸਿੱਖਿਆ

**ਆਖਣਿ ਜੋਰੁ ਚੁਪੈ ਨਹ ਜੋਰੁ॥ ਜੋਰੁ ਨ ਮੰਗਣਿ ਦੇਣਿ ਨ ਜੋਰੁ॥**
**ਜੋਰੁ ਨ ਜੀਵਣਿ ਮਰਣਿ ਨਹ ਜੋਰੁ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ॥**
**ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ ਜੋਰੁ ਨ ਜੁਗਤੀ ਛੁਟੈ ਸੰਸਾਰੁ॥**
**ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ॥੩੩॥**

ਜਿਵੇਂ ਆਪਾਂ ਪੰਨਾ ਨੰਬਰ 101 ਤੇ ਦਿੱਤੇ ਹੋਏ ਅਰਥਾਂ ਵਿਚ ਪੜ੍ਹਿਆ ਹੈ ਕਿ ਭਲੇ ਪਾਸੇ ਤੁਰਨਾ ਜਾਂ ਕੁਰਾਹੇ ਪੈ ਜਾਣਾ ਜੀਵਾਂ ਦੇ ਆਪਣੇ ਵੱਸ ਦੀ ਗੱਲ ਨਹੀਂ।

ਉਦਾਹਰਣ ਵਜੋਂ ਜਿਵੇਂ ਆਪਾਂ ਫਿਲਮਾਂ/ਨਾਟਕਾਂ ਵਿਚ ਦੇਖਦੇ ਹਾਂ ਕਿ ਫਿਲਮ/ਨਾਟਕ ਦੇ ਡਾਇਰੈਕਟਰ ਨੇ ਵੱਖਰੇ ਵੱਖਰੇ ਕਿਰਦਾਰਾਂ ਨੂੰ ਵੱਖਰੇ ਵੱਖਰੇ ਰੋਲ ਦਿੱਤੇ ਹੋਏ ਹੁੰਦੇ ਹਨ। ਉਸੇ ਤਰ੍ਹਾਂ ਹੀ ਅਕਾਲ ਪੁਰਖੁ ਨੇ ਵੀ ਇਹ ਦੁਨੀਆ ਸਾਜ ਕੇ ਹਰੇਕ ਜੀਵ ਨੂੰ ਉਸ ਦਾ ਰੋਲ ਦੇ ਦਿੱਤਾ ਹੈ। ਉਸ ਨੇ ਇਹ ਸੰਸਾਰ ਨੂੰ ਬਾਜੀ ਬਣਾਇਆ ਹੈ ਅਤੇ ਆਪ ਬਾਜੀਗਰ ਹੈ।

ਗੁਰਬਾਣੀ ਦਾ ਫੁਰਮਾਨ ਹੈ:

**"ਬਾਜੀਗਰ ਡੰਕ ਬਜਾਈ॥**

**ਸਭ ਖਲਕ ਤਮਾਸੇ ਆਈ॥"**

**(ਅੰਗ: 655)**

ਹੁਣ ਜੇ ਉਸ ਨੇ ਆਪ ਹੀ ਸਾਰੇ ਸੰਸਾਰ ਦੀ ਬਾਜੀ ਬਣਾਈ ਹੈ ਅਤੇ ਲੋਕੀਂ ਉਸ ਦੇ ਹੁਕਮ ਵਿਚ ਹੀ ਰੋਲ ਅਦਾ ਕਰ ਰਹੇ ਹਨ ਤਾਂ ਤੇ ਇਹ ਗੱਲ ਸਪੱਸ਼ਟ ਹੀ ਹੈ ਕਿ ਸਭ ਕੁਝ ਉਸ ਦੇ ਹੁਕਮ ਅਨੁਸਾਰ ਹੀ ਹੋ ਰਿਹਾ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਕਿਸੇ ਨੂੰ ਬੁਰਾ ਭਲਾ ਨਹੀਂ ਕਹਿਣਾ ਕਿਉਂਕਿ ਇਹ ਸਭ ਉਸ ਦੀ ਬਣਾਈ ਰਚਨਾ ਹੈ ਅਤੇ ਉਸ ਦੇ ਆਪਣੇ ਹੁਕਮ ਵਿਚ ਹੀ ਸਭ ਕੁਝ ਹੋ ਰਿਹਾ ਹੈ।

ਇਸ ਸੰਬੰਧ ਵਿਚ ਗੁਰਬਾਣੀ ਦਾ ਫੁਰਮਾਨ ਹੈ:

**"ਨਾ ਕੋ ਮੂਰਖੁ ਨਾ ਕੋ ਸਿਆਣਾ॥ ਵਰਤੈ ਸਭ ਕਿਛੁ ਤੇਰਾ ਭਾਣਾ॥" (ਅੰਗ: 98)**

# ਚੌਂਤੀਵੀਂ ਪਉੜੀ

**ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥**
**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥**
**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ॥**
**ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥**
**ਤਿਥੈ ਸੋਹਨਿ ਪੰਚ ਪਰਵਾਣੁ॥ ਨਦਰੀ ਕਰਮਿ ਪਵੈ ਨੀਸਾਣੁ॥**
**ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ॥੩੪॥**

**ਪਦ ਅਰਥ: ਧਰਮਸਾਲ**–ਧਰਮ ਕਮਾਣ ਦਾ ਅਸਥਾਨ। **ਕੇ ਰੰਗ**–ਕਈ ਰੰਗਾਂ ਦੇ। **ਕਰਮੀ ਕਰਮੀ**–ਜੀਵਾਂ ਦੇ ਕੀਤੇ ਹੋਏ ਕਰਮਾਂ ਅਨੁਸਾਰ। **ਸੋਹਨਿ**–ਸ਼ੋਭਦੇ ਹਨ। **ਪਰਵਾਣੁ**–ਪਰਤੱਖ ਤੌਰ ਤੇ। **ਕਰਮਿ**–ਬਖਸ਼ਸ਼ ਨਾਲ। **ਪਵੈ ਨੀਸਾਣੁ**–ਨਿਸ਼ਾਨ ਪੈ ਜਾਂਦਾ ਹੈ। **ਕਚ**–ਕਚਿਆਈ। **ਪਕਾਈ**–ਪਕਿਆਈ। **ਪਾਇ**–ਪਾਈ ਜਾਂਦੀ ਹੈ। **ਗਇਆ**–ਅੱਪੜ ਕੇ ਹੀ। **ਜਾਪੈ ਜਾਇ**–ਉੱਥੇ ਜਾ ਕੇ ਜਾਣਿਆ ਜਾਂਦਾ ਹੈ।੩੪।

**ਅਰਥ:** ਰਾਤਾਂ, ਰੁੱਤਾਂ, ਥਿਤਾਂ ਅਤੇ ਵਾਰ, ਹਵਾ, ਪਾਣੀ, ਅੱਗ ਅਤੇ ਪਾਤਾਲ— ਇਹਨਾਂ ਸਾਰਿਆਂ ਦੇ ਇਕੱਠ ਵਿਚ ਅਕਾਲ ਪੁਰਖ ਨੇ ਧਰਤੀ ਨੂੰ ਧਰਮ ਕਮਾਣ ਦਾ ਅਸਥਾਨ ਬਣਾ ਕੇ ਟਿਕਾ ਦਿੱਤਾ ਹੈ। ਇਸ ਧਰਤੀ ਉੱਤੇ ਕਈ ਜੁਗਤੀਆਂ ਅਤੇ ਰੰਗਾਂ ਦੇ ਜੀਵ ਵੱਸਦੇ ਹਨ, ਜਿਨ੍ਹਾਂ ਦੇ ਅਨੇਕਾਂ ਤੇ ਅਨਗਿਣਤ ਹੀ ਨਾਮ ਹਨ। ਇਹਨਾਂ ਅਨੇਕਾਂ ਨਾਵਾਂ ਤੇ ਰੰਗਾਂ ਵਾਲੇ ਜੀਵਾਂ ਦੇ ਆਪੋ-ਆਪਣੇ ਕੀਤੇ ਹੋਏ ਕਰਮਾਂ ਅਨੁਸਾਰ ਅਕਾਲ ਪੁਰਖ ਦੇ ਦਰ ਤੇ ਨਿਬੇੜਾ ਹੁੰਦਾ ਹੈ ਜਿਸ ਵਿਚ ਕੋਈ ਉਕਾਈ ਨਹੀਂ ਹੁੰਦੀ, ਕਿਉਂਕਿ ਨਿਆਂ ਕਰਨ ਵਾਲਾ ਅਕਾਲ ਪੁਰਖ ਆਪ ਸੱਚਾ ਹੈ, ਉਸਦਾ ਦਰਬਾਰ ਭੀ ਸੱਚਾ ਹੈ। ਉਸ ਦਰਬਾਰ ਵਿਚ ਸੰਤ ਜਨ ਪਰਤੱਖ ਤੌਰ 'ਤੇ ਸੋਭਦੇ ਹਨ, ਅਤੇ ਮਿਹਰ ਦੀ ਨਜ਼ਰ ਕਰਨ ਵਾਲੇ ਅਕਾਲ ਪੁਰਖ ਦੀ ਬਖਸ਼ਸ਼ ਨਾਲ ਉਹਨਾਂ ਸੰਤ ਜਨਾਂ ਦੇ ਮੱਥੇ ਉਤੇ ਵਡਿਆਈ ਦਾ ਨਿਸ਼ਾਨ ਚਮਕ ਪੈਂਦਾ ਹੈ। ਇੱਥੇ ਸੰਸਾਰ ਵਿਚ ਕਿਸੇ ਦਾ ਵੱਡਾ ਛੋਟਾ ਅਖਵਾਣਾ ਕਿਸੇ ਅਰਥ ਨਹੀਂ, ਇਹਨਾਂ ਦੀ ਕਚਿਆਈ ਪਕਿਆਈ ਅਕਾਲ ਪੁਰਖ ਦੇ ਦਰ ਤੇ ਜਾ ਕੇ ਮਲੂਮ ਹੁੰਦੀ ਹੈ। ਹੇ ਨਾਨਕ! ਅਕਾਲ ਪੁਰਖ ਦੇ ਦਰ 'ਤੇ ਗਿਆਂ ਹੀ ਸਮਝ ਅਉਂਦੀ ਹੈ ਕਿ ਅਸਲ ਵਿਚ ਕੌਣ ਪੱਕਾ ਹੈ ਤੇ ਕੌਣ ਕੱਚਾ।੩੪।

**ਨੋਟ:**–ਉੱਪਰ ਦੱਸੀ ਵਿਚਾਰ ਆਤਮਕ ਰਸਤੇ ਵਿਚ ਜੀਵ ਦੀ ਪਹਿਲੀ ਅਵਸਥਾ, ਜਿੱਥੇ ਇਹ ਆਪਣੇ ਫ਼ਰਜ਼ ਨੂੰ ਪਛਾਣਦਾ ਹੈ। ਇਸ ਆਤਮਕ ਅਵਸਥਾ ਦਾ ਨਾਮ '**ਧਰਮ ਖੰਡ**' ਹੈ।

**ਉਚਾਰਨ ਪਾਠ:**– ਰਾਤੀਂ, ਰੁਤੀਂ, ਥਿਤੀਂ, ਕਰਮੀਂ, ਗਇਆਂ, ਨੀਸ਼ਾਣੁ ਸ਼ਬਦ ਬਿੰਦੀ ਸਹਿਤ ਉਚਾਰਨ ਕਰਨੇ ਹਨ।

# ਚੌਂਤੀਵੀ ਪਉੜੀ ਦੀ ਸਿੱਖਿਆ

**ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥**
**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥**
**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ॥**
**ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥**
**ਤਿਥੈ ਸੋਹਨਿ ਪੰਚ ਪਰਵਾਣੁ॥ ਨਦਰੀ ਕਰਮਿ ਪਵੈ ਨੀਸਾਣੁ॥**
**ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ॥੩੪॥**

ਜਿਵੇਂ ਕਿ ਪੰਨਾ ਨੰਬਰ 103 ਤੇ ਦਿੱਤੇ ਹੋਏ ਅਰਥਾਂ ਵਿਚ ਆਪਾਂ ਪੜ੍ਹਿਆ ਹੈ ਕਿ ਇਹ ਧਰਤੀ ਧਰਮ ਕਮਾਉਣ ਦਾ ਅਸਥਾਨ ਹੈ ਅਤੇ ਆਪੋ ਆਪਣੇ ਕੀਤੇ ਹੋਏ ਕਰਮਾਂ ਦੇ ਅਨੁਸਾਰ ਅਕਾਲ ਪੁਰਖੁ ਦੇ ਦਰ ਤੇ ਨਿਬੇੜਾ ਹੁੰਦਾ ਹੈ।

ਇਸ ਸੰਸਾਰ ਵਿਚ ਕਿਸੇ ਮਨੁੱਖ ਦਾ ਵੱਡਾ ਜਾਂ ਛੋਟਾ ਅਖਵਾਉਣਾ ਕੋਈ ਮਾਇਨੇ ਨਹੀਂ ਰੱਖਦਾ। ਅਸਲ ਚੀਜ਼ ਜੋ ਮਾਇਨੇ ਰੱਖਦੀ ਹੈ ਉਹ ਇਹ ਹੈ ਕਿ ਅਕਾਲ ਪੁਰਖੁ ਦੇ ਦਰ ਤੇ ਜਾ ਕੇ ਹੀ ਪਤਾ ਲੱਗੇਗਾ ਕਿ ਕੌਣ ਮਨੁੱਖ ਅਸਲ ਵਿਚ ਵੱਡਾ ਹੈ ਜਾਂ ਛੋਟਾ ਹੈ ਅਰਥਾਤ ਉਸ ਦੇ ਦਰ ਤੇ ਗਿਆਂ ਹੀ ਸਮਝ ਆਉਂਦੀ ਹੈ ਕਿ ਅਸਲ ਵਿਚ ਕੌਣ ਪੱਕਾ ਹੈ ਤੇ ਕੌਣ ਕੱਚਾ ਹੈ।

**ਇਸ ਲਈ ਸਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ** ਅਸੀਂ ਕੋਈ ਵੀ ਅਜਿਹਾ ਕੰਮ ਨਾ ਕਰੀਏ ਜਿਸ ਨਾਲ ਸਾਨੂੰ ਅਕਾਲ ਪੁਰਖੁ ਦੀ ਦਰਗਾਹ ਤੇ ਜਾ ਕੇ ਸ਼ਰਮਿੰਦਾ ਹੋਣਾ ਪਵੇ ਕਿਉਂਕਿ ਅਕਾਲ ਪੁਰਖੁ ਦੀ ਦਰਗਾਹ ਤੇ ਪਹੁੰਚ ਕੇ ਹੀ ਇਹ ਫੈਸਲਾ ਹੋਣਾ ਹੈ ਕਿ ਅਸਲ ਵਿਚ ਪੱਕਾ ਕੌਣ ਹੈ ਤੇ ਕੱਚਾ ਕੌਣ ਹੈ?

**ਇਸ ਲਈ ਸਾਨੂੰ ਦੁਨੀਆ ਦੀ ਝੂਠੀ ਵਡਿਆਈ ਦੇ ਪਿਛੇ ਲੱਗ ਕੇ ਕੋਈ ਗਲਤ ਕੰਮ ਨਹੀਂ ਕਰਨਾ ਚਾਹੀਦਾ ਅਤੇ ਕੇਵਲ ਉਹੀ ਕੰਮ ਕਰਨੇ ਚਾਹੀਦੇ ਹਨ ਜਿਸਦੇ ਨਾਲ ਅਸੀਂ ਪਰਮਾਤਮਾ ਦੀ ਦਰਗਾਹ ਤੇ ਜਾ ਕੇ ਪਰਵਾਨ ਹੋ ਸਕੀਏ।**

ਯਥਾ:

**"ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ॥"**

**ਇਹ ਮਨੁੱਖਾ ਦੇਹੀ ਸਾਨੂੰ ਚੁਰਾਸੀ ਲੱਖ ਜੂਨਾਂ ਤੋਂ ਬਾਅਦ ਮਿਲੀ ਹੈ ਅਤੇ ਇਸ ਮਨੁੱਖਾ ਦੇਹੀ ਦੇ ਸੁਨਹਿਰੀ ਮੌਕੇ ਦਾ ਲਾਭ ਉਠਾਉਣਾ ਚਾਹੀਦਾ ਹੈ।**

**ਇਸ ਸੰਬੰਧ ਵਿਚ 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ, ਖੰਨੇ ਵਾਲੇ, ਅਕਸਰ ਇਹ ਗੱਲ ਕਿਹਾ ਕਰਦੇ ਸਨ ਕਿ ਮਨੁੱਖਾ ਦੇਹੀ ਦਾ ਮਿਲਣਾ ਇੰਝ ਸਮਝੋ ਜਿਵੇਂ ਕਿ ਇਹ ਸਾਡਾ Final Match ਹੋਵੇ।** ਇਸ ਤੋਂ ਪਹਿਲੇ ਸਾਡੇ ਕਈ Quarter-final Match ਹੋਏ, Semi-final Match ਹੋਏ ਅਤੇ ਉਨ੍ਹਾਂ ਤੋਂ ਬਾਅਦ ਸਾਨੂੰ ਪਰਮੇਸ਼ਰ ਨੇ ਕਿਰਪਾ ਕਰਕੇ ਮਨੁੱਖਾਂ ਦੇਹੀ ਦੇ ਕਿ ਹੁਣ Final Match ਵਿਚ ਪਹੁੰਚਾ ਦਿੱਤਾ ਹੈ ਅਤੇ

ਜੇ ਅਸੀਂ ਇਸ ਸੁਨਹਿਰੀ ਮੌਕੇ ਦਾ ਲਾਭ ਨਾਮ ਜਪ ਕੇ ਅਤੇ ਚੰਗੇ ਕੰਮ ਕਰਕੇ ਨਾ ਉਠਾਇਆ ਤਾਂ ਅਸੀਂ ਫਿਰ ਚੁਰਾਸੀ ਲੱਖ ਜੂਨਾਂ ਦੇ ਚੱਕਰ ਵਿਚ ਪੈ ਜਾਵਾਂਗੇ।

'ਵੀਰ ਜੀ' ਇਹ ਵੀ ਕਿਹਾ ਕਰਦੇ ਸਨ ਕਿ ਕਦੀ ਕਿਸੇ ਬੰਦੇ ਨੇ ਕਿਸੇ ਮੱਝ ਨੂੰ ਇਹ ਗੱਲ ਨਹੀਂ ਆਖੀ ਕਿ ਜੇ ਤੂੰ ਮੱਝ ਹੈ ਤਾਂ ਤੂੰ ਮੱਝ ਬਣ ਅਰਥਾਤ ਮੱਝ ਵਾਲੇ ਕੰਮ ਕਰ, ਕਿਸੇ ਕੁੱਤੇ ਨੂੰ ਇਹ ਨਹੀਂ ਕਿਹਾ ਕਿ ਜੇ ਤੂੰ ਕੁੱਤਾ ਹੈਂ ਤਾਂ ਤੂੰ ਕੁੱਤੇ ਵਾਲੇ ਕੰਮ ਕਰ।

ਸਾਰੇ ਜੀਵ ਆਪਣੀਆਂ ਆਪਣੀਆਂ ਜੂਨਾਂ ਵਿਚ ਉਨ੍ਹਾਂ ਦੇ ਮਿੱਥੇ ਹੋਏ ਕੰਮ ਬਿਨ੍ਹਾਂ ਕਿਸੇ ਸਿੱਖਿਆ ਤੋਂ ਕਰੀ ਜਾ ਰਹੇ ਹਨ ਪਰ ਹੈਰਾਨਗੀ ਦੀ ਗੱਲ ਇਹ ਹੈ ਕਿ ਇਸ ਬੰਦੇ ਨੂੰ ਇਹ ਗੱਲ ਭੁੱਲ ਹੀ ਗਈ ਕਿ ਜੇ ਮੈਂ ਬੰਦਾ ਹਾਂ ਤਾਂ ਮੈਂ ਬੰਦਿਆਂ ਵਾਲੇ ਕੰਮ ਕਰਨੇ ਹਨ। ਇਸੇ ਲਈ ਹੀ ਬੰਦੇ ਨੂੰ ਕਿਹਾ ਜਾਂਦਾ ਹੈ ਕਿ ਤੂੰ ਬੰਦਾ ਬਣ ਅਤੇ ਬੰਦਿਆਂ ਵਾਲੇ ਕੰਮ ਕਰ।

**ਇਸ ਲਈ ਅਸੀਂ ਇਹ ਗੱਲ ਯਾਦ ਰੱਖਣੀ ਹੈ ਕਿ ਜੇ ਅਸੀਂ ਬੰਦੇ ਹਾਂ ਤਾਂ ਅਸੀਂ ਬੰਦਗੀ ਕਰਨੀ ਹੈ ਅਤੇ ਨਾਲ ਨੇਕ ਕੰਮ ਕਰਨੇ ਹਨ ਤਾਂ ਹੀ ਜਾ ਕੇ ਅਸੀਂ ਪਰਮੇਸ਼ਰ ਦੀ ਦਰਗਾਹ ਤੇ ਕਬੂਲ ਹੋ ਸਕਾਂਗੇ।**

# ਪੈਂਤੀਵੀਂ ਪਉੜੀ

**ਧਰਮ ਖੰਡ ਕਾ ਏਹੋ ਧਰਮੁ॥ ਗਿਆਨ ਖੰਡ ਕਾ ਆਖਹੁ ਕਰਮੁ॥**
**ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥**
**ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥**
**ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥**
**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥**
**ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥**
**ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥**
**ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥**
**ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥**੩੫॥

**ਪਦ ਅਰਥ:- ਧਰਮੁ**-ਮੰਤਵ, ਕਰਤੱਬ। **ਆਖਹੁ**-ਵਰਣਨ ਕਰੋ, ਸਮਝ ਲਵੋ। **ਕਰਮੁ**-ਕੰਮ, ਕਰਤੱਬ। **ਏਹੋ**-ਇਹੀ ਜੋ ਉਪਰ ਦਸਿਆ ਗਿਆ ਹੈ। **ਕੇਤੇ**-ਬੇਅੰਤ। **ਵੈਸੰਤਰ**-ਅਗਨੀਆਂ। **ਮਹੇਸ**-ਕਈ ਸ਼ਿਵ। **ਬਰਮੇ**-ਕਈ ਬ੍ਰਹਮਾ। **ਘਾੜਤਿ ਘੜੀਅਹਿ**-ਘਾੜਤ ਵਿਚ ਘੜੇ ਜਾ ਰਹੇ ਹਨ। **ਕੇ ਵੇਸ**-ਕਈ ਵੇਸਾਂ ਦੇ। **ਕਰਮ ਭੂਮੀ**-ਕੰਮ ਕਰਨ ਦੀਆਂ ਭੂਮੀਆਂ, ਧਰਤੀਆਂ। **ਮੇਰ**-ਮੇਰੂ ਪਰਬਤ। **ਧੂ**-ਧ੍ਰੂ ਭਗਤ। **ਇੰਦ**-ਇੰਦਰ ਦੇਵਤੇ। **ਮੰਡਲ ਦੇਸ**-ਭਵਣ ਚਕੱਰ। **ਬੁਧ**-ਬੁਧ ਅਵਤਾਰ। **ਦੇਵੀ ਵੇਸ**-ਦੇਵੀਆਂ ਦੇ ਪਹਿਰਾਵੇ। **ਦਾਨਵ**-ਦੈਂਤ। **ਮੁਨਿ**-ਰਿਸ਼ੀ। **ਰਤਨ ਸੁਮੰਦ**-ਰਤਨ ਅਤੇ ਸਮੁੰਦਰ। **ਪਾਤ**-ਪਾਤਸ਼ਾਹ। **ਨਰਿੰਦ**-ਰਾਜੇ। **ਸੁਰਤੀ**-ਸੁਰਤਾਂ, ਲਿਵ।

**ਅਰਥ**:- ਧਰਮ ਖੰਡ ਦਾ ਨਿਰਾ ਇਹੀ ਕਰਤੱਬ ਹੈ, ਜੋ ਉੱਪਰ ਦੱਸਿਆ ਗਿਆ ਹੈ। ਹੁਣ ਗਿਆਨ ਖੰਡ ਦਾ ਕਰਤੱਬ ਭੀ ਸਮਝ ਲਵੋ ਜੋ ਅਗਲੀਆਂ ਤੁਕਾਂ ਵਿਚ ਹੈ।

ਅਕਾਲ ਪੁਰਖ ਦੀ ਰਚਨਾ ਵਿਚ ਕਈ ਪ੍ਰਕਾਰ ਦੇ ਪਉਣ, ਪਾਣੀ ਤੇ ਅਗਨੀਆਂ ਹਨ, ਕਈ ਕ੍ਰਿਸ਼ਨ ਹਨ ਤੇ ਕਈ ਸ਼ਿਵ ਹਨ। ਕਈ ਬ੍ਰਹਮੇ ਪੈਦਾ ਕੀਤੇ ਜਾ ਰਹੇ ਹਨ, ਜਿਨ੍ਹਾਂ ਦੇ ਕਈ ਰੂਪ, ਕਈ ਰੰਗ ਤੇ ਕਈ ਵੇਸ ਹਨ।

ਅਕਾਲ ਪੁਰਖ ਦੀ ਕੁਦਰਤਿ ਵਿਚ ਬੇਅੰਤ ਧਰਤੀਆਂ ਹਨ, ਬੇਅੰਤ ਮੇਰੂ ਪਰਬਤ, ਬੇਅੰਤ ਧ੍ਰੂ ਭਗਤ ਤੇ ਉਹਨਾਂ ਦੇ ਉਪਦੇਸ਼ ਹਨ। ਬੇਅੰਤ ਇੰਦਰ ਦੇਵਤੇ, ਚੰਦ੍ਰਮਾ, ਬੇਅੰਤ ਸੂਰਜ ਅਤੇ ਬੇਅੰਤ ਭਵਨ-ਚੱਕਰ ਹਨ। ਬੇਅੰਤ ਸਿੱਧ ਹਨ, ਬੇਅੰਤ ਬੁਧ ਅਵਤਾਰ ਹਨ, ਬੇਅੰਤ ਨਾਥ ਹਨ ਅਤੇ ਬੇਅੰਤ ਦੇਵੀਆਂ ਦੇ ਪਹਿਰਾਵੇ ਹਨ।

ਅਕਾਲ ਪੁਰਖ ਦੀ ਰਚਨਾ ਵਿਚ ਬੇਅੰਤ ਦੇਵਤੇ ਅਤੇ ਦੈਂਤ ਹਨ, ਬੇਅੰਤ ਮੁਨੀ ਹਨ, ਬੇਅੰਤ ਪਰਕਾਰ ਦੇ ਰਤਨ ਤੇ ਰਤਨਾਂ ਦੇ ਸਮੁੰਦਰ ਹਨ। ਜੀਵ-ਰਚਨਾ ਦੀਆਂ ਬੇਅੰਤ ਖਾਣੀਆਂ ਹਨ, ਜੀਵਾਂ ਦੀਆਂ ਬੋਲੀਆਂ ਭੀ ਚਾਰ ਨਹੀਂ ਬੇਅੰਤ ਬਾਣੀਆਂ ਹਨ, ਬੇਅੰਤ ਪਾਤਸ਼ਾਹ ਤੇ ਰਾਜੇ ਹਨ, ਬੇਅੰਤ ਪਰਕਾਰ ਦੇ ਧਿਆਨ ਹਨ ਜੋ ਜੀਵ ਮਨ ਦੁਆਰਾ ਲਾਂਦੇ ਹਨ, ਬੇਅੰਤ ਸੇਵਕ ਹਨ। ਹੇ ਨਾਨਕ ! ਕੋਈ ਅੰਤ ਨਹੀਂ ਪੈ ਸਕਦਾ ।

**ਨੋਟ:-** ਸਤਿਗੁਰੂ ਜੀ ਪਉੜੀ ਨੰ: ੩੪ ਤੋਂ ੩੭ ਤਾਈਂ ਮਨੁੱਖ ਦੀ ਆਤਮਕ ਅਵਸਥਾ ਦੇ ਪੰਜ ਹਿੱਸੇ ਦੱਸਦੇ ਹਨ: **ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸਚਖੰਡ**।

ਇਹਨਾਂ ਚਾਰ ਪਉੜੀਆਂ ਵਿਚ ਜ਼ਿਕਰ ਹੈ ਕਿ ਪ੍ਰਭੂ ਦੀ ਮਿਹਰ ਨਾਲ ਮਨੁੱਖ ਸਾਧਾਰਨ ਹਾਲਤ ਤੋਂ ਉੱਚਾ ਹੋ ਹੋ ਕੇ ਕਿਵੇਂ ਪ੍ਰਭੂ ਨਾਲ ਇੱਕ-ਰੂਪ ਹੋ ਜਾਂਦਾ ਹੈ। ਪਹਿਲਾਂ ਮਨੁੱਖ ਦੁਨੀਆ ਦੇ ਵਿਸ਼ੇ-ਵਿਕਾਰਾਂ ਵਲੋਂ ਪਰਤ ਕੇ 'ਆਤਮਾ' ਵੱਲ ਝਾਤੀ ਮਾਰਦਾ ਹੈ, ਤੇ ਇਹ ਸੋਚਦਾ ਹੈ ਕਿ ਮੇਰੇ ਜੀਵਨ ਦਾ ਕੀ ਪ੍ਰਯੋਜਨ ਹੈ, ਮੈਂ ਸੰਸਾਰ ਵਿਚ ਕਿਉਂ ਆਇਆ ਹਾਂ, ਮੇਰਾ ਕੀ ਫ਼ਰਜ਼ ਹੈ। ਇਸ ਅਵਸਥਾ ਵਿਚ ਮਨੁੱਖ ਇਹ ਵਿਚਾਰਦਾ ਹੈ ਕਿ ਇਸ ਧਰਤੀ ਉੱਤੇ ਜੀਵ ਧਰਮ ਕਮਾਉਣ ਲਈ ਆਏ ਹਨ। ਅਕਾਲ ਪੁਰਖ ਦੇ ਦਰ 'ਤੇ ਜੀਵਾਂ ਦੇ ਆਪੋ ਆਪਣੇ ਕੀਤੇ ਕਰਮਾਂ ਅਨੁਸਾਰ ਨਿਬੇੜਾ ਹੁੰਦਾ ਹੈ। ਜਿਨ੍ਹਾਂ ਗੁਰਮੁਖਾਂ ਉੱਤੇ ਅਕਾਲ ਪੁਰਖ ਦੀ ਬਖ਼ਸ਼ਸ਼ ਹੁੰਦੀ ਹੈ ਉਹ ਉਸ ਦੀ ਹਜ਼ੂਰੀ ਵਿਚ ਸੋਭਦੇ ਹਨ। ਇੱਥੇ ਦੁਨੀਆ ਵਿਚ ਆਦਰ ਜਾਂ ਨਿਰਾਦਰੀ ਕੋਈ ਮੁੱਲ ਨਹੀਂ ਰੱਖਦੇ, ਉਹੀ ਆਦਰ ਵਾਲੇ ਹਨ ਜੋ ਅਕਾਲ ਪੁਰਖ ਦੇ ਦਰ 'ਤੇ ਪ੍ਰਵਾਨ ਹਨ।

ਜਿਉਂ ਜਿਉਂ ਮਨੁੱਖ ਦੀ ਸੁਰਤਿ ਇਹੋ ਜਿਹੇ ਖ਼ਿਆਲਾਂ ਵਿਚ ਜੁੜਦੀ ਹੈ, ਤਿਉਂ ਤਿਉਂ ਉਸ ਅੰਦਰੋਂ 'ਸੁਆਰਥ' ਦੀ ਗੰਢ ਖੁਲ੍ਹਦੀ ਜਾਂਦੀ ਹੈ। ਮਨੁੱਖ ਪਹਿਲਾਂ ਮਾਇਆ ਵਿਚ ਮਸਤ ਰਹਿਣ ਕਰਕੇ ਆਪਣੇ ਆਪ ਨੂੰ ਜਾਂ ਆਪਣੇ ਪ੍ਰਵਾਰ ਨੂੰ ਹੀ 'ਆਪਣਾ' ਜਾਣਦਾ ਸੀ ਤੇ ਇਹਨਾਂ ਤੋਂ ਪਰੇ ਹੋਰ ਕਿਸੇ ਵਿਚਾਰ ਵਿਚ ਨਹੀਂ ਸੀ ਪੈਂਦਾ, ਹੁਣ ਆਪਣਾ '**ਧਰਮ**' ਸਮਝਣ ਤੇ ਆਪਣੀ ਵਾਕਫ਼ੀਅਤ ਨੂੰ ਵਧਾਣ ਦਾ ਜਤਨ ਕਰਦਾ ਹੈ। ਵਿੱਦਿਆ ਤੇ ਵਿਚਾਰ ਦੇ ਬਲ ਨਾਲ ਅਕਾਲ ਪੁਰਖ ਦੀ ਬੇਅੰਤ ਕੁਦਰਤ ਦਾ ਨਕਸ਼ਾ ਅੱਖਾਂ ਅੱਗੇ ਲਿਆਉਣ ਲੱਗ ਪੈਂਦਾ ਹੈ। ਗਿਆਨ ਦੀ ਹਨੇਰੀ ਆ ਜਾਂਦੀ ਹੈ, ਜਿਸ ਦੇ ਅੱਗੇ ਸਭ ਭਰਮ-ਵਹਿਮ ਉੱਡ ਜਾਂਦੇ ਹਨ। ਜਿਉਂ ਜਿਉਂ ਅੰਦਰ ਵਿੱਦਿਆ ਦੁਆਰਾ ਸਮਝ ਵਧਦੀ ਹੈ, ਤਿਉਂ ਤਿਉਂ ਉਹ ਆਨੰਦ ਮਿਲਦਾ ਹੈ, ਜੋ ਪਹਿਲਾਂ ਮਾਇਆ ਦੇ ਪਦਾਰਥਾਂ ਵਿਚ ਨਹੀਂ ਸੀ ਮਿਲਦਾ। ਆਤਮਕ ਪੈਂਡੇ ਵਿਚ ਇਸ ਅਵਸਥਾ ਦਾ ਨਾਮ '**ਗਿਆਨ ਖੰਡ**' ਹੈ।

ਪਰ ਇਸ ਰਾਹੇ ਪੈ ਕੇ ਮਨੁੱਖ ਨਿਰਾ ਇਥੇ ਹੀ ਬੱਸ ਨਹੀਂ ਕਰ ਦੇਂਦਾ। ਬਾਣੀ ਦੀ ਵਿਚਾਰ ਉਸ ਨੂੰ ਉੱਦਮ ਵੱਲ ਪ੍ਰੇਰਦੀ ਹੈ। ਨਿਰਾ ਅਕਲ ਨਾਲ ਸਮਝ ਲੈਣਾ ਕਾਫੀ ਨਹੀਂ। ਮਨ ਦਾ ਪਹਿਲਾ ਸੁਭਾਉ, ਪਹਿਲੀਆਂ ਭੈੜੀਆਂ ਵਾਦੀਆਂ ਨਿਰੀ 'ਸਮਝ' ਨਾਲ ਨਹੀਂ ਹਟ ਸਕਦੀਆਂ। ਇਸ ਪਹਿਲੀ ਘਾੜਤ ਨੂੰ, ਇਹਨਾਂ ਪਹਿਲੇ ਸੰਸਕਾਰਾਂ ਨੂੰ ਤੋੜ ਕੇ, ਅੰਦਰ ਨਵੀਂ ਘਾੜਤ ਘੜਨੀ ਹੈ, ਅੰਦਰ ਉੱਚੀ ਸੁਰਤ ਵਾਲੇ ਨਵੇਂ ਸੰਸਕਾਰ ਜਮਾਣੇ ਹਨ। ਅੰਮ੍ਰਿਤ ਵੇਲੇ ਜਾਗਣਾ ਆਦਿਕ— ਇਹ ਮਿਹਨਤ ਕਰਨੀ ਹੈ। ਗਿਆਨ ਖੰਡ ਵਿਚ ਅੱਪੜਿਆ ਹੋਇਆ ਮਨੁੱਖ ਜਿਉਂ ਜਿਉਂ ਇਹ ਮਿਹਨਤ ਕਰਦਾ ਹੈ, ਜਿਉਂ ਜਿਉਂ ਗੁਰਮਤਿ ਵਾਲੀ ਨਵੀਂ ਘਾਲ ਘਾਲਦਾ ਹੈ, ਤਿਉਂ ਤਿਉਂ ਉਹਦੇ ਮਨ ਨੂੰ , ਮਾਨੋ, ਸੋਹਣਾ ਰੂਪ ਚੜ੍ਹਦਾ ਹੈ, ਕਾਇਆਂ ਕੰਚਨ ਵਰਗੀ ਹੋਣ ਲੱਗ ਪੈਂਦੀ ਹੈ, ਚਵੱਗਣ ਵੰਨ ਚੜ੍ਹਨ ਲੱਗ ਜਾਂਦਾ ਹੈ। ਉੱਚੀ ਸੁਰਤ ਤੇ ਉੱਚੀ ਅਕਲ ਹੋ ਜਾਂਦੀ ਹੈ, ਮਨ ਵਿਚ ਜਾਗ ਆ ਜਾਂਦੀ ਹੈ। ਮਨੁੱਖ ਨੂੰ ਦੇਵਤਿਆਂ ਤੇ ਸਿੱਧਾਂ ਵਾਲੀ ਸੋਝੀ ਪੈ ਜਾਂਦੀ ਹੈ। ਇਹ '**ਸਰਮ ਖੰਡ**' ਹੈ।

ਬੱਸ, ਫੇਰ ਕੀ ਹੈ! ਮਾਲਕ ਦੀ ਮਿਹਰ ਹੋ ਜਾਂਦੀ ਹੈ। ਅੰਦਰ ਅਕਾਲ ਪੁਰਖ ਬਲ ਭਰ ਦੇਂਦਾ ਹੈ, ਆਤਮਾ ਵਿਕਾਰਾਂ ਵੰਨੀ ਡੋਲਦੀ ਨਹੀਂ। ਬਾਹਰ ਭੀ ਸਭ ਥਾਈਂ ਉਹੀ ਸਿਰਜਨਹਾਰ ਹੀ ਦਿੱਸਦਾ ਹੈ, ਮਨ ਸਦਾ ਨਿਰੰਕਾਰ ਦੀ ਯਾਦ ਵਿਚ ਪਰੋਤਾ ਰਹਿੰਦਾ ਹੈ। ਉਹਨਾਂ ਨੂੰ ਫੇਰ ਜੰਮਣ ਮਰਨ ਦਾ ਭਉ ਕਾਹਦਾ? ਉਹਨਾਂ ਦੇ ਮਨ ਵਿਚ ਸਦਾ ਖਿੜਾਉ ਹੀ ਖਿੜਾਉ ਰਹਿੰਦਾ ਹੈ। ਇਹ

'**ਕਰਮ ਖੰਡ**' ਹੈ।

ਅਕਾਲ ਪੁਰਖ ਦੀ ਮਿਹਰ ਦੇ ਪਾਤਰ ਬਣ ਕੇ ਆਖ਼ਰ ਪੰਜਵੇਂ ਖੰਡ '**ਸਚਖੰਡ**' ਵਿਚ ਜਾ ਨਿਵਾਸ ਹੁੰਦਾ ਹੈ, ਭਾਵ ਅਕਾਲ ਪੁਰਖ ਨਾਲ ਇਕ-ਮਿਕ ਹੋ ਜਾਂਦੇ ਹਨ। ਧੁਰ ਉਸ ਜੋਤਿ ਦੀ ਹਜ਼ੂਰੀ ਵਿਚ ਅੱਪੜ ਜਾਂਦੇ ਹਨ, ਜੋ ਸਾਰੇ ਜੀਆਂ ਦੀ ਸੰਭਾਲ ਕਰ ਰਿਹਾ ਹੈ ਅਤੇ ਜਿਸ ਦਾ ਹੁਕਮ ਸਾਰੇ ਪਾਸੇ ਵਰਤ ਰਿਹਾ ਹੈ।

**ਉਚਾਰਨ ਪਾਠ:-** ਘੜੀਅਹਿੰ, ਕੇਤੀਆਂ, ਭੂਮੀਂ, ਦੇਵੀਂ, ਸੁਰਤੀਂ ਸ਼ਬਦਾਂ ਦਾ ਉਚਾਰਨ ਬਿੰਦੀ ਸਹਿਤ ਕਰਨਾ ਹੈ। ਕਾਨ ਦਾ ਉਚਾਰਨ ਕਾਨ੍ਹ ਕਰਨਾ ਹੈ। ਇਸ ਪਉੜੀ ਵਿਚ ਲਾਏ ਹੋਏ ਬਿਸਰਾਮਾਂ ਅਨੁਸਾਰ ਪਾਠ ਕਰਨਾ ਹੈ। ਕੇਤੇ ਕੇਤੇ ਇਕੱਠਾ ਉਚਾਰਨ ਕਰਨਾ ਗਲਤ ਹੈ।

# ਪੈਂਤੀਵੀ ਪਉੜੀ ਦੀ ਸਿੱਖਿਆ

**ਧਰਮ ਖੰਡ ਕਾ ਏਹੋ ਧਰਮੁ॥ ਗਿਆਨ ਖੰਡ ਕਾ ਆਖਹੁ ਕਰਮੁ॥**
**ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥**
**ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥**
**ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥**
**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥**
**ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥**
**ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥**
**ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥**
**ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥੩੫॥**

ਇਸ ਪਉੜੀ ਦੇ ਅਰਥ ਵਿਸਥਾਰ ਨਾਲ ਪੰਨਾ ਨੰਬਰ 106 ਤੇ ਦਿੱਤੇ ਜਾ ਚੁੱਕੇ ਹਨ।

ਮਨੁੱਖਾ ਜਨਮ ਦੇ ਫ਼ਰਜ਼ ('ਧਰਮ') ਦੀ ਸਮਝ ਪਿਆਂ ਮਨੁੱਖ ਦਾ ਮਨ ਬੜਾ ਵਿਸ਼ਾਲ ਹੋ ਜਾਂਦਾ ਹੈ। ਪਹਿਲਾਂ ਇਕ ਨਿੱਕੇ ਜਿਹੇ ਟੱਬਰ ਦੇ ਸੁਆਰਥ ਵਿਚ ਬੱਝਾ ਹੋਇਆ ਇਹ ਜੀਵ ਬਹੁਤ ਤੰਗ-ਦਿਲ ਸੀ ਅਤੇ ਸਿਰਫ ਆਪਣੇ ਪਰਿਵਾਰ ਨੂੰ ਹੀ ਪਿਆਰ ਕਰਦਾ ਸੀ। ਹੁਣ ਉਸ ਦੇ 'ਗਿਆਨ ਖੰਡ' ਵਿਚ ਪ੍ਰਵੇਸ਼ ਕਰਨ ਤੋਂ ਬਾਅਦ ਇਹ ਗਿਆਨ ਹੋ ਜਾਂਦਾ ਹੈ ਕਿ ਬੇਅੰਤ ਪ੍ਰਭੂ ਦਾ ਪੈਦਾ ਕੀਤਾ ਹੋਇਆ ਇਹ ਬੇਅੰਤ ਜਗਤ ਇੱਕ ਵੱਡਾ ਟੱਬਰ ਹੈ ਤਾਂ ਉਹ ਤੰਗ ਦਿਲੀ ਨੂੰ ਤਿਆਗ ਕੇ ਸਾਰਿਆਂ ਨੂੰ ਓਨਾ ਹੀ ਪਿਆਰ ਕਰਨ ਲਗ ਜਾਂਦਾ ਹੈ ਜਿੰਨਾ ਕਿ ਉਹ ਆਪਣੇ ਪਰਿਵਾਰ ਨੂੰ ਕਰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਮੋਹ ਨੂੰ ਖੂਹ, ਚਿਕੜ ਜਾਲ, ਫਾਹੀ ਦੀ ਰੱਸੀ, ਮਹਾਂਸਾਗਰ ਅਤੇ ਨੀਂਦਰ ਨਾਲ ਤਸ਼ਬੀਹ ਦਿਤੀ ਹੈ। 'ਮੋਹ' ਨੂੰ ਵਿਕਾਰ ਗਿਣਿਆ ਜਾਂਦਾ ਹੈ ਕਿਉਂਕਿ ਇਸ ਵਿਚ ਜੀਵ ਤੰਗ ਦਿਲੀ ਦੇ ਅਧੀਨ ਕੇਵਲ ਆਪਣੇ ਪਰਿਵਾਰ ਨੂੰ ਹੀ ਪਿਆਰ ਕਰਦਾ ਹੈ। ਇਸ ਤੰਗ ਦਿਲੀ ਵਾਲੇ ਵਿਕਾਰ ਨੂੰ ਬਦਲ ਕੇ ਮਨੁੱਖ ਨੇ ਇਸ ਨੂੰ "ਪਿਆਰ" ਅਤੇ "ਸਦ ਭਾਵਨਾ" ਵਾਲਾ ਸ਼ੁੱਭ ਗੁਣ ਬਣਾਉਣਾ ਹੈ ਅਤੇ ਇਹੀ ਹੈ ਸੱਚਾ ਗਿਆਨ ਜੋ ਸਾਨੂੰ ਅਕਾਲ ਪੁਰਖੁ ਦੇ ਨੇੜੇ ਲੈ ਕੇ ਜਾਏਗਾ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਸਾਰੇ ਜਗਤ ਨੂੰ ਉਸ ਪਰਮਾਤਮਾ ਦੀ ਅੰਸ਼ ਸਮਝਦਿਆਂ ਹੋਇਆਂ ਬਿਨਾਂ ਕਿਸੇ ਭੇਦ ਭਾਵ ਦੇ ਉਤਨਾ ਹੀ ਪਿਆਰ ਕਰਨਾ ਹੈ ਜਿੰਨਾ ਅਸੀਂ ਆਪਣੇ ਪਰਿਵਾਰ ਨੂੰ ਕਰਦੇ ਹਾਂ।**

# ਛੱਤੀਵੀਂ ਪਉੜੀ

**ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥**
**ਤਿਥੈ ਨਾਦ ਬਿਨੋਦ ਕੋਡ ਅਨੰਦੁ ॥**
**ਸਰਮ ਖੰਡ ਕੀ ਬਾਣੀ ਰੂਪੁ ॥**
**ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥**
**ਤਾ ਕੀਆ ਗਲਾ ਕਥੀਆ ਨਾ ਜਾਹਿ ॥**
**ਜੇ ਕੋ ਕਹੈ ਪਿਛੈ ਪਛੁਤਾਇ ॥**
**ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥**
**ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥**

**ਪਦ ਅਰਥ:-** **ਮਹਿ**-ਵਿਚ। **ਪਰਚੰਡੁ**-ਬਲਵਾਨ। **ਨਾਦ**-ਰਾਗ। **ਬਿਨੋਦ**-ਤਮਾਸ਼ੇ। **ਕੋਡ**-ਕੌਤਕ। **ਅਨੰਦੁ**-ਸੁਆਦ। **ਸਰਮ ਖੰਡ ਕੀ**-ਉੱਦਮ ਅਵਸਥਾ ਦੀ । **ਬਾਣੀ**-ਬਨਾਵਟ। **ਰੂਪੁ**-ਸੁੰਦਰਤਾ। **ਘਾੜਤਿ ਘੜੀਐ**-ਘਾੜਤ ਵਿਚ ਘੜਿਆ ਜਾਂਦਾ ਹੈ। **ਬਹੁਤੁ ਅਨੂਪੁ**-ਬਹੁਤ ਸੋਹਣਾ। **ਤਾ ਕੀਆ**-ਉਸ ਅਵਸਥਾ ਦੀਆਂ। **ਕਥੀਆ ਨ ਜਾਹਿ**-ਕਹੀਆਂ ਨਹੀਂ ਜਾ ਸਕਦੀਆਂ। **ਕੋ**-ਕੋਈ ਮਨੁੱਖ। **ਕਹੈ**-ਬਿਆਨ ਕਰੇ। **ਪਿਛੈ**-ਦੱਸਣ ਤੋਂ ਪਿੱਛੋਂ। **ਪਛੁਤਾਇ**-ਪਛੁਤਾਉਂਦਾ ਹੈ। **ਘੜੀਐ**-ਘੜੀ ਜਾਂਦੀ ਹੈ। **ਮਨਿ ਬੁਧਿ**-ਮਨ ਵਿਚ ਜਾਗ੍ਰਤ। **ਸੁਰਾ ਕੀ ਸੁਧਿ**-ਦੇਵਤਿਆਂ ਦੀ ਸੂਝ। **ਸਿਧਾ ਕੀ ਸੁਧਿ**-ਸਿੱਧਾਂ ਵਾਲੀ ਅਕਲ।੩੬।

**ਅਰਥ:-** ਗਿਆਨ ਖੰਡ ਵਿਚ (ਭਾਵ, ਮਨੁੱਖ ਦੀ ਗਿਆਨ ਅਵਸਥਾ ਵਿਚ) ਗਿਆਨ ਹੀ ਬਲਵਾਨ ਹੁੰਦਾ ਹੈ। ਇਸ ਅਵਸਥਾ ਵਿਚ (ਮਾਨੋ) ਸਭ ਰਾਗਾਂ, ਤਮਾਸ਼ਿਆਂ ਤੇ ਕੌਤਕਾਂ ਦਾ ਸੁਆਦ ਆ ਜਾਂਦਾ ਹੈ। ਉੱਦਮ ਅਵਸਥਾ ਦੀ ਬਨਾਵਟ ਸੁੰਦਰਤਾ ਹੈ; ਭਾਵ, ਇਸ ਅਵਸਥਾ ਵਿਚ ਆ ਕੇ ਮਨ ਦਿਨੋ ਦਿਨ ਸੋਹਣਾ ਬਣਨਾ ਸ਼ੁਰੂ ਹੋ ਜਾਂਦਾ ਹੈ। ਇਸ ਅਵਸਥਾ ਵਿਚ ਨਵੀਂ ਘਾੜਤ ਦੇ ਕਾਰਨ ਮਨ ਬਹੁਤ ਸੋਹਣਾ ਘੜਿਆ ਜਾਂਦਾ ਹੈ। ਉਸ ਅਵਸਥਾ ਦੀਆਂ ਗੱਲਾਂ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ। ਜੇ ਕੋਈ ਮਨੁੱਖ ਬਿਆਨ ਕਰਦਾ ਹੈ, ਤਾਂ ਪਿੱਛੋਂ ਪਛੁਤਾਉਂਦਾ ਹੈ ਕਿਉਂਕਿ ਉਹ ਬਿਆਨ ਕਰਨ ਦੇ ਅਸਮਰਥ ਰਹਿੰਦਾ ਹੈ। ਉਸ ਮਿਹਨਤ ਵਾਲੀ ਅਵਸਥਾ ਵਿਚ ਮਨੁੱਖ ਦੀ ਸੁਰਤਿ ਤੇ ਮਤ ਘੜੀ ਜਾਂਦੀ ਹੈ, ਭਾਵ, ਸੁਰਤ ਤੇ ਮਤ ਉੱਚੀ ਹੋ ਜਾਂਦੀ ਹੈ ਅਤੇ ਮਨ ਵਿਚ ਜਾਗ੍ਰਤ ਪੈਦਾ ਹੋ ਜਾਂਦੀ ਹੈ। ਸਰਮ ਖੰਡ ਵਿਚ ਦੇਵਤਿਆਂ ਤੇ ਸਿੱਧਾਂ ਵਾਲੀ ਅਕਲ ਮਨੁੱਖ ਦੇ ਅੰਦਰ ਬਣ ਜਾਂਦੀ ਹੈ ।੩੬।

**ਉਚਾਰਨ ਪਾਠ:-** ਮਹਿਂ, ਤਾਂ, ਕੀਆਂ, ਗਲਾਂ, ਕਥੀਆਂ, ਜਾਹਿਂ, ਸਿਧਾਂ ਸ਼ਬਦ ਬਿੰਦੀ ਸਹਿਤ ਉਚਾਰਨੇ ਹਨ।

# ਛੱਤੀਵੀਂ ਪਉੜੀ ਦੀ ਸਿੱਖਿਆ

**ਗਿਆਨ ਖੰਡ ਮਹਿ ਗਿਆਨੁ ਪਰਚੰਡੁ॥**
**ਤਿਥੈ ਨਾਦ ਬਿਨੋਦ ਕੋਡ ਅਨੰਦੁ॥**
**ਸਰਮ ਖੰਡ ਕੀ ਬਾਣੀ ਰੂਪੁ॥**
**ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥**
**ਤਾ ਕੀਆ ਗਲਾ ਕਥੀਆ ਨਾ ਜਾਹਿ॥**
**ਜੇ ਕੋ ਕਹੈ ਪਿਛੈ ਪਛੁਤਾਇ॥**
**ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥**
**ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥੩੬॥**

ਇਸ ਪਉੜੀ ਦੇ ਅਰਥ ਪੰਨਾ ਨੰਬਰ 110 ਤੇ ਦਿੱਤੇ ਜਾ ਚੁੱਕੇ ਹਨ।

ਜਿਵੇਂ ਸੰਸਾਰ ਵਿਚ ਆਪਾਂ ਕੋਈ ਵੀ ਚੀਜ ਪ੍ਰਾਪਤ ਕਰਨੀ ਹੋਵੇ ਤਾਂ ਸਾਨੂੰ ਸਖਤ ਮਿਹਨਤ, ਉੱਦਮ ਦੀ ਲੋੜ ਹੁੰਦੀ ਹੈ, ਉਵੇਂ ਹੀ ਅਧਿਆਤਮਕਵਾਦ ਵਿਚ ਵੀ ਮਿਹਨਤ ਦੀ ਲੋੜ ਹੈ। ਇਹ ਮਿਹਨਤ ਸਰੀਰਕ ਮਿਹਨਤ ਨਹੀਂ ਬਲਕਿ ਮਨ ਦੇ ਸੁਭਾਅ ਨੂੰ ਬਦਲਣ ਦੀ ਮਿਹਨਤ ਹੈ।

ਇਸ ਸੰਬੰਧ ਵਿਚ ਭਗਤ ਕਬੀਰ ਜੀ ਦਾ ਵੀ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ਼ ਹੈ ਕਿ ਸਾਡਾ ਸਾਰਾ ਅਧਿਆਤਮਕਵਾਦ ਦਾ ਕੰਮ ਕੇਵਲ ਤੇ ਕੇਵਲ ਮਨ ਨਾਲ ਜੁੜਿਆ ਹੈ।ਯਥਾ:

**"ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥**
**ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥**
**ਇਹੁ ਮਨੁ ਸਕਤੀ ਇਹੁ ਮਨੁ ਸੀਉ॥**
**ਇਹੁ ਮਨੁ ਪੰਚ ਤਤ ਕੋ ਜੀਉ॥**
**ਇਹੁ ਮਨੁ ਲੇ ਜਉ ਉਨਮਨਿ ਰਹੈ॥**
**ਤਉ ਤੀਨਿ ਲੋਕ ਕੀ ਬਾਤੈ ਕਹੈ॥" (ਅੰਗ:342)**

**ਇਸ ਲਈ ਪਰਮਾਤਮਾ ਨਾਲ ਪਈ ਹੋਈ ਸਾਡੀ ਵਿੱਥ ਨੂੰ ਖਤਮ ਕਰਨ ਲਈ ਜਿਹੜਾ ਅਸੀਂ ਉਦਮ ਕਰਨਾ ਹੈ ਉਹ ਮਨ ਦੀ ਘਾੜਤ ਨੂੰ ਘੜਨ ਲਈ ਹੀ ਕਰਨਾ ਹੈ।**

ਜਿਵੇਂ ਪਾਣੀ ਦਾ ਸੁਭਾਅ ਹੈ ਕਿ ਉਹ ਨੀਵੇਂ ਪਾਸੇ ਵੱਲ ਜਾਂਦਾ ਹੈ, ਇਸੇ ਤਰ੍ਹਾਂ ਸਾਡੇ ਮਨ ਦਾ ਸੁਭਾਅ ਹੈ ਕਿ ਜੇ ਇਸ ਨੂੰ ਗੁਰੂ ਦੀ ਸਿੱਖਿਆ ਪ੍ਰਾਪਤ ਨਾ ਹੋਵੇ ਤਾਂ ਇਹ ਨੀਵੀਆਂ ਸੋਚਾਂ ਸੋਚਦਾ ਰਹਿੰਦਾ ਹੈ। ਜਿਵੇਂ ਪਾਣੀ ਨੂੰ ਉੱਚਾ ਚੁੱਕਣ ਲਈ ਮੋਟਰ ਦੀ ਜ਼ਰੂਰਤ ਹੈ ਉਵੇਂ ਹੀ ਸੁਰਤ, ਮੱਤ, ਮਨ, ਅਤੇ ਬੁਧ ਨੂੰ ਉੱਚਾ ਚੁੱਕਣ ਲਈ ਗੁਰੂ ਦੇ ਸ਼ਬਦ ਦੀ ਲੋੜ ਹੈ। ਇਸੇ ਲਈ ਹੀ ਗੁਰੂ ਸਾਹਿਬ ਨੇ

ਜਪੁ ਜੀ ਸਾਹਿਬ ਦੀ ਅਠੱਤੀਵੀਂ ਪਉੜੀ ਵਿਚ ਇਹ ਗੱਲ ਦ੍ਰਿੜ ਕਰਵਾਈ ਹੈ ਕਿ ਅਸੀਂ ਆਪਣੀ ਮੱਤ ਨੂੰ ਅਹਰਣਿ ਬਣਾ ਕੇ ਉਸ ਉੱਤੇ ਰੱਬੀ ਗਿਆਨ ਦਾ ਹਥੌੜਾ ਚਲਾਉਂਦੇ ਰਹਿਣਾ ਹੈ ਤਾਂ ਹੀ ਸਾਡੇ ਮਨ ਦੀ ਘਾੜਤ ਘੜੀ ਜਾਵੇਗੀ। ਯਥਾ:

**"ਅਹਰਣਿ ਮਤਿ ਵੇਦੁ ਹਥੀਆਰੁ॥"**

ਇਸ ਸਬੰਧ ਵਿੱਚ ਭਗਤ ਕਬੀਰ ਜੀ ਦਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਉਂਦਾ ਹੈ :-

**"ਚਲੁ ਰੇ ਬੈਕੁੰਠ ਤੁਝਹਿ ਲੇ ਤਾਰਉ॥**
**ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ॥" (ਅੰਗ: 329)**

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਜੇ ਅਸੀਂ ਆਪਣੇ ਅੰਦਰੋਂ ਕੂੜ ਦੀ ਕੰਧ ਤੋੜਨਾ ਚਾਹੁੰਦੇ ਹਾਂ ਤਾਂ ਸਾਨੂੰ ਮਨ ਦੀ ਘਾੜਤ "ਸ਼ਬਦ ਗੁਰੂ" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਸੇ ਹੋਏ ਸਿਧਾਂਤਾਂ ਅਨੁਸਾਰ ਘੜਣੀ ਪਵੇਗੀ ਅਤੇ ਅਸੀਂ ਇਸ ਤਰੀਕੇ ਨਾਲ ਆਪਣੇ ਅੰਦਰੋਂ ਕੂੜ ਦੀ ਕੰਧ ਨੂੰ ਤੋੜਨ ਵਿਚ ਸਫਲਤਾ ਪ੍ਰਾਪਤ ਕਰ ਲਵਾਂਗੇ ।**

# ਸੈਂਤੀਵੀਂ ਪਉੜੀ

**ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥**
**ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥**
**ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ॥**
**ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨਿ ਮਾਹਿ॥**
**ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥**
**ਸਚ ਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥**
**ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ॥**
**ਤਿਥੈ ਲੋਅ ਲੋਅ ਆਕਾਰ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥**
**ਵੇਖੈ ਵਿਗਸੈ ਕਰਿ ਵੀਚਾਰੁ॥ ਨਾਨਕ ਕਥਨਾ ਕਰੜਾ ਸਾਰੁ॥੩੭॥**

**ਪਦ ਅਰਥ:-** **ਕਰਮ**-ਬਖਸ਼ਸ਼ । **ਬਾਣੀ**-ਬਨਾਵਟ। **ਜੋਰੁ**-ਬਲ, ਤਾਕਤ। **ਹੋਰੁ**-ਅਕਾਲ ਪੁਰਖ ਤੋਂ ਬਿਨਾ ਕੋਈ ਦੂਜਾ। **ਜੋਧ**-ਜੋਧੇ। **ਮਹਾਬਲ**-ਵੱਡੇ ਬਲ ਵਾਲੇ। **ਸੂਰ**-ਸੂਰਮੇ। **ਤਿਨ ਮਹਿ**-ਉਹਨਾਂ ਵਿਚ। **ਰਾਮੁ**-ਅਕਾਲ ਪੁਰਖ। **ਰਹਿਆ ਭਰਪੂਰ**-ਨਕੋ-ਨਕ ਭਰਿਆ ਹੋਇਆ ਹੈ। **ਸੀਤੋ ਸੀਤਾ**-ਪੂਰਨ ਤੌਰ 'ਤੇ ਸੀਤਾ ਹੋਇਆ ਹੈ। **ਨਾ ਮਰਹਿ**-ਆਤਮਕ ਮੌਤ ਮਰਦੇ ਨਹੀਂ ਹਨ। **ਨ ਠਾਗੇ ਜਾਹਿ**-ਮਾਇਆ ਦੁਆਰਾ ਠੱਗੇ ਨਹੀਂ ਜਾ ਸਕਦੇ। **ਵਸਹਿ**-ਵੱਸਦੇ ਹਨ। **ਕੇ ਲੋਅ**-ਕਈ ਭਵਨਾਂ ਦੇ। **ਸਚਾ ਸੋਇ**-ਉਹ ਸੱਚਾ ਹਰੀ। **ਸਚ ਖੰਡਿ**-ਸਚ ਖੰਡ ਵਿਚ । **ਕਰਿ ਕਰਿ**-ਸ੍ਰਿਸ਼ਟੀ ਰਚ ਕੇ । **ਨਦਰਿ ਨਿਹਾਲ**-ਨਿਹਾਲ ਕਰਨ ਵਾਲੀ ਨਜ਼ਰ ਨਾਲ । **ਵੇਖੈ**-ਵੇਖਦਾ ਹੈ, ਸੰਭਾਲ ਕਰਦਾ ਹੈ। **ਵਰਭੰਡ**— ਬ੍ਰਹਿਮੰਡ । **ਲੋਅ ਲੋਅ**-ਕਈ ਭਵਨ । **ਵਿਗਸੈ**-ਖ਼ੁਸ਼ ਹੁੰਦਾ ਹੈ। **ਕਰਿ ਵੀਚਾਰੁ**-ਵੀਚਾਰ ਕਰ ਕੇ। **ਕਥਨਾ**-ਬਿਆਨ ਕਰਨਾ । **ਸਾਰੁ**-ਲੋਹਾ। **ਕਰੜਾ ਸਾਰੁ**-ਕਰੜਾ ਜਿਵੇਂ ਲੋਹਾ ਹੈ ।

**ਅਰਥ:** ਬਖ਼ਸ਼ਸ਼ ਵਾਲੀ ਅਵਸਥਾ ਦੀ ਬਨਾਵਟ ਬੱਲ ਹੈ, ਭਾਵ, ਜਦੋਂ ਮਨੁੱਖ ਉੱਤੇ ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਹੁੰਦੀ ਹੈ, ਤਾਂ ਉਸ ਦੇ ਅੰਦਰ ਅਜਿਹਾ ਬੱਲ ਪੈਦਾ ਹੁੰਦਾ ਹੈ ਕਿ ਵਿਸ਼ੇ-ਵਿਕਾਰ ਉਸ ਉੱਤੇ ਆਪਣਾ ਪਰਭਾਵ ਨਹੀਂ ਪਾ ਸਕਦੇ, ਕਿਉਂਕਿ ਉਸ ਅਵਸਥਾ ਵਿਚ ਮਨੁੱਖ ਦੇ ਅੰਦਰ ਅਕਾਲ ਪੁਰਖ ਤੋਂ ਬਿਨਾ ਕੋਈ ਦੂਜਾ ਉੱਕਾ ਹੀ ਨਹੀਂ ਰਹਿੰਦਾ। ਉਸ ਅਵਸਥਾ ਵਿਚ ਜੋ ਮਨੁੱਖ ਹਨ ਉਹ ਜੋਧੇ, ਮਹਾਂਬਲੀ ਤੇ ਸੂਰਮੇ ਹਨ, ਉਹਨਾਂ ਦੇ ਰੋਮ ਰੋਮ ਵਿਚ ਅਕਾਲ ਪੁਰਖ ਵੱਸ ਰਿਹਾ ਹੈ। ਉਸ ਬਖ਼ਸ਼ਸ਼ ਅਵਸਥਾ ਵਿਚ ਅੱਪੜੇ ਹੋਏ ਮਨੁੱਖਾਂ ਦਾ ਮਨ ਨਿਰੋਲ ਅਕਾਲ ਪੁਰਖ ਦੀ ਵਡਿਆਈ ਵਿਚ ਪਰੋਤਾ ਰਹਿੰਦਾ ਹੈ, ਉਹਨਾਂ ਦੇ ਸਰੀਰ ਅਜਿਹੇ ਕੰਚਨ (ਸੋਨੇ) ਦੀ ਵੰਨੀ ਵਾਲੇ ਹੋ ਜਾਂਦੇ ਹਨ ਕਿ ਉਹਨਾਂ ਦੇ ਸੋਹਣੇ ਰੂਪ ਵਰਣਨ ਨਹੀਂ ਕੀਤੇ ਜਾ ਸਕਦੇ ਉਹਨਾਂ ਦੇ ਮੂੰਹ ਉੱਤੇ ਨੂਰ ਹੀ ਨੂਰ ਲਿਸ਼ਕਦਾ ਹੈ । ਇਸ ਅਵਸਥਾ ਵਿਚ ਜਿਨ੍ਹਾਂ ਦੇ ਮਨ ਵਿਚ ਅਕਾਲ ਪੁਰਖ ਵੱਸਦਾ ਹੈ, ਉਹ ਆਤਮਕ ਮੌਤ ਨਹੀਂ ਮਰਦੇ ਤੇ ਮਾਇਆ ਉਹਨਾਂ ਨੂੰ ਠੱਗ ਨਹੀਂ ਸਕਦੀ । ਉਸ ਅਵਸਥਾ ਵਿਚ ਕਈ ਭਵਣਾਂ ਦੇ ਭਗਤ ਜਨ ਵੱਸਦੇ ਹਨ, ਜੋ ਸਦਾ ਖਿੜੇ ਰਹਿੰਦੇ ਹਨ, ਕਿਉਂਕਿ ਉਹ ਸੱਚਾ ਅਕਾਲ ਪੁਰਖ ਉਹਨਾਂ ਦੇ ਮਨ ਵਿਚ ਮੌਜੂਦ ਹੈ ।

ਸੱਚ ਖੰਡ ਵਿਚ ਭਾਵ, ਅਕਾਲ ਪੁਰਖ ਨਾਲ ਇੱਕ ਰੂਪ ਹੋਣ ਵਾਲੀ ਅਵਸਥਾ ਵਿਚ ਮਨੁੱਖ ਦੇ ਅੰਦਰ ਉਹ ਅਕਾਲ ਪੁਰਖ ਆਪ ਹੀ ਵੱਸਦਾ ਹੈ, ਜੋ ਸ੍ਰਿਸ਼ਟੀ ਨੂੰ ਰਚ ਰਚ ਕੇ ਮਿਹਰ ਦੀ ਨਜ਼ਰ ਨਾਲ ਉਸ ਦੀ ਸੰਭਾਲ ਕਰਦਾ ਹੈ। ਉਸ ਅਵਸਥਾ ਵਿਚ ਭਾਵ, ਅਕਾਲ ਪੁਰਖ ਨਾਲ ਇੱਕ-ਰੂਪ ਹੋਣ ਵਾਲੀ ਅਵਸਥਾ ਵਿਚ ਮਨੁੱਖ ਨੂੰ ਬੇਅੰਤ ਖੰਡ, ਮੰਡਲ ਤੇ ਬੇਅੰਤ ਬ੍ਰਹਿਮੰਡ ਦਿੱਸਦੇ ਹਨ, ਇਤਨੇ ਬੇਅੰਤ ਕਿ ਜੇ ਕੋਈ ਮਨੁੱਖ ਇਸ ਦਾ ਕਥਨ ਕਰਨ ਲੱਗੇ, ਤਾਂ ਉਹਨਾਂ ਦੇ ਓੜਕ ਨਹੀਂ ਪੈ ਸਕਦੇ । ਉਸ ਅਵਸਥਾ ਵਿਚ ਬੇਅੰਤ ਭਵਣ ਤੇ ਅਕਾਰ ਦਿੱਸਦੇ ਹਨ ਜਿਨ੍ਹਾਂ ਸਭਨਾਂ ਵਿਚੇ ਉਸੇ ਤਰ੍ਹਾਂ ਕਾਰ ਚੱਲ ਰਹੀ ਹੈ ਜਿਵੇਂ ਅਕਾਲ ਪੁਰਖ ਦਾ ਹੁਕਮ ਹੁੰਦਾ ਹੈ ਭਾਵ, ਇਸ ਅਵਸਥਾ ਵਿਚ ਅੱਪੜ ਕੇ ਮਨੁੱਖ ਨੂੰ ਹਰ ਥਾਂ ਅਕਾਲ ਪੁਰਖ ਦੀ ਰਜ਼ਾ ਵਰਤਦੀ ਦਿੱਸਦੀ ਹੈ। ਉਸ ਨੂੰ ਪਰਤੱਖ ਦਿਸੱਦਾ ਹੈ ਕਿ ਅਕਾਲ ਪੁਰਖ ਵੀਚਾਰ ਕਰਕੇ ਸਭ ਜੀਵਾਂ ਦੀ ਸੰਭਾਲ ਕਰਦਾ ਹੈ ਤੇ ਖੁਸ਼ ਹੁੰਦਾ ਹੈ। ਹੇ ਨਾਨਕ ! ਇਸ ਅਵਸਥਾ ਦਾ ਕਥਨ ਕਰਨਾ ਬਹੁਤ ਹੀ ਔਖਾ ਹੈ ਭਾਵ, ਇਹ ਅਵਸਥਾ ਬਿਆਨ ਨਹੀਂ ਹੋ ਸਕਦੀ, ਅਨੁਭਵ ਹੀ ਕੀਤੀ ਜਾ ਸਕਦੀ ਹੈ।

**ਉਚਾਰਨ ਪਾਠ:-** ਮਹਿਮਾਂ, ਮਾਹਿੰ, ਤਾਂ, ਜਾਹਿੰ, ਮਰਹਿੰ, ਵਸਹਿੰ, ਕਰਹਿੰ।

# ਸੈਂਤੀਵੀ ਪਉੜੀ ਦੀ ਸਿੱਖਿਆ

## ਕਰਮ ਖੰਡ

## ਪਹਿਲੀ ਸਿੱਖਿਆ

**ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥**
**ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥**

ਇਸ ਪਉੜੀ ਦੇ ਅਰਥ ਪੰਨਾ ਨੰਬਰ 113 ਤੇ ਦਿੱਤੇ ਜਾ ਚੁੱਕੇ ਹਨ।

**ਕਰਮ ਖੰਡ (**ਬਖਸ਼ਿਸ਼ ਵਾਲੇ ਖੰਡ) ਦੀ ਬਨਾਵਟ ਬਹੁਤ ਬਲ (ਜੋਰੁ) ਵਾਲੀ ਹੋ ਜਾਂਦੀ ਹੈ।

**ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਬਖਸ਼ਿਸ਼ ਵਾਲੇ ਖੰਡ ਵਿਚ ਪੁੱਜੇ ਹੋਏ ਗੁਰਮੁਖਾਂ ਦੀ ਬਨਾਵਟ ਇਤਨੀ ਬਲ ਵਾਲੀ ਕਿਉਂ ਹੁੰਦੀ ਹੈ?**

ਤਾਂ ਇਸ ਦੇ ਜਵਾਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸਾਨੂੰ ਇਸ ਪਉੜੀ ਵਿਚ ਸਮਝਾਉਂਦੇ ਹਨ ਕਿ ਕਰਮ ਖੰਡ ਵਿਚ ਪੁੱਜੇ ਹੋਏ ਗੁਰਮੁੱਖਾਂ ਦੇ ਅੰਦਰ ਕੇਵਲ ਤੇ ਕੇਵਲ ਅਕਾਲ ਪੁਰਖੁ ਦੀ ਸੋਚ ਹੀ ਚਲਦੀ ਰਹਿੰਦੀ ਹੈ ਅਤੇ ਅਕਾਲ ਪੁਰਖੁ ਤੋਂ ਬਿਨਾਂ ਉਨ੍ਹਾਂ ਅੰਦਰ ਹੋਰ ਕੋਈ ਦੂਜਾ ਹੁੰਦਾ ਹੀ ਨਹੀਂ। ਉਨ੍ਹਾਂ ਦੇ ਗਿਆਨ ਇੰਦਰੇ, ਕਰਮ ਇੰਦਰੇ, ਕੇਵਲ ਤੇ ਕੇਵਲ ਉਹੀ ਕੰਮ ਕਰਦੇ ਹਨ ਜਿਹੜੇ ਉਨ੍ਹਾਂ ਨੂੰ ਹਰ ਸਮੇਂ ਅਕਾਲ ਪੁਰਖੁ ਨਾਲ ਜੋੜ ਕੇ ਰੱਖਦੇ ਹਨ ਅਤੇ ਉਨ੍ਹਾਂ ਵਿਚ 'ਦੂਜਾ ਭਾਉ' (ਅਰਥਾਤ ਮਾਇਆ ਦਾ ਭਾਉ) ਨਹੀਂ ਹੁੰਦਾ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਜੇ ਅਸੀਂ ਵੀ ਚਾਹੁੰਦੇ ਹਾਂ ਕਿ ਸਾਨੂੰ ਅਕਾਲ ਪੁਰਖੁ ਦੀ ਬਖਸ਼ਿਸ਼ (ਕਰਮ) ਪ੍ਰਾਪਤ ਹੋਵੇ ਤਾਂ ਸਾਨੂੰ ਦੂਜਾ ਭਾਉ ਵਿਸਾਰ ਕੇ ਇਕ ਅਕਾਲ ਪੁਰਖੁ ਨਾਲ ਲਿਵ ਜੋੜਨੀ ਪਵੇਗੀ ਅਤੇ ਮਨ ਦੀ ਮੱਤ ਨੂੰ ਤਿਆਗਣਾ ਪਵੇਗਾ।

ਯਥਾ:-

**"ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥**
**ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ॥" (ਅੰਗ: 763)**

## ਦੂਜੀ ਸਿੱਖਿਆ

**"ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ॥"**

ਇਸ ਬਖਸ਼ਿਸ਼ ਵਿਚ ਅੱਪੜੇ ਹੋਏ ਮਨੁੱਖ ਦਾ ਮਨ ਕੇਵਲ ਤੇ ਕੇਵਲ ਅਕਾਲ ਪੁਰਖੁ ਦੀ ਵਡਿਆਈ ਵਿਚ ਹੀ ਸੀਤਾ (ਪਰੋਤਾ) ਰਹਿੰਦਾ ਹੈ। ਇਸ ਕਾਰਨ ਕਰਕੇ ਉਨ੍ਹਾਂ ਦਾ ਜੀਵਨ ਇਤਨਾ ਉੱਚਾ ਹੋ ਜਾਂਦਾ ਹੈ ਕਿ ਜਿਸ ਦਾ ਵਰਨਣ ਨਹੀਂ ਕੀਤਾ ਜਾ ਸਕਦਾ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਵੀ ਹਰ ਵੇਲੇ ਆਪਣੇ ਮਨ ਨੂੰ ਅਕਾਲ ਪੁਰਖੁ ਦੀ ਬੰਦਗੀ ਅਤੇ ਸਿਮਰਨ ਵਿਚ ਪ੍ਰੋ ਕੇ ਰਖੀਏ ਅਤੇ ਵਾਹਿਗੁਰੂ ਜੀ ਅੱਗੇ ਇਹੀ ਬੇਨਤੀ ਕਰਦੇ ਰਹਿਣਾ ਹੈ ਕਿ ਮੈਨੂੰ ਆਪਣੀ ਬੰਦਗੀ ਹਰ ਇਕ ਸਵਾਸ ਨਾਲ ਬਖਸ਼ੋ।

**"ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ॥" (ਅੰਗ: 784)**

## ਤੀਜੀ ਸਿੱਖਿਆ

**"ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨਿ ਮਾਹਿ॥"**

ਅਰਥਾਤ ਜਿਨ੍ਹਾਂ ਦੇ ਮਨ ਵਿਚ ਅਕਾਲ ਪੁਰਖੁ ਦਾ ਵਾਸਾ ਹੋ ਜਾਂਦਾ ਹੈ ਉਹ ਕਦੇ ਵੀ ਆਤਮਕ ਮੌਤ ਨਹੀਂ ਮਰਦੇ ਅਤੇ ਨਾ ਹੀ ਉਨ੍ਹਾਂ ਨੂੰ ਮਾਇਆ ਠੱਗ ਸਕਦੀ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਜੇ ਅਸੀਂ ਚਾਹੁੰਦੇ ਹਾਂ ਕਿ ਸਾਡੇ ਉਤੇ ਵੀ ਅਕਾਲ ਪੁਰਖੁ ਦੀ ਬਖਸ਼ਿਸ਼ ਵਰਤ ਜਾਵੇ ਤਾਂ ਸਾਨੂੰ ਮਾਇਆ ਦੇ ਹੱਲਿਆਂ ਤੋਂ ਸਾਵਧਾਨ ਹੋਣਾ ਪਵੇਗਾ ਕਿਉਂਕਿ ਮਾਇਆ ਹਰ ਵੇਲੇ ਜੀਵਾਂ ਨੂੰ ਠੱਗ ਰਹੀ ਹੈ।

ਇਸ ਬਾਰੇ ਗੁਰਬਾਣੀ ਵਿਚ ਫੁਰਮਾਣ ਹੈ:-

**"ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥**
**ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥"**
**(ਅੰਗ: 643)**

**ਭਾਵ:** ਮਾਇਆ ਮੋਹ ਲੈਣ ਵਾਲੀ ਹੈ ਅਤੇ ਇਹ ਦੰਦਾਂ ਤੋਂ ਬਗੈਰ ਹੀ ਸੰਸਾਰ ਨੂੰ ਖਾ ਰਹੀ ਹੈ। ਆਪ ਹੁਦਰੇ (ਮਨ ਦੇ ਪਿੱਛੇ ਚੱਲਣ ਵਾਲੇ ) ਮਨੁੱਖ ਮਾਇਆ ਦੁਆਰਾ ਖਾਧੇ ਜਾਂਦੇ ਹਨ ਪਰ ਜੋ ਮਨੁੱਖ ਗੁਰੂ ਅਨੁਸਾਰੀ ਹੋ ਕੇ ਸਤਿ ਨਾਮੁ ਨਾਲ ਆਪਣਾ ਮਨ ਜੋੜਦੇ ਹਨ ਉਹ ਬਚ ਜਾਂਦੇ ਹਨ।

## ਸਚ ਖੰਡਿ

ਜਦੋਂ ਗੁਰੂ ਨਾਨਕ ਦੇਵ ਜੀ ਨੇ ਸਚ ਖੰਡਿ ਵਿਚ ਅੱਪੜੇ ਹੋਏ ਮਨੁੱਖ ਦੀ ਅਵਸਥਾ ਦੀ ਗੱਲ ਕੀਤੀ ਤਾਂ ਅਖੀਰਲੀ ਪੰਕਤੀ ਵਿਚ ਆ ਕੇ ਇਹ ਗੱਲ ਫੁਰਮਾ ਦਿੱਤੀ ਕਿ ਇਸ ਅਵਸਥਾ ਦਾ ਬਿਆਨ ਨਹੀਂ ਕੀਤਾ ਜਾ ਸਕਦਾ, ਇਹ ਅਵਸਥਾ ਕੇਵਲ ਅਨੁਭਵ ਹੀ ਕੀਤੀ ਜਾ ਸਕਦੀ ਹੈ। ਇਸ ਲਈ ਸਾਡੀ ਕੋਈ ਪਾਂਇਆ ਨਹੀਂ ਕਿ ਅਸੀਂ ਇਸ ਅਵਸਥਾ ਬਾਰੇ ਕੁਝ ਵੀ ਆਖ ਸਕੀਏ।

# ਅਠੱਤੀਵੀਂ ਪਉੜੀ

**ਜਤੁ ਪਾਹਾਰਾ ਧੀਰਜੁ ਸੁਨਿਆਰੁ॥**
**ਅਹਰਣਿ ਮਤਿ ਵੇਦੁ ਹਥੀਆਰੁ॥**
**ਭਉ ਖਲਾ ਅਗਨਿ ਤਪ ਤਾਉ॥**
**ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥**
**ਘੜੀਐ ਸਬਦੁ ਸਚੀ ਟਕਸਾਲ॥**
**ਜਿਨ ਕਉ ਨਦਰਿ ਕਰਮੁ ਤਿਨ ਕਾਰ॥**
**ਨਾਨਕ ਨਦਰੀ ਨਦਰਿ ਨਿਹਾਲ॥੩੮॥**

**ਪਦ-ਅਰਥ :- ਜਤੁ**-ਆਪਣੇ ਸਰੀਰਕ ਇੰਦ੍ਰਿਆਂ ਨੂੰ ਵਿਕਾਰਾਂ ਵਲੋਂ ਰੋਕ ਰੱਖਣਾ। **ਪਾਹਾਰਾ**-ਸੁਨਿਆਰੇ ਦੀ ਦੁਕਾਨ। **ਧੀਰਜੁ**-ਦੁਖ ਅਤੇ ਮੁਸੀਬਤ ਸਮੇਂ ਅਡੋਲ ਰਹਿਣਾ। **ਸੁਨਿਆਰੁ**-ਸੁਨਿਆਰਾ। **ਅਹਰਣਿ**-ਲੋਹੇ ਦਾ ਟੁਕੜਾ (ਢੇਲਾ), ਜਿਸ ਉੱਤੇ ਕੋਈ ਧਾਤੂ ਰੱਖ ਕੇ ਉਸ ਦੀ ਹਥੌੜੇ ਨਾਲ ਘਾੜਤ ਘੜੀ ਜਾਂਦੀ ਹੈ। **ਮਤਿ**-ਅਕਲ। **ਵੇਦੁ**-ਗਿਆਨ। **ਹਥੀਆਰੁ**-ਹਥੌੜਾ। **ਭਉ**-ਅਕਾਲ ਪੁਰਖ ਦਾ ਡਰ। **ਖਲਾ**-ਧੌਂਕਣੀ, ਜਿਸ ਨਾਲ ਸੁਨਿਆਰੇ ਫੂਕ ਮਾਰ ਕੇ ਅੱਗ ਭਖਾਂਦੇ ਹਨ। **ਤਪ ਤਾਉ**-ਤਪਾਂ ਦਾ ਤਪਣਾ, ਘਾਲ-ਘਾਲਣੀ, ਕਮਾਈ ਕਰਨੀ। **ਭਾਂਡਾ**-ਕੁਠਾਲੀ। **ਭਾਉ**-ਪ੍ਰੇਮ। **ਅੰਮ੍ਰਿਤੁ**-ਅਕਾਲ ਪੁਰਖ ਦਾ ਅਮਰ ਕਰਨ ਵਾਲਾ ਨਾਮ। **ਤਿਤੁ**-ਉਸ ਭਾਂਡੇ ਵਿਚ। **ਘੜੀਐ ਸਬਦੁ**-ਸ਼ਬਦ ਘੜਿਆ ਜਾਂਦਾ ਹੈ। **ਸਚੀ ਟਕਸਾਲ**-ਇਸ ਉੱਪਰ ਦੱਸੀ ਹੋਈ ਸਚੀ ਟਕਸਾਲ ਵਿਚ। **ਟਕਸਾਲ**-ਉਹ ਥਾਂ ਜਿਥੇ ਸਰਕਾਰੀ ਰੁਪਏ ਆਦਿਕ ਸਿੱਕੇ ਘੜੀਦੇ ਹਨ।

**ਅਰਥ:-** ਜੇ ਜਤ-ਰੂਪ ਦੁਕਾਨ ਹੋਵੇ, ਧੀਰਜ ਸੁਨਿਆਰਾ ਬਣੇ, ਮਨੁੱਖ ਦੀ ਆਪਣੀ ਮੱਤ ਅਹਿਰਣ ਹੋਵੇ, ਉਸ ਮਤ-ਅਹਿਰਣ ਉੱਤੇ ਗਿਆਨ ਹਥੌੜਾ ਵੱਜੇ। ਜੇ ਅਕਾਲ ਪੁਰਖ ਦਾ ਡਰ ਧੌਂਕਣੀ ਹੋਵੇ, ਘਾਲ-ਕਮਾਈ ਅੱਗ ਹੋਵੇ, ਪ੍ਰੇਮ ਕੁਠਾਲੀ ਹੋਵੇ, ਤਾਂ ਹੇ ਭਾਈ! ਉਸ ਕੁਠਾਲੀ ਵਿਚ ਅਕਾਲ ਪੁਰਖ ਦਾ ਅੰਮ੍ਰਿਤ ਨਾਮ ਗਲਾਵੋ, ਕਿਉਂਕਿ ਇਹੋ ਜਿਹੀ ਹੀ ਸੱਚੀ ਟਕਸਾਲ ਵਿਚ ਗੁਰੂ ਦਾ ਸ਼ਬਦ ਘੜਿਆ ਜਾਂਦਾ ਹੈ ।ਇਹ ਕਾਰ ਉਹਨਾਂ ਮਨੁੱਖਾਂ ਦੀ ਹੈ, ਜਿਨ੍ਹਾਂ ਉੱਤੇ ਮਿਹਰ ਦੀ ਨਜ਼ਰ ਹੁੰਦੀ ਹੈ, ਜਿੰਨ੍ਹਾਂ ਉੱਤੇ ਬਖ਼ਸ਼ਸ਼ ਹੁੰਦੀ ਹੈ। ਹੇ ਨਾਨਕ! ਉਹ ਮਨੁੱਖ ਅਕਾਲ ਪੁਰਖ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਨਿਹਾਲ ਹੋ ਜਾਂਦਾ ਹੈ ।

**ਨੋਟ:-** ਜਤ, ਧੀਰਜ, ਮਤ, ਗਿਆਨ, ਭਉ, ਤਪਤਾਉ ਅਤੇ ਭਾਉ ਦੀ ਮਿਲਵੀਂ ਸੱਚੀ ਟਕਸਾਲ ਵਿਚ ਗੁਰ ਸ਼ਬਦ ਦੀ ਮੋਹਰ ਘੜੀ ਜਾਂਦੀ ਹੈ, ਭਾਵ ਜਿਸ ਉੱਚੀ ਆਤਮਕ ਅਵਸਥਾ ਵਿਚ ਕੋਈ ਸ਼ਬਦ ਗੁਰੂ ਨੇ ਉਚਾਰਿਆ ਹੈ, ਸਿੱਖ ਨੂੰ ਭੀ ਉਹ ਸ਼ਬਦ ਉਸੇ ਅਵਸਥਾ ਵਿਚ ਲੈ ਅੱਪੜਦਾ ਹੈ, ਕੂੜ ਦੀ ਪਾਲਿ ਤੋੜ ਦੇਂਦਾ ਹੈ ਜੇ ਜਤ ਧੀਰਜ ਆਦਿਕ ਵਾਲਾ ਜੀਵਨ ਬਣ ਜਾਏ। ਟਕਸਾਲ-ਉਹ ਥਾਂ ਜਿੱਥੇ ਸਰਕਾਰੀ ਰੁਪਏ ਆਦਿਕ ਸਿੱਕੇ ਘੜੀਦੇ ਹਨ ।

# ਅਠੱਤੀਵੀਂ ਪਉੜੀ ਦੀ ਸਿੱਖਿਆ

## ਪਹਿਲੀ ਸਿੱਖਿਆ

### "ਜਤੁ ਪਾਹਾਰਾ" ਅਰਥਾਤ ਉੱਚਾ ਆਚਰਣ

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਆਪਣੇ ਸਰੀਰਕ ਇੰਦਰਿਆਂ ਨੂੰ ਵਿਕਾਰਾਂ ਵਲੋਂ ਰੋਕ ਕੇ ਰੱਖੀਏ ਅਰਥਾਤ ਸਾਡਾ ਚਰਿੱਤਰ ਬਹੁਤ ਉੱਚਾ ਹੋਣਾ ਚਾਹੀਦਾ ਹੈ ਅਤੇ ਚਰਿੱਤਰ ਦੀ ਸੁਗੰਧੀ ਐਸੀ ਹੋਣੀ ਚਾਹੀਦੀ ਹੈ ਜਿਸ ਨੂੰ ਦੇਖ ਕੇ ਲੋਕਾਂ ਦਾ ਝੁਕਾਵ ਸਿੱਖੀ ਵੱਲ ਹੋਵੇ।

## ਦੂਜੀ ਸਿੱਖਿਆ

### "ਧੀਰਜੁ ਸੁਨਿਆਰੁ" ਅਰਥਾਤ ਸੁਨਿਆਰੇ ਵਰਗਾ ਧੀਰਜ

ਜਿਵੇਂ ਸੁਨਿਆਰਾ ਗਹਿਣਿਆਂ ਦੀ ਘਾੜਤ ਘੜਨ ਲੱਗਿਆਂ ਕਾਹਲਾ ਨਹੀਂ ਪੈਂਦਾ ਬਲਕਿ ਬੜਾ ਹੀ ਧੀਰਜ ਰੱਖਦਾ ਹੈ ਉਸੇ ਹੀ ਤਰੀਕੇ ਨਾਲ ਅਸੀਂ ਵੀ ਧੀਰਜ ਦਾ ਪੱਲਾ ਕਦੀ ਨਹੀਂ ਛੱਡਣਾ। ਇਸ ਮਾਰਗ ਤੇ ਤੁਰਨ ਲੱਗਿਆਂ ਕਦੀ ਬਹੁਤ ਉਚਾਈਆਂ ਆ ਜਾਂਦੀਆਂ ਹਨ ਅਤੇ ਕਦੀ ਮਨ ਬੜਾ ਨੀਵਾਂ ਚਲਾ ਜਾਂਦਾ ਹੈ। ਜਿਵੇਂ ਕਿ ਗੁਰਬਾਣੀ ਫੁਰਮਾਨ ਹੈ:

**"ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥" (ਅੰਗ: 876)**

ਪਰ ਅਸੀਂ ਗੁਰ ਸ਼ਬਦ ਦੀ ਟੇਕ ਲੈ ਕੇ ਧੀਰਜ ਰਖਦਿਆਂ ਹੋਇਆਂ ਪਰਮਾਤਮਾ ਦੀ ਪ੍ਰਾਪਤੀ ਵਾਲੇ ਪਾਸੇ ਲੱਗੇ ਹੀ ਰਹਿਣਾ ਹੈ ਅਤੇ ਮਨ ਨੂੰ ਡੋਲਨ ਨਹੀਂ ਦੇਣਾ। ਜਿਵੇਂ ਕਿ ਕਹਾਵਤ ਹੈ **'ਲਗਾ ਰਹੇ ਤੋ ਲਾਖ ਕਾ ਛੋਡ ਦੀਆ ਤੋ ਕਾਖ ਕਾ'** ਅਰਥਾਤ ਜੇ ਅਸੀਂ ਲੱਗੇ ਰਹਾਂਗੇ ਤਾਂ ਸਾਡੀ ਕੀਮਤ ਲੱਖਾਂ ਦੀ ਹੋਵੇਗੀ ਨਹੀਂ ਤਾਂ ਕੱਖਾਂ ਜਿੰਨੀ ਹੋ ਜਾਵੇਗੀ; ਅਤੇ ਇਕ ਦਿਨ ਅਕਾਲ ਪੁਰਖੁ ਦੀ ਕਿਰਪਾ ਸਦਕਾ ਅਸੀਂ ਮੰਜ਼ਿਲ ਤੇ ਪਹੁੰਚ ਜਾਵਾਂਗੇ।

## ਤੀਜੀ ਸਿੱਖਿਆ

### "ਅਹਰਣਿ ਮਤਿ ਵੇਦੁ ਹਥੀਆਰੁ" ਅਰਥਾਤ ਮੱਤ ਉੱਤੇ ਗੁਰੂ ਦੇ ਗਿਆਨ ਦਾ ਹਥੌੜਾ ਚਲਾਉਣਾ

ਜਿਵੇਂ ਸੁਨਿਆਰਾ ਗਹਿਣਿਆਂ ਦੀ ਘਾੜਤ ਅਹਰਣਿ ਉੱਤੇ ਹੌਲੀ ਹੌਲੀ ਹਥੌੜੀ ਮਾਰ ਕੇ ਘੜਦਾ ਹੈ ਉਵੇਂ ਹੀ ਅਸੀਂ ਵੀ ਆਪਣੀ ਅਕਲ ਨੂੰ ਅਹਰਣਿ ਬਣਾ ਕੇ ਉਸ ਉੱਤੇ ਰੱਬੀ ਗਿਆਨ, ਗੁਰ ਸ਼ਬਦ ਦਾ ਹਥੌੜਾ ਚਲਾ ਕੇ ਆਪਣੀ ਮੱਤ ਦੀ ਘਾੜਤ ਘੜਨੀ ਹੈ।

## ਚੌਥੀ ਸਿੱਖਿਆ

### "ਭਉ ਖਲਾ" ਅਰਥਾਤ ਪਰਮੇਸ਼ਰ ਦੇ ਡਰ ਨੂੰ ਧੌਂਕਣੀ ਬਣਾਉਣਾ

ਨਿਰੰਕਾਰ ਦੇ ਡਰ ਨੂੰ 'ਖਲਾ' ਅਰਥਾਤ ਧੌਂਕਣੀ ਬਣਾਉਣਾ ਹੈ। ਧੌਂਕਣੀ ਉਸ ਨੂੰ ਕਹਿੰਦੇ ਹਨ ਜਿਸ ਵਿਚ ਫੂਕ ਮਾਰ ਕੇ ਸੁਨਿਆਰੇ ਅੱਗ ਭਖਾਉਂਦੇ ਹਨ।

ਅਰਥਾਤ ਕੋਈ ਵੀ ਕੰਮ ਕਰਨ ਤੋਂ ਪਹਿਲੇ ਜੇ ਸਾਡੇ ਮਨ ਵਿਚ ਨਿਰੰਕਾਰ ਦਾ ਨਿਰਮਲ ਭੈ ਹੋਏਗਾ ਤਾਂ ਸਾਡੇ ਕੋਲੋਂ ਕੋਈ ਵੀ ਗਲਤ ਕੰਮ ਨਹੀਂ ਹੋਵੇਗਾ ਅਤੇ ਸਾਡੇ ਅੰਦਰ ਦੀ ਮੈਲ ਧੋਤੀ ਜਾਏਗੀ। ਨਿਰੰਕਾਰ ਦਾ ਡਰ ਇਕ ਅਜਿਹਾ ਡਰ ਹੈ ਜੋ ਬਾਕੀ ਡਰਾਂ ਨੂੰ ਖਤਮ ਕਰ ਦਿੰਦਾ ਹੈ। ਯਤਾ:

**"ਡਡਾ ਡਰ ਉਪਜੇ ਡਰੁ ਜਾਈ॥" (ਅੰਗ: 341)**

**ਭਾਵ:** ਜਦੋਂ ਪ੍ਰਭੂ ਦਾ ਨਿਰਮਲ ਭੈ ਉਤਪੰਨ ਹੋ ਜਾਂਦਾ ਹੈ ਤਾਂ ਹੋਰ ਭੈ ਦੂਰ ਹੋ ਜਾਂਦੇ ਹਨ।

# ਪੰਜਵੀਂ ਸਿੱਖਿਆ

## "ਅਗਨਿ ਤਪ ਤਾਉ" ਅਰਥਾਤ ਤਪ ਦੀ ਅਗਨਿ ਨੂੰ ਤਪਾਉਣਾ

ਜਿਵੇਂ ਸੁਨਿਆਰਾ ਗਹਿਣਿਆਂ ਦੀ ਘਾੜਤ ਘੜਨ ਲਈ ਅੱਗ ਨੂੰ ਤਪਾਂਦਾ ਹੈ ਅਰਥਾਤ ਬਹੁਤ ਕਰੜੀ ਘਾਲਣਾ ਘਾਲਦਾ ਹੈ, ਉਸੇ ਤਰ੍ਹਾਂ ਹੀ ਅਸੀਂ ਵੀ ਗੁਰੂ ਦੇ ਸ਼ਬਦ ਦੀ ਕਰੜੀ ਘਾਲ ਕਮਾਈ ਕਰਨੀ ਹੈ ਅਤੇ **ਆਪਣੇ ਜੀਵਨ ਵਿਚ ਅਜਿਹਾ ਕੋਈ ਕੰਮ ਨਹੀਂ ਕਰਨਾ ਜਿਹੜਾ ਕਿ ਗੁਰੂ ਦੀ ਸੋਚ ਦੇ ਮੁਤਾਬਿਕ ਨਾ ਹੋਵੇ।**

# ਛੇਵੀਂ ਸਿੱਖਿਆ

## "ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥ ਘੜੀਐ ਸਬਦੁ ਸਚੀ ਟਕਸਾਲ॥"

ਜਿਵੇਂ ਸੁਨਿਆਰਾ ਸੋਨੇ ਦੇ ਗਹਿਣੇ ਘੜਨ ਤੋਂ ਪਹਿਲੇ ਸੋਨੇ ਨੂੰ ਪਿਘਲਾ ਕੇ ਕੁਠਾਲੀ ਵਿਚ ਪਾ ਲੈਂਦਾ ਹੈ, ਉਸੇ ਹੀ ਤਰੀਕੇ ਨਾਲ ਅਸੀਂ ਵੀ ਪਿਆਰ ਨਾਲ ਸ਼ਬਦ ਦੀ ਕਮਾਈ ਕਰਕੇ ਆਪਣੇ ਹਿਰਦੇ ਵਿਚ ਸੰਭਾਲ ਕੇ ਰੱਖਣੀ ਹੈ। **ਜਿਥੇ ਸਾਨੂੰ ਰੀਤ ਦੀ ਲੋੜ ਹੈ ਉਥੇ ਪ੍ਰੀਤਿ ਦੀ ਵੀ ਲੋੜ ਹੈ। ਪ੍ਰੀਤਿ ਤੋਂ ਬਿਨਾਂ ਸਾਡੇ ਅੰਦਰ ਅਕਾਲ ਪੁਰਖੁ ਦਾ ਅੰਮ੍ਰਿਤ ਨਾਮ ਵੱਸ ਨਹੀਂ ਸਕਦਾ।**

ਜੇ ਉਪਰ ਲਿਖੀਆਂ ਸਿੱਖਿਆਵਾਂ ਨੂੰ ਅਸੀਂ ਜੀਵਨ ਦੇ ਵਿਚ ਢਾਲ ਲਵਾਂਗੇ ਤਾਂ ਸਾਡੇ ਅੰਦਰ ਇਹੋ ਜਿਹੀ ਸੱਚੀ ਟਕਸਾਲ ਬਣ ਜਾਵੇਗੀ ਜਿਸ ਵਿਚ ਗੁਰੂ ਸ਼ਬਦ ਦੀ ਘਾੜਤ ਘੜੀ ਜਾ ਸਕਦੀ ਹੈ।

**ਇਸ ਲਈ ਇਨ੍ਹਾਂ ਸਿੱਖਿਆਵਾਂ ਨੂੰ ਆਪਣੇ ਜੀਵਨ ਦਾ ਅਨਿੱਖੜਵਾਂ ਅੰਗ ਬਣਾ ਲੈਣਾ ਹੈ ਤਾਂ ਕਿ ਅਸੀਂ ਕੂੜ ਦੀ ਕੰਧ ਤੋੜ ਕੇ ਜੀਵਨ ਦੀ ਬਾਜੀ ਜਿੱਤ ਕੇ ਜਾਈਏ।**

# ॥ ਸਲੋਕ ॥

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥**
**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥**
**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥**
**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥**

**ਪਦ ਅਰਥ:- ਪਵਣੁ**–ਹਵਾ, ਸੁਆਸ, ਪ੍ਰਾਣ। **ਮਹਤੁ**–ਵੱਡੀ। **ਦਿਵਸੁ**–ਦਿਨ। **ਦੁਇ**–ਦੋਵੇਂ। **ਦਿਵਸੁ ਦਾਇਆ**–ਦਿਨ ਖਿਡਾਵਾ ਹੈ। **ਰਾਤਿ ਦਾਈ**–ਰਾਤ ਖਿਡਾਵੀ ਹੈ। **ਸਗਲ**–ਸਾਰਾ। **ਵਾਚੈ**–ਪਰਖਦਾ ਹੈ। **ਹਦੂਰਿ**–ਅਕਾਲ ਪੁਰਖ ਦੀ ਹਜ਼ੂਰੀ ਵਿਚ। **ਕਰਮੀ**–ਕਰਮਾਂ ਅਨੁਸਾਰ। **ਕੇ**–ਕਈ। **ਨੇੜੈ**–ਅਕਾਲ ਪੁਰਖ ਦੇ ਨਜ਼ਦੀਕ। **ਜਿਨੀ**–ਜਿਨ੍ਹਾਂ ਵਿਅਕਤੀਆਂ ਨੇ। **ਤੇ**–ਉਹ ਮਨੁੱਖ। **ਧਿਆਇਆ**–ਸਿਮਰਿਆ ਹੈ। **ਮਸਕਤਿ**–ਮਿਹਨਤ, ਘਾਲ ਕਮਾਈ। **ਘਾਲਿ**–ਘਾਲ ਕੇ,ਸਫਲੀ ਕਰਕੇ। **ਮੁਖ ਉਜਲੇ**–ਉੱਜਲ ਮੁੱਖ ਵਾਲੇ। **ਕੇਤੀ**–ਕਈ ਜੀਵ। **ਛੁਟੀ**–ਮੁਕਤ ਹੋ ਗਈ, ਮਾਇਆ ਦੇ ਬੰਧਨਾਂ ਤੋਂ ਰਹਿਤ ਹੋ ਗਈ। **ਨਾਲਿ**–ਉਹਨਾਂ ਗੁਰਮੁਖਾਂ ਦੀ ਸੰਗਤ ਵਿਚ।

**ਅਰਥ:-** ਪ੍ਰਾਣ ਸਰੀਰਾਂ ਲਈ ਇਉਂ ਹਨ ਜਿਵੇਂ ਗੁਰੂ ਜੀਵਾਂ ਦੇ ਆਤਮਾ ਲਈ ਹੈ, ਪਾਣੀ ਸਭ ਜੀਵਾਂ ਦਾ ਪਿਉ ਹੈ ਅਤੇ ਧਰਤੀ ਸਭ ਦੀ ਵੱਡੀ ਮਾਂ ਹੈ। ਦਿਨ ਅਤੇ ਰਾਤ ਦੋਵੇਂ ਖਿਡਾਵਾ ਤੇ ਖਿਡਾਵੀ ਹਨ, ਸਾਰਾ ਸੰਸਾਰ ਖੇਡ ਰਿਹਾ ਹੈ, ਭਾਵ, ਸੰਸਾਰ ਦੇ ਸਾਰੇ ਜੀਵ ਰਾਤ ਨੂੰ ਸੌਣ ਵਿਚ ਅਤੇ ਦਿਨੇ ਕਾਰ-ਵਿਹਾਰ ਵਿਚ ਪਰਚੇ ਪਏ ਹਨ। ਧਰਮਰਾਜ ਅਕਾਲ ਪੁਰਖ ਦੀ ਹਜ਼ੂਰੀ ਵਿਚ ਜੀਵਾਂ ਦੇ ਕੀਤੇ ਹੋਏ ਚੰਗੇ ਤੇ ਮੰਦੇ ਕੰਮ ਵਿਚਾਰਦਾ ਹੈ। ਆਪੋ ਆਪਣੇ ਇਹਨਾਂ ਕੀਤੇ ਹੋਏ ਕਰਮਾਂ ਦੇ ਅਨੁਸਾਰ ਕਈ ਜੀਵ ਅਕਾਲ ਪੁਰਖ ਦੇ ਨੇੜੇ ਹੋ ਜਾਂਦੇ ਹਨ ਅਤੇ ਅਕਾਲ ਪੁਰਖ ਤੋਂ ਦੂਰਿ ਹੋ ਜਾਂਦੇ ਹਨ। ਹੇ ਨਾਨਕ! ਜਿਨ੍ਹਾਂ ਮਨੁੱਖਾਂ ਨੇ ਅਕਾਲ ਪੁਰਖ ਦਾ ਨਾਮ ਸਿਮਰਿਆ ਹੈ, ਉਹ ਆਪਣੀ ਮਿਹਨਤ ਸਫਲੀ ਕਰ ਗਏ ਹਨ, ਅਕਾਲ ਪੁਰਖ ਦੇ ਦਰ 'ਤੇ ਉਹ ਉੱਜਲ ਮੁਖ ਵਾਲੇ ਹਨ ਅਤੇ ਹੋਰ ਭੀ ਕਈ ਜੀਵ ਉਹਨਾਂ ਦੀ ਸੰਗਤਿ ਵਿਚ ਰਹਿ ਕੇ "ਕੂੜ ਦੀ ਪਾਲਿ" ਢਾਹ ਕੇ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋ ਗਏ ਹਨ।੧।

**ਉਚਾਰਨ ਪਾਠ:-**ਬਿੰਦੀ ਸਹਿਤ ਉਚਾਰਨ ਵਾਲੇ ਸ਼ਬਦ-ਚੰਗਿਆਈਆਂ, ਬੁਰਿਆਈਆਂ। **ਮਸਕਤਿ** ਸ਼ਬਦ ਦਾ ਉਚਾਰਨ **ਮਸ਼ੱਕਤ** ਕਰਨਾ ਹੈ।

# ਸਲੋਕ ਦੀ ਸਿੱਖਿਆ

## ਪਹਿਲੀ ਸਿੱਖਿਆ

### "ਪਵਣੁ ਗੁਰੂ"

ਗੁਰੂ ਨਾਨਕ ਦੇਵ ਜੀ ਨੇ ਇਸ ਸਲੋਕ ਵਿਚ ਪਵਣੁ ਨੂੰ ਗੁਰੂ ਦਾ ਦਰਜਾ ਦਿੱਤਾ ਹੈ। ਜਿਵੇਂ 'ਪ੍ਰਾਣ' ਮਨੁੱਖੀ ਸਰੀਰ ਨੂੰ ਚਲਦਾ ਰੱਖਣ ਲਈ ਜ਼ਰੂਰੀ ਹਨ, ਉਸੇ ਤਰ੍ਹਾਂ ਹੀ 'ਗੁਰੂ ਦਾ ਗਿਆਨ' ਮਨੁੱਖ ਦੀ ਆਤਮਾ ਲਈ ਜ਼ਰੂਰੀ ਹੈ।

ਗੁਰੂ ਨਿਰਭਉ, ਨਿਰਵੈਰੁ ਅਤੇ ਬੇਪਰਵਾਹੁ ਹੋ ਕੇ ਸੰਸਾਰ ਨੂੰ ਉਪਦੇਸ਼ ਦਿੰਦਾ ਹੈ। ਪਵਨ ਵੀ ਇਸੇ ਤਰ੍ਹਾਂ ਹੀ ਸੰਸਾਰ ਵਿੱਚ ਵਗਦੀ ਹੈ। **ਇਸ ਤੋਂ ਅਸੀ ਇਹ ਸਿੱਖਿਆ ਲੈਣੀ ਹੈ ਕਿ** ਜਿਥੇ ਅਸੀ ਗੁਰੂ ਸ਼ਬਦ ਰਾਹੀਂ ਗੁਰੂ ਦਾ ਗਿਆਨ ਪ੍ਰਾਪਤ ਕਰਕੇ ਆਪਣੇ ਜੀਵਨ ਵਿਚ ਢਾਲਣਾ ਹੈ, ਉਥੇ ਅਸੀਂ ਨਿਰਭਉ, ਨਿਰਵੈਰ ਅਤੇ ਬੇਪਰਵਾਹ ਹੋ ਕੇ ਪ੍ਰਭੂ ਦੇ ਰਸਤੇ ਤੇ ਤੁਰਨਾ ਹੈ।

## ਦੂਜੀ ਸਿੱਖਿਆ

### "ਪਾਣੀ ਪਿਤਾ"

ਗੁਰੂ ਜੀ ਨੇ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਹੈ। ਪਾਣੀ ਦਾ ਵੀ ਇਕ ਮਹਾਨ ਗੁਣ ਹੈ ਕਿ ਇਹ ਹਮੇਸ਼ਾ ਨਿਵਾਣ ਵਾਲੇ ਪਾਸੇ ਜਾਂਦਾ ਹੈ। ਪਾਣੀ ਦੇ ਗੁਣ ਤੋਂ ਵੀ **ਅਸੀਂ ਇਹੀ ਸਿੱਖਿਆ ਲੈਣੀ ਹੈ ਕਿ** ਅਸੀਂ ਵੀ ਆਪਣੇ ਜੀਵਨ ਦੇ ਵਿਚ ਸਦਾ ਨਿਮਾਣੇ ਹੋ ਕੇ ਰਹੀਏ। ਅਰਥਾਤ 'ਮਾਣ ਹੁੰਦੇ ਹੋਏ ਨਿਮਾਣੇ' ਵਾਲੀ ਜੁਗਤਿ ਨੂੰ ਅਪਨਾ ਕੇ ਰਖੀਏ।

## ਤੀਜੀ ਸਿੱਖਿਆ

### "ਮਾਤਾ ਧਰਤਿ ਮਹਤੁ"

ਧਰਤੀ ਬਹੁਤ ਵੱਡੀ ਮਾਤਾ ਹੈ ਇਸ ਵਿਚ ਆਪਾਂ ਜੋ ਬੀਜਾਂਗੇ ਉਹੀ ਉੱਗੇਗਾ। ਇਸ ਲਈ ਸਾਨੂੰ ਸ਼ਰੀਰ ਰੂਪੀ ਧਰਤੀ ਤੇ ਰਹਿੰਦੇ ਹੋਇਆਂ ਨਾਮ ਦਾ ਬੀਜ ਅਤੇ ਚੰਗੇ ਕਰਮਾਂ ਦਾ ਹੀ ਬੀਜ ਬੀਜਣਾ ਚਾਹੀਦਾ ਹੈ ਕਿਉਂਕਿ ਅਸੀਂ ਜੋ ਬੀਜਾਂਗੇ ਉਹੀ ਸਾਨੂੰ ਕੱਟਣਾ ਪਵੇਗਾ। ਇਸ ਤੋਂ ਇਲਾਵਾ ਧਰਤੀ ਦਾ ਇਕ ਗੁਣ ਇਹ ਵੀ ਹੈ ਕਿ ਇਹ ਹਮੇਸ਼ਾ ਹੀ ਧੀਰਜਵਾਨ ਰਹਿੰਦੀ ਹੈ। ਭਾਵੇਂ ਕੋਈ ਇਸ ਨੂੰ ਚੰਦਨ ਦਾ ਲੇਪ ਕਰ ਦੇਵੇ ਅਤੇ ਭਾਵੇਂ ਕੋਈ ਇਸ ਨੂੰ ਕਹੀਆਂ ਮਾਰ ਕੇ ਖੋਦ ਖੋਦ ਕੇ ਖਰਾਬ ਕਰ ਦੇਵੇ ਤਾਂ ਵੀ ਇਹ ਕਿਸੇ ਨੂੰ ਕੁਝ ਨਹੀਂ ਕਹਿੰਦੀ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਵੀ ਉਸਤਤਿ ਅਤੇ ਨਿੰਦਿਆ ਦੋਨਾਂ ਨੂੰ ਸਮ ਕਰਕੇ ਜਾਨਣਾ ਹੈ। ਯਥਾ:**

**"ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥**
**ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥" (ਅੰਗ: 219)**

## ਚੌਥੀ ਸਿੱਖਿਆ

### "ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ"

ਅਰਥਾਤ ਧਰਮ ਰੂਪੀ ਕਾਨੂੰਨ ਅਕਾਲ ਪੁਰਖ ਦੀ ਹਜ਼ੂਰੀ ਵਿਚ ਜੀਵਾਂ ਦੇ ਕੀਤੇ ਹੋਏ ਚੰਗੇ ਤੇ ਮੰਦੇ ਕੰਮ ਵਿਚਾਰਦਾ ਹੈ। ਇਨ੍ਹਾਂ ਕੀਤੇ ਹੋਏ ਕੰਮਾਂ ਮੁਤਾਬਿਕ ਕਈ ਜੀਵ ਅਕਾਲ ਪੁਰਖੁ ਦੇ ਨੇੜੇ ਹੋ ਜਾਂਦੇ ਹਨ ਤੇ ਕਈ ਅਕਾਲ ਪੁਰਖੁ ਤੋਂ ਦੂਰ ਹੋ ਜਾਂਦੇ ਹਨ।

**ਕਈ ਵਾਰ ਲੋਕ ਸਵਾਲ ਕਰਦੇ ਹਨ ਕਿ ਬੰਦੇ ਨੂੰ ਚੰਗਾ ਹੋਣਾ ਚਾਹੀਦਾ ਹੈ, ਚੰਗੇ ਕੰਮ ਕਰਨੇ ਚਾਹੀਦੇ ਹਨ ਅਤੇ ਨਾਮ ਜਪਣ ਦੀ ਕੀ ਲੋੜ ਹੈ?**

ਤਾਂ ਇਸ ਦੇ ਜਵਾਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸਲੋਕ ਵਿਚ ਸਾਫ ਤੌਰ ਤੇ ਸਪੱਸ਼ਟ ਕਰ ਦਿੱਤਾ ਹੈ ਕਿ ਚੰਗਿਆਈਆਂ ਕਰਨ ਨਾਲ ਬੰਦਾ ਅਕਾਲ ਪੁਰਖੁ ਦੇ ਨੇੜੇ ਤਾਂ ਹੋ ਸਕਦਾ ਹੈ ਪਰ ਉਸ ਦੀ ਮਾਇਆ ਦੇ ਬੰਧਨਾਂ ਤੋਂ ਖਲਾਸੀ ਨਦਰਿ ਤੋਂ ਬਿਨਾਂ ਨਹੀਂ ਹੋ ਸਕੇਗੀ ਜੋ ਨਾਮ ਸਿਮਰਨ ਤੋਂ ਪ੍ਰਾਪਤ ਹੁੰਦੀ ਹੈ ਅਤੇ ਉਸ ਦਾ ਸੰਸਾਰ ਤੇ ਆਉਣਾ ਜਾਣਾ ਲੱਗਾ ਰਹੇਗਾ। ਜੇ ਕੋਈ ਮਨੁੱਖ ਚਾਹੁੰਦਾ ਹੈ ਕਿ ਉਸ ਦੀ ਮਾਇਆ ਦੇ ਬੰਧਨਾਂ ਤੋਂ ਮੁਕਤੀ ਹੋ ਜਾਵੇ ਅਤੇ ਉਹ ਅਕਾਲ ਪੁਰਖੁ ਦੇ ਦਰ ਤੇ ਉਜਲਾ ਮੁੱਖ ਲੈ ਕੇ ਪ੍ਰਵਾਨ ਹੋ ਜਾਵੇ ਤਾਂ ਉਸ ਲਈ ਕੇਵਲ ਇਕੋ ਇਕ ਜੁਗਤਿ ਹੈ ਕਿ ਉਹ ਅਕਾਲ ਪੁਰਖੁ ਦੇ ਨਾਮ ਨੂੰ ਸਿਮਰੇ ਅਤੇ ਨਾਲ ਹੀ ਆਪਣੇ ਜੀਵਨ ਨੂੰ ਚੰਗਾ ਵੀ ਰਖੇ। **ਖਾਲੀ ਚੰਗਿਆਈਆਂ ਦੇ ਨਾਲ ਉਸ ਦੀ ਮੁਕਤੀ ਨਹੀਂ ਹੋ ਸਕਦੀ ਕਿਉਂਕਿ ਚੰਗਿਆਈ ਉਪਜਦੀ ਹੀ ਦੇਹ ਰੂਪੀ ਚੰਗੀ ਧਰਤੀ ਵਿਚ ਨਾਮ ਰੂਪੀ ਚੰਗੇ ਬੀਜ ਬੀਜਣ ਕਰਕੇ ਹੈ।**

# ਸਾਖੀਆਂ

## ਵੈਸ਼ਨੋ ਸਾਧ

ਇਕ ਵਾਰ ਗੁਰੂ ਨਾਨਕ ਦੇਵ ਜੀ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਹਰਿਦੁਆਰ ਪਹੁੰਚੇ ਅਤੇ ਗੰਗਾ ਨਦੀ ਦੇ ਕੰਢੇ ਜਾ ਕੇ ਡੇਰਾ ਲਗਾਇਆ। ਗੁਰੂ ਸਾਹਿਬ ਤੋਂ ਥੋੜੀ ਦੂਰ ਇਕ ਸਾਧ ਦਾ ਡੇਰਾ ਸੀ। ਇਹ ਸਾਧ ਬਹੁਤ ਪਾਖੰਡ ਕਰਦਾ ਸੀ। ਗੁਰੂ ਜੀ ਨੇ ਇਸ ਪਾਖੰਡੀ ਦਾ ਪਾਜ ਉਘਾੜਨ ਲਈ ਉਸ ਦੇ ਨੇੜੇ ਡੇਰਾ ਲਾਇਆ ਹੋਇਆ ਸੀ।

ਅਗਲੇ ਦਿਨ ਸਾਧ ਨੇ ਇਸ਼ਨਾਨ ਕੀਤਾ। ਭੋਜਨ ਪਕਾਉਣ ਦੀ ਤਿਆਰੀ ਕਰਨ ਲੱਗਾ। ਚੌਂਕਾ ਤਿਆਰ ਕਰਨ ਲਈ ਗਾਂ ਦੇ ਗੋਹੇ ਦਾ ਪੋਚਾ ਫੇਰਿਆ। ਲੱਕੜੀਆਂ ਸੁੱਚੀਆਂ ਕਰਨ ਲਈ ਉਨ੍ਹਾਂ ਨੂੰ ਪਾਣੀ ਨਾਲ ਧੋਤਾ। ਚੌਂਕੇ ਦੇ ਆਲੇ ਦੁਆਲੇ ਲਕੀਰ ਖਿੱਚ ਦਿੱਤੀ ਤਾਂ ਕਿ ਉਸ ਦੇ ਚੌਂਕੇ ਤੇ ਕਿਸੇ ਗੈਰ ਆਦਮੀ ਦਾ ਪਰਛਾਵਾਂ ਨਾ ਪੈ ਜਾਵੇ। ਲੱਕੜੀਆਂ ਬਾਲ ਕੇ ਭੋਜਨ ਤਿਆਰ ਕਰਨ ਲੱਗਾ। ਉਹ ਇਸ ਬਾਹਰੀ ਪਵਿੱਤਰਤਾ ਜਾਂ ਸੁੱਚਮਤਾ ਨੂੰ ਹੀ ਆਪਣਾ ਧਰਮ ਸਮਝਦਾ ਸੀ ਤੇ ਆਪਣੇ ਆਪ ਨੂੰ ਵੱਡਾ ਧਰਮੀ।

ਗੁਰੂ ਜੀ ਨੇ ਸਾਧ ਦਾ ਭੁਲੇਖਾ ਦੂਰ ਕਰਨਾ ਸੀ ਤੇ ਲੋਕਾਂ ਨੂੰ ਸਮਝਾਉਣਾ ਸੀ ਕਿ ਇਹ ਧਰਮ ਨਹੀ ਪਾਖੰਡ ਹੈ। ਇਸ ਲਈ ਭਾਈ ਮਰਦਾਨਾ ਜੀ ਨੂੰ ਭੇਜਿਆ ਕਿ ਸਾਧ ਕੋਲੋਂ ਅੱਗ ਲੈ ਕੇ ਆਓ। ਭਾਈ ਮਰਦਾਨਾ ਜੀ ਸਾਧ ਕੋਲ ਗਏ ਅਤੇ ਅੱਗ ਮੰਗੀ । ਸਾਧ ਲੋਹਾ ਲਾਖਾ (ਗੁੱਸੇ) ਹੋ ਕੇ ਗਾਲ੍ਹਾਂ ਕੱਢਣ ਲੱਗ ਗਿਆ। ਸਾਧ ਭਾਈ ਮਰਦਾਨੇ ਨੂੰ ਕਹਿਣ ਲੱਗਾ,"ਤੂੰ ਮੇਰਾ ਚੌਂਕਾ ਭਿੱਟ ਦਿੱਤਾ ਹੈ।" ਸਾਧ ਗੁੱਸੇ ਨਾਲ ਭਰਿਆ ਪਿਆ ਸੀ। ਉਹ ਅੱਗ ਦੀ ਚੁਆਤੀ ਲੈ ਕੇ ਭਾਈ ਮਰਦਾਨਾ ਜੀ ਮਗਰ ਦੌੜਿਆ। ਭਾਈ ਮਰਦਾਨਾ ਜੀ ਗੁਰੂ ਜੀ ਕੋਲ ਆ ਗਏ। ਮਗਰ ਮਗਰ ਸਾਧ ਵੀ ਪਹੁੰਚ ਗਿਆ।

ਗੁਰੂ ਨਾਨਕ ਸਾਹਿਬ ਨੇ ਪੁੱਛਿਆ,"ਸਾਧ ਜੀ! ਆਪ ਇੰਨੇ ਗੁੱਸੇ ਵਿਚ ਕਿਉਂ ਹੋ?" ਤਾਂ ਸਾਧ ਨੇ ਗੁੱਸੇ ਵਿਚ ਹੀ ਜਵਾਬ ਦਿੱਤਾ," ਇਸ ਮਰਾਸੀ ਨੇ ਮੇਰਾ ਚੌਂਕਾ ਭਿੱਟ ਦਿੱਤਾ ਹੈ ਇਸ ਦਾ ਪਰਛਾਵਾਂ ਮੇਰੇ ਚੌਂਕੇ ਉੱਤੇ ਪਿਆ ਹੈ ਜਿਸ ਨਾਲ ਮੇਰਾ ਚੌਂਕਾ ਅਪਵਿੱਤਰ ਹੋ ਗਿਆ ਹੈ। ”

ਗੁਰੂ ਜੀ ਨੇ ਕਿਹਾ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਭਾਈ ਮਰਦਾਨਾ ਵੀ ਤੇਰੇ ਵਰਗਾ ਮਨੁੱਖ ਹੈ। ਨੀਵਾਂ ਉਹ ਹੈ ਜੋ ਨੀਵੇਂ ਕੰਮ ਕਰੇ ਤੇ ਉੱਚਾ ਉਹ ਹੈ ਜੋ ਨੇਕ ਕੰਮ ਕਰੇ।ਗੁਰੂ ਜੀ ਨੇ ਸਾਧੂ ਨੂੰ ਕਿਹਾ,"ਤੂੰ ਆਪਣੇ ਅੰਦਰ ਝਾਤੀ ਮਾਰ ਕੇ ਵੇਖ ਕਿੰਨੇ ਔਗੁਣ ਤੇਰੇ ਅੰਦਰ ਭਰੇ ਪਏ ਹਨ। ਤੇਰੇ ਅੰਦਰ ਦਇਆ ਨਹੀਂ, ਕ੍ਰੋਧ ਹੈ; ਪਿਆਰ ਨਹੀਂ, ਨਫਰਤ ਹੈ; ਸਰਬੱਤ ਦਾ ਭਲਾ ਨਹੀਂ, ਪਰਾਈ ਨਿੰਦਾ ਹੈ; ਉੱਚੀ ਸੁੱਚੀ ਮੱਤ ਨਹੀਂ, ਨੀਚ ਵਿਚਾਰ ਹਨ।

ਗੁਰੂ ਜੀ ਨੇ ਕਿਹਾ ਕਿ ਇਹ ਠੀਕ ਹੈ ਕਿ ਤੂੰ ਚੌਂਕਾ ਸੁੱਚਾ ਕਰ ਲਿਆ, ਲੱਕੜੀਆਂ ਧੋ ਲਈਆਂ, ਲਕੀਰ ਕੱਢ ਲਈ ਪਰ ਇਸ ਦਾ ਕੀ ਫਾਇਦਾ ਜੇਕਰ ਮਨ ਪਵਿੱਤਰ ਨਹੀਂ ਹੋ ਸਕਿਆ। ਗੁਰੂ ਸਾਹਿਬ ਨੇ ਵੈਸ਼ਨੋ ਸਾਧ ਨੂੰ ਸਮਝਾਉਂਦੇ ਹੋਏ ਫੁਰਮਾਇਆ:-

**"ਕੁਬੁਧਿ ਡੂਮਣੀ ਕੁਦਇਆ ਕਸਾਇਣਿ**
**ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥**
**ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ॥**
**ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ॥**
**ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ॥ (ਅੰਗ:91)**

ਭਾਵ: ਭੈੜੀ ਮਤ (ਮਨੁੱਖ ਦੇ ਅੰਦਰ ਦੀ) ਮਿਰਾਸਣ ਹੈ, ਲੋਕਾਂ ਉਤੇ ਦਇਆ ਨਾ ਕਰਨੀ (ਬੇ-ਤਰਸੀ) ਕਸਾਇਣ ਹੈ, ਪਰਾਈ ਨਿੰਦਿਆ ਅੰਦਰ ਦੀ ਚੂਹੜੀ ਹੈ ਤੇ ਕ੍ਰੋਧ ਚੰਡਾਲਣੀ (ਹੈ ਜਿਸ) ਨੇ (ਜੀਵ ਦੇ ਸ਼ਾਂਤ ਸੁਭਾਉ ਨੂੰ) ਠੱਗ ਰੱਖਿਆ ਹੈ । ਜੇ ਇਹ ਚਾਰੇ ਅੰਦਰ ਹੀ ਬੈਠੀਆਂ ਹੋਣ, ਤਾਂ (ਬਾਹਰ ਚੌਂਕਾ ਸੁੱਚਾ ਰੱਖਣ ਲਈ) ਲਕੀਰਾਂ ਕੱਢਣ ਦਾ ਕੀਹ ਲਾਭ? ਹੇ ਨਾਨਕ! ਜੋ ਮਨੁੱਖ 'ਸੱਚ' ਨੂੰ (ਚੌਂਕਾ ਸੁੱਚਾ ਕਰਨ ਦੀ) ਜੁਗਤਿ ਬਣਾਂਦੇ ਹਨ, ਉੱਚੇ ਆਚਰਨ ਨੂੰ (ਚੌਂਕੇ ਦੀਆਂ) ਲਕੀਰਾਂ ਬਣਾਂਦੇ ਹਨ, ਜੋ ਨਾਮ ਜਪਦੇ ਹਨ ਤੇ ਇਸ ਨੂੰ (ਤੀਰਥ) ਇਸ਼ਨਾਨ ਸਮਝਦੇ ਹਨ, ਜੋ ਹੋਰਨਾਂ ਨੂੰ ਭੀ ਪਾਪਾਂ ਵਾਲੀ ਸਿੱਖਿਆ ਨਹੀਂ ਦੇਂਦੇ, ਉਹ ਮਨੁੱਖ ਪ੍ਰਭੂ ਦੀ ਹਜ਼ੂਰੀ ਵਿਚ ਚੰਗੇ ਗਿਣੇ ਜਾਂਦੇ ਹਨ ।

**ਸਿੱਖਿਆ: ਜਪੁ ਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਸਾਨੂੰ ਇਹ ਸਮਝਾਉਂਦੇ ਹਨ ਕਿ ਬਾਹਰ ਦੀ ਸੁੱਚਮਤਾ ਰੱਖਣ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਅਸੀਂ ਇਸ ਤਰੀਕੇ ਨਾਲ ਸਚਿਆਰ ਨਹੀਂ ਬਣ ਸਕਦੇ।**

# ਕਲਜੁਗ ਪੰਡੇ ਨੂੰ ਉਪਦੇਸ਼

ਪ੍ਰਚਾਰ ਦੌਰਾਨ ਗੁਰੂ ਨਾਨਕ ਦੇਵ ਜੀ ਜਗਨਨਾਥਪੁਰੀ ਗਏ। ਇੱਥੇ ਕਲਜੁਗ ਨਾਮ ਦਾ ਇਕ ਪੰਡਤ ਰਹਿੰਦਾ ਸੀ। ਇਹ ਪੰਡਤ ਭੋਲੇ ਭਾਲੇ ਲੋਕਾਂ ਨੂੰ ਬਹੁਤ ਠੱਗ ਰਿਹਾ ਸੀ। ਇਕ ਦਿਨ ਗੁਰੂ ਜੀ ਨੇ ਦੇਖਿਆ ਕਿ ਉਹ ਸਾਧਾਂ ਵਾਂਗ ਸਮਾਧੀ ਲਾ ਕੇ ਬੈਠਾ ਹੋਇਆ ਸੀ ਤੇ ਬਹੁਤ ਸਾਰੇ ਲੋਕ ਉਸਦੇ ਆਲੇ ਦੁਆਲੇ ਜੁੜੇ ਹੋਏ ਸੀ। ਉਸਨੇ ਆਪਣੇ ਸਾਹਮਣੇ ਇਕ ਗੜਵਾ ਰੱਖਿਆ ਹੋਇਆ ਸੀ। ਜਿਸ ਵਿਚ ਲੋਕ ਪੈਸੇ ਪਾ ਰਹੇ ਸਨ। ਇਹ ਪੰਡਾ ਕਦੀਂ ਅੱਖਾਂ ਖੋਲ ਰਿਹਾ ਸੀ ਕਦੇ ਅੱਖਾਂ ਬੰਦ ਕਰ ਲੈਂਦਾ। ਕਦੇ ਕਹਿੰਦਾ ਕਿ ਮੈਨੂੰ ਸਵਰਗ ਵਿਚ ਭਗਵਾਨ ਦੇ ਦਰਸ਼ਨ ਹੋ ਰਹੇ ਹਨ, ਕਦੀ ਉਹ ਬ੍ਰਹਮਪੁਰੀ ਦੀਆਂ ਗੱਲਾਂ ਕਰਦਾ, ਕਦੀ ਸ਼ਿਵਪੁਰੀ ਦੀਆਂ ਤੇ ਕਦੀ ਵਿਸ਼ਨੂੰਪੁਰੀ ਦੀਆ। ਉਹ ਇਸ ਤਰ੍ਹਾਂ ਕਰਕੇ ਲੋਕਾਂ ਨੂੰ ਬੇਵਕੂਫ ਬਣਾ ਰਿਹਾ ਸੀ। ਉਸਦੀਆਂ ਗੱਲਾਂ ਸੁਣ ਕੇ ਸਭ ਹੈਰਾਨ ਹੋ ਰਹੇ ਸੀ। ਫਿਰ ਪੰਡਾ ਕਹਿੰਦਾ "ਤੁਸੀਂ ਵੀ ਅੱਖਾਂ ਬੰਦ ਕਰ ਕੇ ਸਵਰਗ ਦਾ ਧਿਆਨ ਕਰੋ। ਤੁਹਾਨੂੰ ਵੀ ਮੈਂ ਦਰਸ਼ਨ ਕਰਾਉਂਦਾ ਹਾਂ।"

ਗੁਰੂ ਸਾਹਿਬ ਤੇ ਭਾਈ ਮਰਦਾਨਾ ਜੀ ਇਹ ਸਭ ਪਾਖੰਡ ਦੇਖ ਰਹੇ ਸੀ। ਜਦ ਸਭ ਨੇ ਪੰਡੇ ਦੇ ਕਹਿਣ ਤੇ ਅੱਖਾਂ ਬੰਦ ਕਰ ਲਈਆ ਤਾਂ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਇਸ਼ਾਰਾ ਕੀਤਾ ਕਿ ਉਸ ਦਾ ਗੜਵਾ ਚੁੱਕ ਕੇ ਉਸ ਦੇ ਪਿੱਛੇ ਰੱਖ ਦੇਵੇ। ਭਾਈ ਮਰਦਾਨੇ ਨੇ ਇਸੇ ਤਰ੍ਹਾਂ ਕੀਤਾ।

ਕੁਝ ਦੇਰ ਬਾਅਦ ਪੰਡੇ ਨੇ ਅੱਖਾਂ ਖੋਲੀਆਂ ਤਾਂ ਦੇਖਿਆ ਕਿ ਉਸ ਦਾ ਗੜਵਾ ਗੁੰਮ ਹੈ। ਉਸ ਨੇ ਬੜਾ ਰੌਲਾ ਪਾਇਆ। ਬੜੇ ਕ੍ਰੋਧ ਵਿਚ ਆ ਕੇ ਪੁੱਛਣ ਲੱਗਾ,"ਮੇਰਾ ਗੜਵਾ ਕਿਸ ਨੇ ਚੁੱਕਿਆ ਹੈ ? ਸੰਤਾਂ ਨਾਲ ਮਸ਼ਕਰੀ ਕਰਨੀ ਠੀਕ ਨਹੀਂ। ਹਮ ਪੈਸੇ ਕਾ ਲਾਲਚ ਨਹੀਂ ਕਰਤੇ.........।" ਪਰ ਅਸਲ ਗੱਲ ਤਾਂ ਪੈਸੇ ਦੀ ਹੀ ਸੀ ਕਿਉਂਕਿ ਉਸ ਦਾ ਧਿਆਨ ਸਾਰੇ ਦਾ ਸਾਰਾ ਪੈਸੇ ਵਿਚ ਹੀ ਸੀ ।

ਵੇਖਣ ਵਾਲੇ ਹੈਰਾਨ ਹੋ ਗਏ। ਪਾਂਡੇ ਦਾ ਰੌਲਾ ਸੁਣ ਕੇ ਹੋਰ ਲੋਕ ਇਕਠੇ ਹੋ ਗਏ। ਹੁਣ ਗੁਰੂ ਜੀ ਨੇ ਵੇਖਿਆ ਕਿ ਮੌਕਾ ਠੀਕ ਬਣ ਗਿਆ ਹੈ। ਗੁਰੂ ਜੀ ਨੇ ਪਾਂਡੇ ਨੂੰ ਆਖਿਆ,"ਪੰਡਿਤ ਜੀ! ਤੁਹਾਨੂੰ ਤਾਂ ਤਿੰਨਾਂ ਲੋਕਾਂ ਦੇ ਦਰਸ਼ਨ ਹੋ ਰਹੇ ਸਨ। ਤੁਸੀਂ ਤਾਂ ਭਗਵਾਨ ਦੇ ਦਰਸ਼ਨ ਕਰ ਰਹੇ ਸੀ। ਤੁਸੀਂ ਆਪ ਹੀ ਨਜ਼ਰ ਮਾਰੋ ਸ਼ਾਇਦ ਕਿਤੇ ਗੜਵਾ ਨਜ਼ਰ ਆ ਜਾਵੇ।" ਇਹ ਗੱਲ ਸੁਣ ਕੇ ਪੰਡਾ ਹੋਰ ਵੀ ਕਲਪ ਗਿਆ। ਕੁਝ ਲੋਕਾਂ ਨੇ ਕਿਹਾ ਪੰਡਿਤ ਜੀ ਤੁਹਾਡੀ ਨਜ਼ਰ ਸਵਰਗ ਤੱਕ ਜਾ ਸਕਦੀ ਹੈ ਤਾਂ ਤੁਹਾਨੂੰ ਗੜਵਾ ਨਜ਼ਰ ਕਿਉਂ ਨਹੀ ਆ ਰਿਹਾ? ਪੰਡਿਤ ਸ਼ਰਮਸਾਰ ਹੋ ਗਿਆ। ਉਸਨੂੰ ਕੋਈ ਉੱਤਰ ਨਹੀ ਸੁੱਝ ਰਿਹਾ ਸੀ। ਲੋਕਾਂ ਨੂੰ ਪੰਡਤ ਦਾ ਸਾਰਾ ਪਾਖੰਡ ਸਮਝ ਆ ਚੁੱਕਾ ਸੀ।

ਗੁਰੂ ਜੀ ਨੇ ਲੋਕਾਂ ਨੂੰ ਕਲਜੁਗ ਪੰਡੇ ਦੇ ਪ੍ਰਥਾਇ ਉਪਦੇਸ਼ ਦਿੱਤਾ, "ਜਿਹੜੇ ਪਾਖੰਡੀ ਲੋਕ ਅੱਖ, ਨੱਕ, ਕੰਨ ਆਦਿ ਬੰਦ ਕਰਕੇ ਲੋਕਾਂ ਨੂੰ ਠੱਗਣ ਲਈ ਸਮਾਧੀ ਲਾਉਣ ਦਾ ਬਹਾਨਾ ਕਰਦੇ ਹਨ ਉਨ੍ਹਾਂ ਤੇ ਬਿਲਕੁਲ ਵਿਸ਼ਵਾਸ ਨਾ ਕਰੋ। ਐਸੇ ਬੰਦੇ ਪ੍ਰਮਾਤਮਾ ਦੇ ਸੰਤ ਨਹੀਂ ਸਗੋਂ ਠੱਗ ਹਨ।" ਗੁਰੂ ਜੀ ਨੇ ਇਸ ਪ੍ਰਥਾਇ ਹੇਠ ਲਿਖੀ ਬਾਣੀ ਉਚਾਰੀ:-

**ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥1॥ ਰਹਾਉ ॥**

**ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ॥**
**ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ॥੨॥ (ਅੰਗ:662)**

ਭਾਵ ਇਹ ਮਨੁੱਖਾ ਜਨਮ ਦਾ ਸਮਾਂ ਅੱਖਾਂ ਮੀਟਣ ਅਤੇ ਨੱਕ ਫੜਨ ਵਾਸਤੇ ਨਹੀਂ ਹੈ। ਇਨ੍ਹਾਂ ਢੰਗਾਂ ਨਾਲ ਪਰਮਾਤਮਾ ਨਾਲ ਮੇਲ ਨਹੀਂ ਹੁੰਦਾ ਅਤੇ ਨਾ ਹੀ ਉਚੇ ਆਚਰਣ ਦਾ ਤਰੀਕਾ ਹੈ। ਇਨ੍ਹਾਂ ਤਰੀਕਿਆਂ ਰਾਹੀਂ ਜਗਤ ਦੇ ਅਨੇਕਾਂ ਪਵਿੱਤਰ ਹਿਰਦੇ ਵੀ ਗੰਦੇ ਹੋ ਜਾਂਦੇ ਹਨ ਅਤੇ ਇਸ ਤਰ੍ਹਾਂ ਜਗਤ ਵਿਕਾਰਾਂ ਵਿਚ ਡੁੱਬਣ ਲੱਗ ਪੈਂਦਾ ਹੈ। ਹੱਥ ਦੇ ਅੰਗੂਠੇ ਅਤੇ ਨਾਲ ਦੀਆਂ ਦੋ ਉਂਗਲਾਂ ਨਾਲ ਇਹ ਨੱਕ ਫੜਦੇ ਹਨ, ਸਮਾਧੀ ਦੀ ਸ਼ਕਲ ਵਿਚ ਬੈਠ ਕੇ ਇਹ ਆਖਦੇ ਹਨ ਕਿ ਤਿੰਨੇ ਹੀ ਲੋਕ ਦਿੱਸ ਰਹੇ ਹਨ ਪਰ ਆਪਣੀ ਹੀ ਪਿੱਠ ਪਿੱਛੇ ਪਈ ਕੋਈ ਚੀਜ ਨਹੀਂ ਦਿੱਸਦੀ।

ਗੁਰੂ ਜੀ ਦਾ ਪਵਿੱਤਰ ਉਪਦੇਸ਼ ਸੁਣ ਕੇ ਕਲਜੁਗ ਪੰਡਾ ਗੁਰੂ ਜੀ ਦੇ ਚਰਨੀਂ ਡਿੱਗਾ ਅਤੇ ਗੁਰੂ ਜੀ ਦਾ ਸਿੱਖ ਬਣ ਗਿਆ। ਗੁਰੂ ਜੀ ਨੇ ਉਸ ਨੂੰ ਸਿੱਖ ਧਰਮ ਦਾ ਪ੍ਰਚਾਰਕ ਥਾਪਿਆ।

ਸਿੱਖਿਆ: ਜਪੁ ਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਵੀ ਸਾਨੂੰ ਇਹੀ ਸਮਝਾਇਆ ਗਿਆ ਹੈ ਕਿ ਝੂਠੀ ਮੂਠੀ ਦੀਆਂ ਅੱਖਾਂ ਬੰਦ ਕਰਨ ਨਾਲ, ਸਮਾਧੀਆਂ ਲਾਉਣ ਨਾਲ ਅਸੀਂ ਸਚਿਆਰੇ ਨਹੀਂ ਬਣ ਸਕਦੇ।

# ਕਾਰੂੰ ਬਾਦਸ਼ਾਹ ਦੀ ਸਾਖੀ

ਇਸ ਸਾਖੀ ਦਾ ਜ਼ਿਕਰ ਨਾਨਕ ਪ੍ਰਕਾਸ਼ ਜੋ ਕਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਹਿੱਸਾ ਹੈ ਉਸਦੇ ਉੱਤਰਾਰਧ ਦੇ 16ਵੇਂ ਅਧਿਆਇ ਦੇ ਵਿਚ ਕਾਰੂੰ ਪ੍ਰਸੰਗ ਦੇ ਸਿਰਲੇਖ ਹੇਠ ਆਇਆ ਹੈ। ਇਕ ਕਾਰੂੰ ਨਾਮ ਦਾ ਬਾਦਸ਼ਾਹ ਸੀ। ਉਸ ਨੂੰ ਪੈਸੇ ਨਾਲ ਬਹੁਤ ਪਿਆਰ ਸੀ। ਆਪਣੇ ਕੋਲ ਬਹੁਤ ਦੌਲਤ ਹੁੰਦੇ ਹੋਏ ਵੀ ਉਹ ਹੋਰ ਦੌਲਤ ਚਾਹੁੰਦਾ ਸੀ। ਇਸ ਲਈ ਉਸਨੇ ਆਪਣੀ ਪਰਜਾ ਦੇ ਲੋਕਾਂ ਕੋਲੋਂ ਵੀ ਸਾਰੀ ਧਨ ਦੌਲਤ ਲੈ ਲਈ। ਹੁਣ ਉਸਦੀ ਪਰਜਾ ਕੋਲ ਕੋਈ ਪੈਸਾ ਨਹੀਂ ਸੀ ਪਰ ਤਾਂ ਵੀ ਉਸਦਾ ਪੈਸੇ ਇਕੱਠੇ ਕਰਨ ਦਾ ਲਾਲਚ ਨਹੀਂ ਸੀ ਖਤਮ ਹੋਇਆ। ਉਸਦੇ ਮਨ ਵਿਚ ਇਹ ਗੱਲ ਆਈ ਕਿ ਸ਼ਾਇਦ ਕਿਸੇ ਕੋਲ ਅਜੇ ਵੀ ਪੈਸੇ ਹੋਣ। ਕਿੰਨਾ ਚੰਗਾ ਹੋਵੇ ਕਿ ਉਹ ਸਾਰੇ ਦੇ ਸਾਰੇ ਪੈਸੇ ਵੀ ਮੈਨੂੰ ਮਿਲ ਜਾਣ।

ਉਸਨੇ ਆਪਣੀ ਪੈਸੇ ਦੀ ਭੁੱਖ ਨੂੰ ਪੂਰਾ ਕਰਨ ਲਈ ਆਪਣੀ ਪਰਜਾ ਵਿਚ ਐਲਾਨ ਕੀਤਾ ਕਿ ਜੋ ਵੀ ਬੰਦਾ ਮੇਰੇ ਕੋਲ ਇਕ ਸਿੱਕਾ ਲੈ ਕੇ ਆਏਗਾ ਮੈਂ ਆਪਣੀ ਧੀ ਦਾ ਰਿਸ਼ਤਾ ਉਸ ਨਾਲ ਕਰਾਂਗਾਂ। ਇਕ ਲੜਕੇ ਨੇ ਜਦ ਇਹ ਗੱਲ ਸੁਣੀ ਤਾਂ ਉਸਨੇ ਆਪਣੀ ਮਾਂ ਨੂੰ ਕਿਹਾ ਕਿ ਮੈਨੂੰ ਇਕ ਸਿੱਕਾ ਦੇ ਦਿਉ ਤਾਂ ਉਸ ਦੀ ਮਾਂ ਨੇ ਕਿਹਾ ਕਿ ਘਰ ਵਿਚ ਕੋਈ ਵੀ ਸਿੱਕਾ ਨਹੀਂ ਹੈ ਸਾਰੇ ਦੇ ਸਾਰੇ ਸਿੱਕੇ ਤਾਂ ਰਾਜੇ ਨੇ ਕੋਲ ਪਹੁੰਚ ਚੁੱਕੇ ਹਨ। ਇਹ ਗੱਲ ਸੁਣ ਕੇ ਬੱਚੇ ਨੇ ਮਾਂ ਨੂੰ ਕਿਹਾ ਕਿ ਕੋਈ ਐਸਾ ਹੱਲ ਕੱਢੋ ਜਿਸ ਨਾਲ ਮੈਨੂੰ ਸਿੱਕਾ ਪ੍ਰਾਪਤ ਹੋ ਜਾਵੇ ਅਤੇ ਮੈਂ ਰਾਜੇ ਦੀ ਧੀ ਨਾਲ ਵਿਆਹ ਕਰਵਾ ਸਕਾਂ। ਬੜੀ ਡੂੰਘੀ ਸੋਚ ਤੋਂ ਬਾਅਦ ਉਸ ਦੀ ਮਾਂ ਨੇ ਕਿਹਾ ਜਦ ਤੇਰੇ ਪਿਤਾ ਦੀ ਮੌਤ ਤੋਂ ਬਾਦ ਉਸਨੂੰ ਦਫਨਾਇਆ ਗਿਆ ਸੀ ਤਾਂ ਉਸਦੇ ਮੂੰਹ ਵਿਚ ਇਕ ਸਿੱਕਾ ਪਾਇਆ ਸੀ । ਉਸ ਲੜਕੇ ਨੇ ਕਬਰ ਵਿਚੋਂ ਉਹ ਸਿੱਕਾ ਕੱਢ ਕੇ ਲਿਆਂਦਾ ਅਤੇ ਬਾਦਸ਼ਾਹ ਕੋਲ ਚਲਾ ਗਿਆ।

ਜਦ ਬਾਦਸ਼ਾਹ ਨੇ ਉਸ ਕੋਲ ਸਿੱਕਾ ਦੇਖਿਆ ਤਾਂ ਉਹ ਬਹੁਤ ਹੈਰਾਨ ਹੋਇਆ। ਉਸਨੇ ਉਸ ਲੜਕੇ ਨੂੰ ਪੁੱਛਿਆ ਕਿ ਤੂੰ ਇਹ ਸਿੱਕਾ ਕਿਥੋਂ ਲੈ ਕੇ ਆਇਆ ਤਾਂ ਉਸ ਨੇ ਦਸਿਆ ਕਿ ਉਹ ਆਪਣੇ ਪਿਤਾ ਦੀ ਕਬਰ ਪੁੱਟ ਕੇ ਉਸ ਵਿਚੋਂ ਇਹ ਸਿੱਕਾ ਲੈ ਕੇ ਆਇਆ ਹੈ। ਬਾਦਸ਼ਾਹ ਜੋ ਕਿ ਪੈਸੇ ਦੇ ਲਾਲਚ ਵਿਚ ਇੰਨਾ ਜਿਆਦਾ ਗਲਤਾਨ ਹੋ ਚੁੱਕਾ ਸੀ, ਉਸਨੇ ਆਪਣੇ ਰਾਜ ਵਿਚ ਜਿੰਨੀਆਂ ਵੀ ਕਬਰਾਂ ਸੀ ਸਾਰੀਆਂ ਹੀ ਪੁਟਵਾ ਦਿੱਤੀਆਂ ਅਤੇ ਉਨ੍ਹਾਂ ਵਿਚੋਂ ਵੀ ਸਿੱਕੇ ਕੱਢ ਲਏ। ਦੌਲਤ ਦੀ ਭੁੱਖ ਉਸ ਨੂੰ ਇੰਨੀ ਜਿਆਦਾ ਸੀ ਕਿ ਕਬਰਾਂ ਪੁਟਵਾ ਕੇ ਪੈਸੇ ਕਢਵਾਉਣ ਦੀ ਹਰਕਤ ਦੀ ਵੀ ਉਸ ਨੂੰ ਕੋਈ ਸ਼ਰਮ ਨਹੀਂ ਆਈ ਕਿ ਉਹ ਕਿੰਨਾ ਨੀਚ ਕੰਮ ਕਰ ਰਿਹਾ ਹੈ ।ਉਸ ਨੂੰ ਇਹ ਵੀ ਅਹਿਸਾਸ ਨਹੀਂ ਹੋਇਆ ਕਿ ਇਹ ਪੈਸਾ ਉਸ ਦੇ ਨਾਲ ਨਹੀਂ ਜਾਣਾ।

ਇਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਉਸਦੇ ਮਹਿਲਾਂ ਦੇ ਬਾਹਰ ਆਏ ਅਤੇ ਉਨ੍ਹਾਂ ਨੂੰ ਰਾਜੇ ਦੇ ਕਰਮਚਾਰੀਆਂ ਕੋਲੋਂ ਰਾਜੇ ਦੀ ਦੌਲਤ ਦੀ ਭੁੱਖ ਬਾਰੇ ਪਤਾ ਲਗਿਆ। ਰਾਜੇ ਨੂੰ ਸਮਝਾਉਣ ਵਾਸਤੇ ਉਨ੍ਹਾਂ ਨੇ ਰਾਜੇ ਦੇ ਰਾਜ ਦਰਬਾਰੀਆਂ ਨੂੰ ਕਿਹਾ ਕਿ ਰਾਜੇ ਨੂੰ ਸੁਨੇਹਾ ਦੇ ਦਿਉ ਕਿ ਉਸ ਨੂੰ ਮਿਲਣ ਵਾਸਤੇ ਉਸਦੇ ਮਹਿਲਾਂ ਦੇ ਬਾਹਰ ਕੋਈ ਫਕੀਰ ਸੰਤ ਆਏ ਹਨ। ਕਰਮਚਾਰੀਆਂ ਦਾ ਸੁਨੇਹਾ ਮਿਲਣ ਤੇ ਰਾਜਾ ਗੁਰੂ ਸਾਹਿਬ ਨੂੰ ਮਿਲਣ ਲਈ ਤੁਰ ਪਿਆ। ਜਦੋਂ ਗੁਰੂ ਜੀ ਨੇ ਰਾਜੇ ਨੂੰ ਆਪਣੇ ਵੱਲ ਆਉਂਦਿਆਂ ਦੇਖਿਆ ਤਾਂ ਉਨ੍ਹਾਂ ਨੇ ਉਸ ਸਮੇਂ ਠੀਕਰੀਆਂ ਇੱਕਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਾਰੂੰ ਨੇ ਜਦ ਉਨ੍ਹਾਂ ਨੂੰ ਠੀਕਰੀਆਂ ਇਕੱਠੇ ਕਰਦੇ ਦੇਖਿਆ ਤਾਂ ਉਸਨੇ ਪੁੱਛਿਆ ਕਿ ਤੁਸੀਂ ਇਹ ਠੀਕਰੀਆਂ ਕਿਉਂ ਇੱਕਠੀਆਂ ਕਰ ਰਹੇ ਹੋ ? ਉਸ ਵੇਲੇ ਗੁਰੂ ਜੀ ਨੇ

ਜਵਾਬ ਦਿੱਤਾ ਕਿ ਮੈਂ ਦੂਰ ਦੁਰੇਡੇ ਸਫਰ ਤੇ ਜਾਣਾ ਹੈ ਅਤੇ ਇਹ ਠੀਕਰੀਆਂ ਸਫਰ ਵਿਚ ਮੇਰੇ ਕੰਮ ਆਉਣਗੀਆਂ। ਇਹ ਸੁਣ ਕੇ ਕਾਰੂੰ ਬਾਦਸ਼ਾਹ ਬਹੁਤ ਜ਼ੋਰ ਜ਼ੋਰ ਨਾਲ ਹੱਸਣ ਲੱਗਾ ਅਤੇ ਕਹਿਣ ਲੱਗਾ ਕਿ ਕਦੀ ਠੀਕਰੀਆਂ ਵੀ ਕਿਸੇ ਦੇ ਕੰਮ ਆਈਆਂ ਹਨ। ਉਸ ਦਾ ਜਵਾਬ ਸੁਣ ਕੇ ਗੁਰੂ ਜੀ ਨੇ ਕਾਰੂੰ ਬਾਦਸ਼ਾਹ ਨੂੰ ਕਿਹਾ ਕਿ ਜਿਸ ਸਫਰ ਤੇ ਤੂੰ ਜਾਣਾ ਹੈ ਭਾਵ (ਮਰਨ ਤੋਂ ਬਾਅਦ) ਕੀ ਉਥੇ ਤੇਰਾ ਇਹ ਇਕੱਠਾ ਕੀਤਾ ਹੋਇਆ ਧਨ ਤੇਰੇ ਨਾਲ ਜਾਏਗਾ ? ਇਹ ਗੱਲ ਸੁਣ ਕੇ ਕਾਰੂੰ ਨੂੰ ਇਹ ਸਮਝ ਆ ਗਈ ਕਿ ਜਿੰਨੇ ਮਰਜ਼ੀ ਧਨ ਪਦਾਰਥ ਇਕੱਠੇ ਕਰ ਲਈਏ, ਸਾਡੀ ਭੁੱਖ ਕਦੇ ਨਹੀਂ ਮਰ ਸਕਦੀ, ਸਗੋਂ ਸਾਡੀ ਲਾਲਸਾ ਹੋਰ ਜਿਆਦਾ ਹੀ ਵਧੇਗੀ ਜਦਕਿ ਇਹ ਧਨ ਪਦਾਰਥ ਮਰਨ ਤੋਂ ਬਾਅਦ ਸਾਡੇ ਕਿਸੇ ਕੰਮ ਵੀ ਨਹੀਂ ਆਉਣੇ।

ਸਿੱਖਿਆ:-ਜਪੁ ਜੀ ਸਾਹਿਬ ਜੀ ਵਿਚ ਵੀ ਗੁਰੂ ਨਾਨਕ ਪਾਤਸ਼ਾਹ ਸਾਨੂੰ ਇਹੀ ਗੱਲ ਸਮਝਾਉਂਦੇ ਹਨ ਕਿ ਅਸੀਂ ਭਾਵੇਂ ਸਾਰੀ ਦੁਨੀਆ ਦੇ ਧਨ ਪਦਾਰਥ ਇਕੱਠੇ ਕਰ ਲਈਏ ਪਰ ਇਹ ਸਾਡੇ ਮਨ ਦੀ ਭੁੱਖ ਨੂੰ ਖਤਮ ਨਹੀਂ ਕਰ ਸਕਦੇ ਅਤੇ ਨਾ ਹੀ ਸਾਡੇ ਨਾਲ ਜਾਣਗੇ ।

# ਨਮਾਜ਼ ਵਾਲੀ ਸਾਖੀ

ਜਦੋਂ ਗੁਰੂ ਨਾਨਕ ਦੇਵ ਜੀ ਨੇ ਵੇਈਂ ਨਦੀ ਤੋਂ ਬਾਹਰ ਆਏ ਤਾਂ ਸਭ ਤੋਂ ਪਹਿਲਾਂ ਇਹ ਨਾਹਰਾ ਲਗਾਇਆ, "ਨਾ ਕੋਈ ਹਿੰਦੂ, ਨਾ ਮੁਸਲਮਾਨ।" ਗੁਰੂ ਜੀ ਨੇ ਕਿਹਾ ਕਿਹਾ ਕਿ ਸਾਨੂੰ ਹਿੰਦੂ ਮੁਸਲਮਾਨ ਵਾਲੇ ਵਿਤਕਰੇ ਨੂੰ ਛੱਡ ਕੇ ਪਰਮਾਤਮਾ ਨੂੰ ਹੀ ਸਾਰੀ ਲੋਕਾਈ ਵਿਚ ਦੇਖਣਾ ਚਾਹੀਦਾ ਹੈ।

ਜਦੋਂ ਸੁਲਤਾਨਪੁਰ ਦੇ ਕਾਜ਼ੀ ਅਤੇ ਨਵਾਬ ਨੇ ਗੁਰੂ ਜੀ ਦੀ ਇਹ ਗੱਲ ਸੁਣੀ ਤਾਂ ਕਹਿਣ ਲੱਗੇ, "ਗੁਰੂ ਜੀ! ਜੇ ਤੁਹਾਨੂੰ ਹਿੰਦੂਆਂ ਤੇ ਮੁਸਲਮਾਨਾਂ ਅੰਦਰ ਇਕੋ ਰੱਬ ਦਿੱਸਦਾ ਹੈ ਤਾਂ ਆਉ ਸਾਡੇ ਨਾਲ ਰਲ ਕੇ ਨਿਮਾਜ਼ ਪੜ੍ਹੋ।" ਗੁਰੂ ਜੀ ਨਵਾਬ ਤੇ ਕਾਜ਼ੀ ਨਾਲ ਤੁਰ ਪਏ।

ਮਸਜਿਦ ਵਿਚ ਸਾਰੇ ਮੁਸਲਮਾਨ ਇਕੱਠੇ ਹੋਏ। ਸਭ ਦੇ ਅੱਗੇ ਹੋ ਕੇ ਕਾਜ਼ੀ ਨੇ ਨਮਾਜ਼ ਪੜ੍ਹਨੀ ਸ਼ੁਰੂ ਕੀਤੀ। ਗੁਰੂ ਜੀ ਵੀ ਉਸਦੇ ਕੋਲ ਖੜ੍ਹੇ ਹੋ ਗਏ, ਤੇ ਕਾਜ਼ੀ ਦੇ ਚਿਹਰੇ ਨੂੰ ਪੜ੍ਹਣ ਲੱਗੇ। ਗੁਰੂ ਜੀ ਨੇ ਕਾਜ਼ੀ ਵੱਲ ਤੱਕਿਆ, ਤੱਕ ਕੇ ਹੱਸ ਪਏ। ਗੁਰੂ ਜੀ ਨੂੰ ਸਾਫ਼ ਦਿਸ ਰਿਹਾ ਸੀ ਕਿ ਕਾਜ਼ੀ ਦਾ ਮਨ ਉੱਥੇ ਹਾਜ਼ਰ ਨਹੀਂ ਸੀ। ਕਾਜ਼ੀ ਨੇ ਨਿਮਾਜ਼ ਖਤਮ ਹੋਣ ਤੋਂ ਬਾਅਦ ਨਵਾਬ ਅੱਗੇ ਸ਼ਿਕਾਇਤ ਕੀਤੀ ਕਿ ਗੁਰੂ ਜੀ ਨਿਮਾਜ਼ ਵਿਚ ਸ਼ਾਮਿਲ ਨਹੀਂ ਸੀ। ਜਦੋਂ ਨਵਾਬ ਨੇ ਗੁਰੂ ਜੀ ਤੋਂ ਪੁੱਛਿਆ ਕਿ ਤੁਸੀਂ ਨਿਮਾਜ਼ ਕਿਉਂ ਨਹੀਂ ਪੜ੍ਹੀ ਤੇ ਹੱਸਣ ਦਾ ਕੀ ਕਾਰਨ ਸੀ, ਤਾਂ ਗੁਰੂ ਜੀ ਨੇ ਉੱਤਰ ਦਿੱਤਾ, "ਮੈਂ ਨਿਮਾਜ਼ ਕਿਸ ਦੇ ਨਾਲ ਪੜ੍ਹਦਾ। ਕਾਜ਼ੀ ਸਾਹਿਬ ਮੂੰਹੋਂ ਤਾਂ ਨਿਮਾਜ਼ ਪੜ੍ਹ ਰਹੇ ਸਨ, ਪਰ ਇਹਨਾਂ ਦਾ ਮਨ ਨਿਮਾਜ਼ ਵਿਚ ਨਹੀਂ ਸੀ। ਇਹਨਾਂ ਦਾ ਮਨ ਤਾਂ ਘਰ ਪੁੱਜਾ ਹੋਇਆ ਸੀ ਕਿ ਕਿਧਰੇ ਨਵਾਂ ਜੰਮਿਆ ਵਛੇਰਾ ਵਿਹੜੇ ਵਿਚਲੀ ਖੂਹੀ ਵਿਚ ਨਾ ਡਿੱਗ ਪਵੇ।"

ਫਿਰ ਨਵਾਬ ਨੇ ਕਿਹਾ ਕਿ ਜੇ ਕਾਜ਼ੀ ਦਾ ਮਨ ਨਿਮਾਜ਼ ਵਿਚ ਨਹੀਂ ਸੀ ਤਾਂ ਤੁਸੀਂ ਮੇਰੇ ਨਾਲ ਨਿਮਾਜ਼ ਅਦਾ ਕਰ ਲੈਂਦੇ। ਗੁਰੂ ਜੀ ਨੇ ਮੁਸਕਰਾਉਂਦੇ ਹੋਏ ਨਵਾਬ ਨੂੰ ਕਿਹਾ ਕਿ ਨਵਾਬ ਸਾਹਿਬ ਤੁਹਾਡਾ ਮਨ ਵੀ ਨਿਮਾਜ਼ ਵਿਚ ਨਹੀਂ ਸੀ, ਤੁਹਾਡਾ ਮਨ ਤਾਂ ਕਾਬਲ ਜਾ ਕੇ ਘੋੜੇ ਖਰੀਦਣ ਵਿਚ ਰੁੱਝਾ ਹੋਇਆ ਸੀ। ਗੁਰੂ ਜੀ ਦੇ ਮੂੰਹੋਂ ਇਹ ਗੱਲਾਂ ਸੁਣ ਕੇ ਸਭ ਹੈਰਾਨ ਰਹਿ ਗਏ।

ਗੁਰੂ ਜੀ ਨੇ ਸਮਝਾਇਆ ਕਿ ਇਸ ਗੱਲ ਦਾ ਕੋਈ ਲਾਭ ਨਹੀਂ ਜੇਕਰ ਨਿਰੀ ਜੀਭ ਹੀ ਕੋਈ ਲਫ਼ਜ਼ ਪੜ੍ਹੀ ਜਾਏ। ਜੇ ਮਨ ਪ੍ਰਭੂ ਨਾਲ ਨਹੀਂ ਜੁੜਿਆ ਤਾਂ ਐਸੀ ਨਿਮਾਜ਼ ਸੱਚੀ ਕਿਵੇਂ ਹੋਈ? ਇਹ ਗੱਲ ਸਭ ਦੀ ਸਮਝ ਵਿਚ ਆ ਗਈ ਕਿ ਸੱਚੀ ਭਗਤੀ ਤਾਂ ਹੀ ਸਮਝੀ ਜਾ ਸਕਦੀ ਹੈ ਜੇ ਮਨ ਰੱਬ ਨਾਲ ਜੁੜਿਆ ਹੋਵੇ।

**ਸਿੱਖਿਆ: ਸੱਚੀ ਭਗਤੀ ਤਾਂ ਹੀ ਸਮਝੀ ਜਾ ਸਕਦੀ ਹੈ ਜੇ ਮਨ ਕੀਤੇ ਹੋਏ ਪਾਠ ਦੇ ਅਰਥਾਂ ਵਿਚ ਜੁੜਿਆ ਰਹੇ। ਕੇਵਲ ਮੂੰਹ ਤੋਂ ਪਾਠ ਕਰੀ ਜਾਣਾ ਤੇ ਮਨ ਨੂੰ ਪਾਠ ਵਿਚ ਨਾ ਲਗਾਉਣਾ ਇਹ ਪ੍ਰਭੂ ਦੀ ਸੱਚੀ ਭਗਤੀ ਨਹੀਂ।**

# ਥੜ੍ਹੇ ਬਣਾਉਣ ਵਾਲੀ ਸਾਖੀ

ਇਕ ਵਾਰ ਗੁਰੂ ਅਮਰਦਾਸ ਜੀ ਨੇ ਆਪਣੇ ਦੋਵੇਂ ਜਵਾਈਆਂ- ਭਾਈ ਰਾਮਾ ਜੀ ਤੇ ਭਾਈ ਜੇਠਾ ਜੀ ਨੂੰ ਥੜ੍ਹੇ ਬਣਾਉਣ ਲਈ ਹੁਕਮ ਕੀਤਾ। ਦੋਨਾਂ ਨੇ ਗੁਰੂ ਜੀ ਦੇ ਹੁਕਮ ਨੂੰ ਮੰਨਦੇ ਹੋਏ ਥੜ੍ਹੇ ਬਣਾਉਣੇ ਅਰੰਭ ਕੀਤੇ।

ਪਹਿਲੀ ਵਾਰ ਜੋ ਥੜ੍ਹੇ ਬਣਾਏ, ਉਹ ਗੁਰੂ ਜੀ ਦੇ ਪਸੰਦ ਨਾ ਆਏ ਤਾਂ ਉਨ੍ਹਾਂ ਨੇ ਥੜ੍ਹੇ ਦੁਬਾਰਾ ਬਣਾਉਣ ਦਾ ਹੁਕਮ ਕਰ ਦਿੱਤਾ। ਭਾਈ ਰਾਮਾ ਜੀ ਆਖਣ ਲੱਗੇ-'ਜਿਵੇਂ ਤੁਸੀਂ ਸਮਝਾਇਆ ਸੀ, ਮੈਂ ਤਾਂ ਉਵੇਂ ਹੀ ਥੜ੍ਹਾ ਬਣਾਇਆ ਹੈ ਇਸ ਵਿਚ ਕੋਈ ਕਮੀ ਨਹੀਂ ਹੈ।' ਇਸਦੇ ਉਲਟ ਭਾਈ ਜੇਠਾ ਜੀ ਨੇ ਗੁਰੂ ਹੁਕਮ ਨੂੰ ਸੁਣਦੇ ਸਾਰ ਹੀ ਥੜ੍ਹਾ ਢਾਹੁਣਾ ਸ਼ੁਰੂ ਕਰ ਦਿੱਤਾ ਅਤੇ ਥੜ੍ਹਾ ਠੀਕ ਨਾ ਬਣਨ ਲਈ ਗੁਰੂ ਜੀ ਤੋਂ ਮਾਫੀ ਵੀ ਮੰਗੀ।

ਦੂਸਰੇ ਦਿਨ ਜਦੋਂ ਦੁਬਾਰਾ ਥੜ੍ਹੇ ਬਣਾਏ ਗਏ ਤਾਂ ਗੁਰੂ ਜੀ ਨੇ ਫਿਰ ਕਿਹਾ ਕਿ ਠੀਕ ਨਹੀਂ ਬਣੇ, ਢਾਹ ਕੇ ਦੁਬਾਰਾ ਬਣਾਓ। ਇਹ ਗੱਲ ਸੁਣ ਕੇ ਭਾਈ ਰਾਮਾ ਜੀ ਨੇ ਤਿਲਮਿਲਾ ਕੇ ਕਿਹਾ ਜਿਵੇਂ ਤੁਸੀਂ ਕਿਹਾ ਸੀ ਉਵੇਂ ਹੀ ਤਾਂ ਬਣਾਇਆ ਹੈ। ਥੜ੍ਹਾ ਬੜਾ ਸ਼ਾਨਦਾਰ ਤੇ ਬੈਠਣਯੋਗ ਹੈ । ਲੋਕੀਂ ਤਾਂ ਖੂਬ ਸਿਫਤਾਂ ਕਰ ਰਹੇ ਹਨ । ਇਸ ਤੋਂ ਚੰਗਾ ਭਲਾ ਹੋਰ ਕੀ ਬਣ ਸਕਦਾ ਹੈ ? ਪਰ ਇਸ ਦੇ ਉਲਟ ਭਾਈ ਜੇਠਾ ਜੀ ਨੇ ਕਿਹਾ 'ਸਤਿਗੁਰੂ ਜੀ, ਮੇਰੀ ਮੱਤ ਹੀ ਥੋੜ੍ਹੀ ਹੈ । ਤੁਹਾਡੀ ਗੱਲ ਪੂਰੀ ਤਰ੍ਹਾਂ ਸਮਝ ਵਿਚ ਨਹੀਂ ਆਈ । ਪਿਛਲੀ ਗਲਤੀ ਮਾਫ਼ ਕਰ ਦਿਓ ਤੇ ਫਿਰ ਬਖਸ਼ਿਸ਼ ਕਰਕੇ ਸਮਝਾਉ ।

ਜਦੋਂ ਤੀਜੇ ਦਿਨ ਬਣਾਏ ਗਏ ਤਾਂ ਵੀ ਥੜ੍ਹੇ ਗੁਰੂ ਜੀ ਨੂੰ ਪਸੰਦ ਨਾ ਆਏ ਅਤੇ ਉਨ੍ਹਾਂ ਕਿਹਾ ਕਿ ਦੁਬਾਰਾ ਬਣਾਓ ਤਾਂ ਭਾਈ ਰਾਮਾ ਜੀ ਗੁੱਸੇ ਵਿਚ ਆ ਗਏ ਅਤੇ ਉੱਚੀ ਆਵਾਜ਼ ਵਿਚ ਕਹਿਣ ਲੱਗੇ-'ਜਿਵੇਂ ਹੁਕਮ ਕਰੀ ਜਾਂਦੇ ਹੋ, ਉਵੇਂ ਹੀ ਬਣਾਉਂਦਾ ਹਾਂ । ਇਸ ਤੋਂ ਚੰਗਾ ਹੋਰ ਕੌਣ ਬਣਾ ਸਕਦਾ ਹੈ ? ਆਪ ਜਿਵੇਂ ਕਹਿ ਜਾਂਦੇ ਹੋ, ਆਪ ਨੂੰ ਹੀ ਭੁੱਲ ਜਾਂਦਾ ਹੈ ਇਸ ਵਿਚ ਮੇਰਾ ਕੀ ਕਸੂਰ, ਹੁਣ ਇਸ ਨੂੰ ਨਾ ਢੁਆਉਣਾ। **ਪਰ ਨਿਮਰਤਾ ਦੇ ਪੁੰਜ ਭਾਈ ਜੇਠਾ ਜੀ ਨੇ ਸਤਿਗੁਰਾਂ ਦੇ ਚਰਨ ਫੜ ਲਏ ਤੇ ਕਿਹਾ ਕਿ ਮੈਂ ਤਾਂ ਅਨਜਾਣ ਹਾਂ, ਭੁੱਲਣਹਾਰ ਹਾਂ । ਤੁਸੀਂ ਕ੍ਰਿਪਾਲੂ ਹੋ । ਬਾਰ-ਬਾਰ ਭੁੱਲਾਂ ਬਖਸ਼ਦੇ ਹੋ । ਇਹ ਮੇਰੀ ਬਦਕਿਸਮਤੀ ਹੈ ਕਿ ਮੈਨੂੰ ਆਪ ਜੀ ਦੀ ਗੱਲ ਸਮਝ ਨਹੀਂ ਆਉਂਦੀ, ਫਿਰ ਸਮਝਾ ਦਿਉ, ਹੋਰ ਥੜ੍ਹਾ ਬਣਾ ਦਿਆਂਗਾ।**

ਭਾਈ ਜੇਠਾ ਜੀ ਦੀ ਗੱਲ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ ਕਿ ਇਸ ਦੀ ਸੇਵਾ ਮੈਨੂੰ ਪਸੰਦ ਆਈ ਹੈ । ਇਹ ਪ੍ਰੀਖਿਆ ਵਿਚੋਂ ਪਾਸ ਹੋਏ ਹਨ।

**ਸਿਖਿਆ: ਇਸ ਤੋਂ ਅਸੀਂ ਇਹ ਸਿਖਿਆ ਲੈਣੀ ਹੈ ਕਿ ਗੁਰੂ ਜੀ ਦਾ ਸੱਚਾ ਸਿਖ ਉਹੀ ਹੈ ਜੋ ਗੁਰੂ ਦੀ ਹਰ ਆਗਿਆ ਬਿਨਾਂ ਕਿੰਤੂ ਪ੍ਰੰਤੂ ਕੀਤਿਆ ਮਨੰਦਾ ਹੈ ਜਿਵੇਂ ਕਿ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੇ ਮੰਨੀ।**

| | ਜਪੁ ਜੀ ਸਾਹਿਬ – "ਸੋ ਦਰੁ" | ਰਹਰਾਸਿ ਸਾਹਿਬ – "ਸੋ ਦਰੁ" |
|---|---|---|
| 1. | ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ | ਸੋ ਦਰੁ **ਤੇਰਾ** ਕੇਹਾ ਸੋ ਘਰੁ ਕੇਹਾ ਜਿਤੁ |
| 2. | ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥ | ਵਾਜੇ **ਤੇਰੇ** ਨਾਦ ਅਨੇਕ ਅਸੰਖਾ ਕੇਤੇ **ਤੇਰੇ** ਵਾਵਣਹਾਰੇ॥ |
| 3. | ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥ | ਕੇਤੇ **ਤੇਰੇ** ਰਾਗ ਪਰੀ ਸਿਉ **ਕਹੀਅਹਿ** ਕੇਤੇ **ਤੇਰੇ** ਗਾਵਣਹਾਰੇ॥ |
| 4. | ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ | **ਗਾਵਨਿ ਤੁਧਨੋ ਪਵਣੁ** ਪਾਣੀ ਬੈਸੰਤਰੁ |
| 5. | ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥ | **ਗਾਵਨਿ ਤੁਧਨੋ** ਚਿਤੁ ਗੁਪਤੁ ਲਿਖਿ **ਜਾਣਨਿ** ਲਿਖਿ ਲਿਖਿ ਧਰਮੁ **ਬੀਚਾਰੇ**॥ |
| 6. | ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥ | **ਗਾਵਨਿ ਤੁਧਨੋ** ਈਸਰੁ ਬ੍ਰਹਮਾ ਦੇਵੀ ਸੋਹਨਿ **ਤੇਰੇ** ਸਦਾ ਸਵਾਰੇ॥ |
| 7. | ਗਾਵਹਿ ਇੰਦ ਇਦਾਸਣਿ ਬੈਠੇ | **ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ** ਬੈਠੇ |
| 8. | ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥ | **ਗਾਵਨਿ ਤੁਧਨੋ** ਸਿਧ ਸਮਾਧੀ ਅੰਦਰਿ ਗਾਵਨਿ **ਤੁਧਨੋ** ਸਾਧ **ਬੀਚਾਰੇ**॥ |
| 9. | ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥ | ਗਾਵਨਿ **ਤੁਧਨੋ** ਜਤੀ ਸਤੀ ਸੰਤੋਖੀ **ਗਾਵਨਿ ਤੁਧਨੋ** ਵੀਰ ਕਰਾਰੇ॥ |
| 10. | ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ | ਗਾਵਨਿ **ਤੁਧਨੋ** ਪੰਡਿਤ ਪੜਨਿ ਰਖੀਸੁਰ |
| 11. | ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥ | **ਗਾਵਨਿ ਤੁਧਨੋ** ਮੋਹਣੀਆ ਮਨੁ ਮੋਹਨਿ **ਸੁਰਗੁ** ਮਛੁ ਪਇਆਲੇ॥ |
| 12. | ਗਾਵਨਿ ਰਤਨ ਉਪਾਏ ਤੇਰੇ | ਗਾਵਨਿ **ਤੁਧਨੋ** ਰਤਨ ਉਪਾਏ ਤੇਰੇ |
| 13. | ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥ | **ਗਾਵਨਿ ਤੁਧਨੋ** ਜੋਧ ਮਹਾਬਲ ਸੂਰਾ **ਗਾਵਨਿ ਤੁਧਨੋ** ਖਾਣੀ ਚਾਰੇ॥ |
| 14. | ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥ | **ਗਾਵਨਿ ਤੁਧਨੋ** ਖੰਡ ਮੰਡਲ **ਬ੍ਰਹਮੰਡਾ** ਕਰਿ ਕਰਿ ਰਖੇ **ਤੇਰੇ** ਧਾਰੇ॥ |
| 15. | ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ | ਸੇਈ ਤੁਧਨੋ **ਗਾਵਨਿ** ਜੋ ਤੁਧੁ ਭਾਵਨਿ |
| 16. | ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥ | ਹੋਰਿ ਕੇਤੇ **ਤੁਧਨੋ** ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ **ਬੀਚਾਰੇ**॥ |
| 17 | ਕਰਿ ਕਰਿ ਵੇਖੈ ਕੀਤਾ ਆਪਣਾ ਜਿਵ | ਕਰਿ ਕਰਿ **ਦੇਖੈ** ਕੀਤਾ ਆਪਣਾ **ਜਿਉ** |
| 18. | ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ | ਜੋ ਤਿਸੁ ਭਾਵੈ ਸੋਈ ਕਰਸੀ **ਫਿਰਿ** |
| 19. | ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ | ਸੋ ਪਾਤਿਸਾਹੁ ਸਾਹਾ **ਪਤਿਸਾਹਿਬੁ** |

## ਉਹ 'ਨਾਮ' ਜਿਸ ਦਾ ਸਿਮਰਨ ਕੀਤਿਆਂ 'ਮੁੱਖ ਉਜਲਾ' ਅਤੇ 'ਕੇਤੀ ਛੁਟੀ ਨਾਲ' ਹੋ ਜਾਂਦੀ ਹੈ, ਉਸ 'ਨਾਮ ਸਿਮਰਨ' ਬਾਰੇ ਮਹਾਨ ਵਿਦਵਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਅਨਮੋਲ ਵਿਚਾਰ



- ਵਾਹਿਗੁਰੂ ਗੁਰ ਮੰਤਰ ਹੈ, ਇਸਦੇ ਸਿਮਰਨ ਨਾਲ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ।
- ਸਿਮਰਨ ਫੋਕਾ ਸਾਧਨ ਨਹੀਂ, ਇਹ ਪ੍ਰੀਤਿ ਦੀ ਰੀਤ ਹੈ। ਨਾਮ ਆਪ ਹੀ ਜਪਣਾ ਪੈਂਦਾ ਹੈ। ਜਿਹੜਾ ਰੋਟੀ ਖਾਏਗਾ ਉਹੀ ਰੱਜੇਗਾ। ਸਿਮਰਨ ਰਸਨਾ ਨਾਲ ਜਪਣਾ ਕਰਨਾ ਹੈ, ਫਿਰ ਇਹ ਆਪੇ ਹੀ ਹਿਰਦੇ ਵਿਚ ਲਹਿ ਜਾਂਦਾ ਹੈ। ਨਾਮ ਜਪਣ ਵਾਲੇ ਨੂੰ ਸਬਰ ਤੇ ਨਿਮਰਤਾ ਦੀ ਬੜੀ ਲੋੜ ਹੈ।
- ਸਿਮਰਨ ਨਾਲ ਪਹਿਲਾਂ ਮਨ ਦੀ ਮੈਲ ਉਤਰਦੀ ਹੈ ਤੇ ਇਨਸਾਨ ਬੁਰੇ ਕੰਮ ਕਰਨ ਤੋਂ ਸੰਕੋਚ ਕਰਦਾ ਹੈ।
- "ਵਾਹਿਗੁਰੂ-ਵਾਹਿਗੁਰੂ" ਕਰਨ ਨਾਲ ਸਾਡੇ ਮਨ ਤੇ ਹਰ ਹਾਲਤ ਵਿਚ ਅਸਰ ਹੁੰਦਾ ਹੈ। ਇਸ ਨਾਲ ਸਾਡੇ ਵਿਚ ਕੋਮਲਤਾ ਆ ਜਾਂਦੀ ਹੈ, ਚੰਗੇ ਮੰਦੇ ਦੀ ਤਮੀਜ਼ ਹੋ ਜਾਂਦੀ ਹੈ ਤੇ ਮਨ ਬੁਰਾਈ ਤੋਂ ਪ੍ਰਹੇਜ ਕਰਦਾ ਹੈ।
- ਸਿਮਰਨ ਪਹਿਲਾਂ ਮੈਲ ਕੱਟਦਾ ਹੈ, ਇਸ ਲਈ ਪਹਿਲਾਂ ਇਸ ਵਿਚ ਮਨ ਨਹੀਂ ਲੱਗਦਾ। ਜਦੋਂ ਮਨ ਨਿਰਮਲ ਹੋ ਜਾਂਦਾ ਹੈ ਤਾਂ ਸਿਮਰਨ ਵਿਚ ਰਸ ਆਉਣ ਲੱਗਦਾ ਹੈ, ਫਿਰ ਛੱਡਣ ਨੂੰ ਦਿਲ ਨਹੀਂ ਕਰਦਾ।
- ਮਨ ਚਾਹੇ ਨਾ ਵੀ ਟਿਕੇ, ਨਾਮ ਜਪਣਾ ਚਾਹੀਦਾ ਹੈ। ਜੇ ਨਾਮ ਜਪਦਿਆਂ ਮਨ ਜਰਾ ਵੀ ਟਿਕ ਜਾਵੇ ਤਾਂ ਥੋੜ੍ਹੀ ਗੱਲ ਨਹੀਂ, ਮਨ ਪੂਰਾ ਵੱਸ ਤਦ ਆਉਂਦਾ ਹੈ ਜਦ ਵਾਹਿਗੁਰੂ ਦੀ ਪੂਰਨ ਕ੍ਰਿਪਾਲਤਾ ਹੋਵੇ।
- ਮਨ ਟਿਕੇ ਜਾਂ ਨਾ ਟਿਕੇ, ਨਾਮ ਜਪਣਾ ਚਾਹੀਦਾ ਹੈ, ਜੋ ਲੱਗੇ ਰਹਿਣਗੇ, ਉਨ੍ਹਾਂ ਲਈ ਉਹ ਸਮਾਂ ਵੀ ਆਵੇਗਾ, ਜਦੋਂ ਮਨ ਦਾ ਟਿਕਾਓ ਪ੍ਰਾਪਤ ਹੋ ਜਾਵੇਗਾ।
- ਜੋ ਤੁਰੇ ਰਹਿਣਗੇ, ਭਾਵੇਂ ਮੱਧਮ ਚਾਲ ਹੀ, ਉਨ੍ਹਾਂ ਦੇ ਮੰਜ਼ਿਲ ਤੇ ਪਹੁੰਚਣ ਦੀ ਆਸ ਹੋ ਸਕਦੀ ਹੈ।
- ਸਿਮਰਨ ਵਿਚ ਸੁਆਦ ਨਹੀਂ ਆਉਂਦਾ ਤਾਂ ਗੁਰੂ ਜਾਣੇ, ਜੋ ਸੁਆਦ ਨਹੀਂ ਦੇਂਦਾ। ਬੰਦੇ ਦਾ ਧਰਮ ਹੈ ਬੰਦਗੀ ਕਰਨਾ। ਸਦਾ ਰਸ ਤੇ ਹੱਕ ਨਹੀਂ। ਰਸ ਤਾਂ ਕਦੇ-ਕਦੇ ਗੁਰੂ ਝਲਕਾਰਾ ਮਾਰ ਕੇ ਦੇਂਦਾ ਹੈ ਤਾਂ ਕਿ ਬੱਚੇ ਡੋਲ ਨਾ ਜਾਣ।
- ਨਾਮ ਪਾਪ ਤੇ ਦੁੱਖ ਕੱਟਦਾ ਹੈ। ਸਿਮਰਨ ਦੇਹ ਨੂੰ ਵੀ ਅਰੋਗ ਕਰਦਾ ਹੈ ਤੇ ਵਾਹਿਗੁਰੂ ਦੇ ਨੇੜੇ ਵੀ ਲੈ ਜਾਂਦਾ ਹੈ, ਇਸ ਨਾਲ ਅਸੀਂ ਅੰਤਰਮੁਖੀ ਹੁੰਦੇ ਹਾਂ।
- ਨਾਮ ਜਪਦੇ ਹੋਏ ਨਿਰਮਾਣਤਾ ਵਿਚ ਰਹੋ। ਨਾਮ ਵੀ ਵਾਹਿਗੁਰੂ ਦੀ ਦਾਤ ਹੈ, ਇਹ ਸਮਝ ਕੇ ਕਰਾਂਗੇ ਤਾਂ ਨਿਰਮਾਣਤਾ ਵਿਚ ਰਹਾਂਗੇ। ਨਾਮੀ ਪੁਰਸ਼ ਦੀ ਅਰਦਾਸ ਵਿਚ ਸ਼ਕਤੀ ਆ ਜਾਂਦੀ ਹੈ, ਜਦੋਂ ਕੁਝ ਬਰਕਤ ਆ ਜਾਵੇ ਤਾਂ ਸਿੱਖ ਦੁਨੀਆ ਤੋਂ ਖਬਰਦਾਰ ਰਹੇ, ਕਿਉਂਕਿ ਦੁਨੀਆ ਉਸ ਨੂੰ ਆਪਣੇ ਮਤਲਬ ਲਈ ਵਰਤੇਗੀ। ਇਸ ਨਾਲ ਆਦਮੀ ਨਾਮ ਤੋਂ ਟੁੱਟਦਾ ਹੈ।
- ਨਾਮ ਜਪਦੇ ਹੋਏ ਰਿਧੀਆਂ ਸਿਧੀਆਂ ਆ ਜਾਦੀਆਂ ਹਨ। ਨਾਮ ਜਪਣ ਵਾਲੇ ਨੇ ਉਨ੍ਹਾਂ ਦੇ ਵਿਖਾਵੇ ਤੋਂ ਬਚਣਾ ਹੈ ਤਾਂ ਕਿ ਹਉਮੈ ਨਾ ਆਵੇ। ਹਉਮੈ ਆਈ ਤਾਂ ਨਾਮ ਦਾ ਰਸ ਟੁੱਟ ਜਾਵੇਗਾ।
- ਰਿਧੀਆਂ-ਸਿਧੀਆਂ ਵਾਲਾ ਵੱਡਾ ਨਹੀਂ, ਵੱਡਾ ਉਹ ਹੈ ਜਿਸਨੂੰ ਨਾਮ ਦਾ ਰਸ ਆਇਆ ਹੈ ਤੇ ਨਾਮ ਜਿਸਦੇ ਜੀਵਨ ਦਾ ਆਧਾਰ ਬਣ ਗਿਆ ਹੈ।
- ਵਾਹਿਗੁਰੂ ਦਾ ਇਕ ਵਾਰ ਨਾਮ ਲੈ ਕੇ ਜੇ ਫਿਰ ਵਾਹਿਗੁਰੂ ਕਹਿਣ ਨੂੰ ਮਨ ਕਰੇ ਤਾਂ ਇਹ ਸਮਝੋ ਕਿ ਸਿਮਰਨ ਸਫਲ ਹੋ ਰਿਹਾ ਹੈ ਤੇ ਮੈਲ ਕੱਟ ਰਹੀ ਹੈ।
- ਰਸਨਾ ਨਾਲ ਇਕ ਵਾਰ ਵਾਹਿਗੁਰੂ ਕਹਿਣ ਨਾਲ ਜੇ ਦੂਜੀ ਵਾਰ ਕਹਿਣ ਨੂੰ ਜੀਅ ਕਰੇ ਤਾਂ ਚਾਰ ਵਾਰ ਵਾਹਿਗੁਰੂ ਦਾ ਸ਼ੁਕਰ ਕਰੋ, ਜੋ ਉਸਨੇ ਤੁਹਾਨੂੰ ਨਾਮ ਬਖਸ਼ਿਆ ਹੈ ਤੇ ਨਾਮ ਪਿਆਰਾ ਲੱਗਾ ਹੈ।
- ਵਾਹਿਗੁਰੂ ਦਾ ਨਾਮ ਜਪਣਾ ਇਕ ਬਹੁਤ ਵੱਡੀ ਨਿਆਮਤ ਹੈ, ਜੋ ਵਾਹਿਗੁਰੂ ਦੀ ਆਪਣੀ ਮਿਹਰ ਨਾਲ ਪ੍ਰਾਪਤ ਹੁੰਦੀ ਹੈ। ਜਦੋਂ ਵਾਹਿਗੁਰੂ ਜਪੋ ਤਾਂ ਉਸਦਾ ਸ਼ੁਕਰ ਕਰੋ, ਜੋ ਨਾਮ ਜਪਾ ਰਿਹਾ ਹੈ।
- ਜਦ ਸੁਰਤ ਚੜ੍ਹਦੀ ਕਲਾ ਵਿਚ ਹੋਵੇ ਤਾਂ ਮਾਣ ਨਹੀਂ ਕਰਨਾ, ਇਸ ਨੂੰ ਵਾਹਿਗੁਰੂ ਦੀ ਮਿਹਰ ਸਮਝਣਾ ਹੈ।ਜਦੋਂ ਵਾਹਿਗੁਰੂ ਦਾ ਰਸ ਆਉਣ ਲੱਗਦਾ ਹੈ ਤਾਂ ਕਈ ਲੋਕ ਹੰਕਾਰ ਕਰਨ ਲੱਗ ਪੈਂਦੇ ਹਨ। ਇਹ ਪਰਮਾਰਥ ਦੇ ਰਸਤੇ ਵਿਚ ਰੁਕਾਵਟ ਹੈ, ਇਸ ਤੋਂ ਬਚਣਾ ਚਾਹੀਦਾ ਹੈ।



ਪੰਥ ਦੇ ਮਹਾਨ
ਵਿਦਵਾਨ ਭਾਈ ਸਾਹਿਬ
ਭਾਈ ਵੀਰ ਸਿੰਘ ਜੀ

# ਭਾਈ ਵੀਰ ਸਿੰਘ ਅਕੈਡਮੀ

ਭਾਈ ਵੀਰ ਸਿੰਘ ਅਕੈਡਮੀ ਦੀ ਸਥਾਪਨਾ 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ, ਖੰਨੇ ਵਾਲਿਆਂ ਵਲੋਂ 26 ਜੁਲਾਈ ਸੰਨ 2006 ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਅੰਮ੍ਰਿਤ ਵੇਲੇ ਅਰਦਾਸ ਕਰਕੇ ਕੀਤੀ ਗਈ।



ਭਾਈ ਸਾਹਿਬ
ਭਾਈ ਜਸਬੀਰ ਸਿੰਘ ਜੀ
ਅਕੈਡਮੀ ਦੇ ਸੰਸਥਾਪਕ

## ਅਕੈਡਮੀ ਦਾ ਮੁੱਖ ਉਦੇਸ਼

ਭਾਈ ਵੀਰ ਸਿੰਘ ਅਕੈਡਮੀ ਦਾ ਮੁੱਖ ਉਦੇਸ਼ ਬੱਚਿਆਂ ਵਿਚ ਗੁਰਸਿੱਖੀ ਸਿਧਾਂਤਾਂ ਨੂੰ ਦ੍ਰਿੜ ਕਰਵਾਉਣਾ ਹੈ ਤਾਂਕਿ ਜਿਥੇ ਬੱਚੇ ਆਪ ਗੁਰਸਿੱਖੀ ਵਿਚ ਪਰਪੱਕ ਹੋਣ, ਉਥੇ ਆਪਣੇ ਨਾਲ ਦੇ ਹਾਣੀ ਬੱਚਿਆਂ ਨੂੰ ਵੀ ਗੁਰਸਿੱਖੀ ਦੀ ਪ੍ਰੇਰਨਾ ਦੇ ਸਕਣ। ਉਨ੍ਹਾਂ ਦੇ ਜਿਹੜੇ ਸਾਥੀ ਬੱਚੇ ਪਤਿਤਪੁਣੇ ਦਾ ਸ਼ਿਕਾਰ ਹੋ ਚੁੱਕੇ ਹਨ, ਉਨ੍ਹਾਂ ਨੂੰ ਪ੍ਰੇਰਨਾ ਦੇ ਕੇ ਸਿੱਖ ਪੰਥ ਵਿਚ ਵਾਪਸ ਲੈ ਕੇ ਆਉਣ ਅਤੇ 'ਘਰ ਵਾਪਸੀ' ਲਹਿਰ ਨੂੰ ਹੋਰ ਪ੍ਰਚੰਡ ਕਰਨਾ।

## ਅਕੈਡਮੀ ਦੀਆਂ ਬ੍ਰਾਂਚਾਂ

ਇਸ ਅਕੈਡਮੀ ਦੀ ਪਹਿਲੀ ਬ੍ਰਾਂਚ ਸਿੱਖ ਮਿਸ਼ਨਰੀ ਕਾਲਜ ਦੇ ਸਹਿਯੋਗ ਨਾਲ ਜਲੰਧਰ ਵਿਖੇ ਸੰਨ 2006 ਵਿਚ ਅਰੰਭੀ ਗਈ। 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ, ਖੰਨੇ ਵਾਲਿਆਂ ਦੁਆਰਾ ਅਰੰਭੇ ਗਏ ਇਸ ਕਾਰਜ ਨੂੰ ਅੱਗੇ ਵਧਾਉਂਦਿਆਂ ਹੋਇਆਂ ਭਾਈ ਸਾਹਿਬ ਭਾਈ ਦਵਿੰਦਰ ਸਿੰਘ ਜੀ ਖ਼ਾਲਸਾ, ਖੰਨੇ ਵਾਲਿਆਂ ਵਲੋਂ ਅਕੈਡਮੀ ਦੀਆਂ ਹੋਰ ਬ੍ਰਾਂਚਾਂ ਚੀਫ ਖ਼ਾਲਸਾ ਦੀਵਾਨ ਦੇ ਸਹਿਯੋਗ ਨਾਲ ਅੰਮ੍ਰਿਤਸਰ ਅਤੇ ਲੁਧਿਆਣਾ ਵਿਖੇ ਖੋਲੀਆਂ ਗਈਆਂ। ਅਕੈਡਮੀ ਦੀਆਂ ਹੋਰ ਬ੍ਰਾਂਚਾਂ ਐਮ.ਜੀ.ਐਨ ਐਜੂਕੇਸ਼ਨ ਟਰੱਸਟ, ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਅਤੇ ਭਾਈ ਸਾਹਿਬ ਰਣਧੀਰ ਸਿੰਘ ਐਜੂਕੇਸ਼ਨਲ ਸੁਸਾਇਟੀ ਦੇ ਸਹਿਯੋਗ ਨਾਲ ਜਲੰਧਰ ਅਤੇ ਲੁਧਿਆਣਾ ਵਿਖੇ ਸਥਾਪਿਤ ਹੋ ਚੁੱਕੀਆਂ ਹਨ।

## ਕੋਰਸ ਦਾ ਸਮਾਂ ਤੇ ਸਿਲੇਬਸ ਆਦਿ

ਇਸ ਅਕੈਡਮੀ ਵਿਚ ਬੱਚਿਆਂ ਨੂੰ ਦੋ ਸਾਲਾ ਗੁਰਮਤਿ ਕੋਰਸ ਕਰਵਾਇਆ ਜਾਂਦਾ ਹੈ ਜਿਸ ਵਿਚ ਗੁਰਬਾਣੀ, ਸਿੱਖ ਫ਼ਿਲਾਸਫ਼ੀ, ਸਿੱਖ ਇਤਿਹਾਸ ਅਤੇ ਸਿੱਖ ਰਹਿਤ ਮਰਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਕਿ ਉਨ੍ਹਾਂ ਅੰਦਰ ਸਿੱਖੀ ਸਿਧਾਂਤ ਦ੍ਰਿੜ ਹੋ ਸਕਣ ਅਤੇ ਉਨ੍ਹਾਂ ਅੰਦਰ ਸਿੱਖੀ ਦਾ ਇਹ ਜ਼ਜ਼ਬਾ ਪੈਦਾ ਕੀਤਾ ਜਾ ਸਕੇ ਕਿ "ਸਿਰ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ ਨਾ ਜਾਏ"। ਬੱਚਿਆਂ ਨੂੰ ਇਹ ਗੱਲ ਵੀ ਸਿਖਾਈ ਜਾਂਦੀ ਹੈ ਕਿ ਉਨ੍ਹਾਂ ਨੇ "ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ" ਦੇ ਸਿਧਾਂਤ ਤੇ ਪਹਿਰਾ ਦੇਣਾ ਹੈ ਅਤੇ 'ਸਰਬੱਤ ਦੇ ਭਲੇ' ਦੇ ਮਿਸ਼ਨ ਤੇ ਤੁਰ ਕੇ ਉਸਾਰੂ ਕੰਮ ਕਰਨੇ ਹਨ।

## ਫ਼ੀਸ ਰਹਿਤ ਸਿੱਖਿਆ ਤੇ ਉਤਸ਼ਾਹ ਹੇਤੂ ਨਕਦ ਇਨਾਮ

ਇਹ ਸਾਰੀ ਵਿੱਦਿਆ ਬੱਚਿਆਂ ਨੂੰ ਮੁਫ਼ਤ ਦਿੱਤੀ ਜਾਂਦੀ ਹੈ। ਸੈਸ਼ਨ ਦੀ ਸਮਾਪਤੀ ਤੇ ਹਰੇਕ ਸ਼ਹਿਰ ਵਿਚ ਸਥਾਪਿਤ ਕੀਤੀਆਂ ਗਈਆਂ ਬ੍ਰਾਂਚਾਂ ਦੁਆਰਾ ਬੱਚਿਆਂ ਨੂੰ ਦਿਲ ਖਿੱਚਵੇਂ ਨਕਦ ਇਨਾਮ ਵੀ ਦਿੱਤੇ ਜਾਂਦੇ ਹਨ।

## ਪ੍ਰਾਪਤੀਆਂ

ਸਾਨੂੰ ਇਹ ਗੱਲ ਸਾਂਝਿਆਂ ਕਰਦਿਆਂ ਹੋਇਆਂ ਪ੍ਰਸੰਨਤਾ ਹੁੰਦੀ ਹੈ ਕਿ ਇਸ ਅਕੈਡਮੀ ਵਿਚ ਪੜ੍ਹੇ ਹੋਏ ਬੱਚੇ ਹੁਣ ਵੱਡੇ ਅਹੁਦਿਆਂ ਤੇ ਪਹੁੰਚ ਚੁੱਕੇ ਹਨ ਅਤੇ ਜਿਥੇ ਉਹ ਆਪ ਗੁਰਸਿੱਖੀ ਵਿਚ ਪਰਪੱਕ ਹਨ, ਉੱਥੇ ਹੋਰਨਾਂ ਨੂੰ ਵੀ ਸਮੇਂ ਸਮੇਂ ਤੇ ਗੁਰਸਿੱਖੀ ਸਿਧਾਂਤਾਂ ਬਾਰੇ ਦ੍ਰਿੜਤਾ ਕਰਵਾਉਂਦੇ ਰਹਿੰਦੇ ਹਨ।


**ਭਾਈ ਵੀਰ ਸਿੰਘ ਅਕੈਡਮੀ,**

9-ਏ ਲਿੰਕ ਕਲੋਨੀ, ਜਲੰਧਰ

93572-04756, 98721-23452, 98889-27279

www.bhaiveersinghacademy.com